# ਬਾਰਹਮਾਹਾ (ਮਹੀਨਾ ਅੱਸੂ)

*ਡਾ. ਜਗਜੀਤ ਸਿੰਘ*

ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਵਿਚ ਉਚਾਰਨ ਕੀਤੇ ਬਾਰਹਮਾਹਾ ਵਿਚੋਂ ਅੱਸੂ ਮਹੀਨੇ ਦਾ ਪਾਠ ਤੇ ਉਸਦੀ ਸਰਲ ਵਿਆਖਿਆ –

***ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥ ਮਨਿ ਤਨਿ ਪਿਆਸ ਦਰਸਨ ਘਣੀ***
***ਕੋਈ ਆਣਿ ਮਿਲਾਵੈ ਮਾਇ॥*** ***ਪੰਨਾ – 135***

ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿਛੋਂ ਅੱਸੂ ਦੇ ਮਹੀਨੇ ਵਿਚ ਰੁੱਤ ਮਿਠੀ ਹੋ ਜਾਂਦੀ ਹੈ। ਇਸ ਸੁਹਾਵਣੀ ਰੁੱਤ ਵਿਚ ਜੀਵ-ਇਸਤ੍ਰੀ ਦੇ ਅੰਦਰ ਪ੍ਰਭੂ-ਪਤੀ ਪਿਆਰ ਦਾ ਉਛਾਲਾ ਉਠਦਾ ਹੈ। ਉਸ ਦਾ ਮਨ ਤੜਫ ਉਠਦਾ ਹੈ ਕਿ ਕਿਸੇ ਤਰ੍ਹਾਂ ਹਰਿ ਪਤੀ ਨੂੰ ਜਾ ਮਿਲਾਂ। ਉਹ ਬਿਰਹਾ ਕੁੱਠੀ ਇਸਤ੍ਰੀ ਵਿਰਲਾਪ ਕਰਦੀ ਹੈ ਕਿ ਮੇਰੇ ਮਨ ਤੇ ਤਨ ਵਿਚ ਪ੍ਰਭੂ ਦਰਸ਼ਨਾਂ ਦੀ ਬੜੀ ਪਿਆਸ ਲੱਗੀ ਹੋਈ ਹੈ। ਆਪਣਾ ਦੁਖ ਮਾਂ ਨਾਲ ਸਾਂਝਾ ਕਰਦੀ ਕਹਿੰਦੀ ਹੈ ਕਿ ਹੇ ਮੇਰੀ ਮਾਂ! ਕੋਈ ਐਸਾ ਪ੍ਰਭੂ-ਭਗਤ ਹੈ ਜੋ ਮੇਰਾ ਉਸ ਨਾਲ ਮੇਲ ਕਰਵਾ ਦੇਵੇ?

***ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥***
***ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥***
***ਪੰਨਾ – 135***

ਜੀਵ-ਰੂਪੀ-ਇਸਤ੍ਰੀ ਨੂੰ ਕਨਸੋਅ ਪੈਂਦੀ ਹੈ ਕਿ ਪ੍ਰਭੂ ਪਿਆਰ ਅਤੇ ਮਿਲਾਪ ਵਿਚ ਉਸ ਦੇ ਪਿਆਰ ਕਰਨ ਵਾਲੇ ਸੰਤ-ਜਨ ਸਹਾਇਤਾ ਕਰਿਆ ਕਰਦੇ ਹਨ ਤਾਂ ਉਹ ਉਨ੍ਹਾਂ ਦੀ ਚਰਨੀਂ ਲਗਦੀ ਹੈ, ਸ਼ਰਨ ਵਿਚ ਜਾਂਦੀ ਹੈ, ਪ੍ਰੇਮ-ਦਰਸ਼ਨ ਲਈ ਬੇਨਤੀ ਕਰਦੀ ਹੈ। ਉਸ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਪ੍ਰਭੂ-ਮਿਲਾਪ ਤੋਂ ਬਿਨਾਂ ਕਿਤੋਂ ਹੋਰ ਸੁਖ ਸ਼ਾਂਤੀ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਸੁਖ ਅਨੰਦ ਪ੍ਰਾਪਤੀ ਦੀ ਕੋਈ ਹੋਰ ਥਾਂ ਹੀ ਨਹੀਂ।

***ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥***
***ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥***
***ਪੰਨਾ – 135***

ਜਿਨ੍ਹਾਂ ਵਡਭਾਗੀਆਂ ਨੇ ਇਕ ਵਾਰੀ ਪ੍ਰਭੂ ਪਿਆਰ ਦਾ ਸੁਆਦ ਮਾਣ ਲਿਆ ਹੈ, ਉਨ੍ਹਾਂ ਦੇ ਅੰਦਰ ਪੂਰਨ ਤ੍ਰਿਪਤੀ ਹੋ ਜਾਂਦੀ ਹੈ, ਉਹ ਅੰਦਰੋਂ ਰੱਜ ਜਾਂਦੇ ਹਨ, ਮਾਇਆ ਦੇ ਸਭ ਰਸ ਸੁਆਦ ਉਨ੍ਹਾਂ ਨੂੰ ਭੁੱਲ ਜਾਂਦੇ ਹਨ। ਉਹ ਪ੍ਰੇਮ ਰਸ ਮੁਗਧ ਹੋਏ ਆਪਾ ਭਾਵ ਛੱਡ ਕੇ ਪ੍ਰਭੂ ਪਾਸ ਅਰਦਾਸਾਂ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈਂ ਰੱਖੀਂ, ਵਿਛੋੜੀਂ ਨਾ, ਪਿਆਰ ਦੀ ਦਾਤ ਬਖਸ਼ਿਸ਼ ਹੁੰਦੀ ਰਹੇ।

***ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥***
***ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥***
***ਪੰਨਾ – 135***

ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਨੇ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲਿਆ ਹੈ, ਉਹ ਪ੍ਰਭੂ ਪਿਆਰ ਨੂੰ ਛੱਡ ਕੇ ਮੁੜ ਕਿਤੇ ਹੋਰ ਨਹੀਂ ਭਟਕਦੀ, ਸਦਾ ਸੁਹਾਗਣ ਬਣੀ ਰਹਿੰਦੀ ਹੈ। ਉਸਨੂੰ ਪੂਰਨ ਤੌਰ ਤੇ ਨਿਸ਼ਚਾ ਹੋ ਜਾਂਦਾ ਹੈ ਕਿ ਸਦੀਵੀ ਸੁਖ-ਅਨੰਦ ਵਾਸਤੇ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ। ਇਸ ਲਈ ਉਹ ਸਦਾ ਹੀ ਪ੍ਰਭੂ ਦੀ ਸ਼ਰਨ ਪਈ ਰਹਿੰਦੀ ਹੈ।

***ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥***
***ਪੰਨਾ – 135***

ਅਸੂ ਦੀ ਮਿੱਠੀ ਮਿੱਠੀ ਰੁੱਤ ਵਿਚ ਉਹ ਜੀਵ ਇਸਤ੍ਰੀਆਂ ਸੁਖ ਵਿਚ ਵਸਦੀਆਂ ਹਨ ਜਿਨ੍ਹਾਂ ਉਤੇ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ।

ਰਾਗ ਤੁਖਾਰੀ ਵਿਚ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਬਾਰਹਮਾਹਾ ਵਿਚੋਂ ਅਸੂ ਮਹੀਨੇ ਦਾ ਪਾਠ ਅਤੇ ਸਰਲ ਵਿਆਖਿਆ।

***ਰਾਗ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ***

***ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥***
***ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥***
***ਪੰਨਾ – 1108***

ਭਾਦਰੋਂ ਦਾ ਘੁੰਮਾ ਤੇ ਤ੍ਰਾਟਕਾ ਖਤਮ ਹੋਇਆ। ਰੁੱਤ ਫਿਰ ਗਈ। ਹੁਣ ਅਸੂ ਦੀ ਮਿੱਠੀ ਸੁਹਾਵਣੀ ਰੁੱਤ ਆ ਗਈ ਹੈ। ਅੱਸੂ ਦੀ ਇਸ ਮਿੱਠੀ ਰੁੱਤ ਵਿਚ ਜੀਵ ਇਸਤ੍ਰੀ ਦੇ ਦਿਲ ਵਿਚ ਪ੍ਰਭੂ ਪਤੀ ਨੂੰ ਮਿਲਣ ਦੀ ਤੀਬਰ ਤਾਂਘ ਪੈਦਾ ਹੁੰਦੀ ਹੈ। ਉਹ ਬੇਨਤੀ ਕਰਦੀ ਹੈ, ਹੇ ਪ੍ਰਭੂ ਪਤੀ! ਮੇਰੇ ਹਿਰਦੇ ਵਿਚ ਆ ਵਸ। ਮੈਂ ਤੈਥੋਂ ਵਿਛੜ ਕੇ ਹਾਉਕੇ ਲੈ ਲੈ ਕੇ ਆਤਮਿਕ ਮੌਤੇ ਮਰ ਰਹੀ ਹਾਂ, ਮਾਇਕ ਪਦਾਰਥਾਂ ਦੇ ਮੋਹ ਵਿਚ ਫਸ ਕੇ ਮੈਂ ਔਝੜ ਪਈ ਹੋਈ ਹਾਂ। ਇਸ ਵਿਚੋਂ ਨਿਕਲਣ ਲਈ ਮੇਰੇ ਵਿਚ ਸਮਰਥਾ ਨਹੀਂ ਹੈ। ਹੇ ਪ੍ਰਭੂ! ਤੈਨੂੰ ਤਦੋਂ ਹੀ ਮਿਲ ਸਕੀਦਾ ਹੈ ਜੇ ਤੂੰ ਆਪ ਕ੍ਰਿਪਾ ਕਰਕੇ ਮਿਲਾਪ ਬਖਸ਼ਿਸ਼ ਕਰੇਂ। ਹਉਂ ਆਸਰੇ ਇਹ ਮਿਲਾਪ ਸੰਭਵ ਨਹੀਂ। ਗੁਰੂ-ਆਸਰੇ, ਪ੍ਰਭੂ ਆਸਰੇ ਹੀ ਮਿਲਾਪ ਪ੍ਰਾਪਤ ਹੋ ਸਕਦਾ ਹੈ।

***ਝੂਠ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥***
***ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ।।***
***ਪੰਨਾ – 1108***

(ਬਾਕੀ ਪੰਨਾ 35 ਤੇ)

# ਸੰਪਾਦਕੀ

***ਡਾ. ਜਗਜੀਤ ਸਿੰਘ***

ਸਤੰਬਰ 2003 ਤੋਂ ਸਤੰਬਰ 2004 ਤੀਕ ਇਕ ਸਾਲ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਉਤਸਵ ਸਾਰੇ ਸਿੱਖ ਜਗਤ ਵਿਚ ਮਨਾਇਆ ਜਾ ਰਿਹਾ ਹੈ। ਪਿਛਲੇ ਅੱਠ ਸਾਲਾਂ ਤੋਂ ਵੱਧ ਸਮੇਂ ਵਿਚ ਆਤਮ ਮਾਰਗ ਨੇ ਦੇਸ ਪ੍ਰਦੇਸ ਦੀਆਂ ਸੰਗਤਾਂ ਦੀ ਸੇਵਾ ਕੀਤੀ ਹੈ। ਹੁਣ ਤਕ ਆਤਮ ਮਾਰਗ ਦੇ 100 ਤੋਂ ਵੱਧ ਅੰਕ ਪ੍ਰਕਾਸ਼ਤ ਹੋ ਚੁੱਕੇ ਹਨ ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੰਦੇਸ਼ਾਂ ਨੂੰ ਹੀ ਦਰਸਾਇਆ ਗਿਆ ਹੈ। ਮਹਾਂਪੁਰਸ਼ਾਂ ਦਾ ਜੀਵਨ ਆਦਰਸ਼ ਵੀ ਗੁਰਬਾਣੀ ਦਾ ਸੁਣਨਾ, ਮੰਨਣਾ ਅਤੇ ਨਿਧਿਆਸਣ ਸੀ, ਇਸ ਦੇ ਪ੍ਰਚਾਰ ਪ੍ਰਸਾਰ ਹਿਤ ਹੀ ਉਹ ਸਾਰਾ ਜੀਵਨ ਕਿਰਿਆਸ਼ੀਲ ਰਹੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਪਰੰਤ ਇਸ ਦਾ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਕਾਸ਼ 30 ਅਗਸਤ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਇਸ ਦੇ ਪਹਿਲੇ ਗ੍ਰੰਥੀ ਥਾਪੇ ਗਏ। ਗੁਰੂ ਜੀ ਦੀ ਆਗਿਆ ਅਨੁਸਾਰ ਪਹਿਲਾ ਹੁਕਮਨਾਮਾ ਲਿਆ ਗਿਆ। ਫੁਰਮਾਨ ਸੀ-

***ਸੂਹੀ ਮਹਲਾ ੫***
***ਸੰਤਾ ਕੇ ਕਾਰਜਿ ਆਪਿ ਖਲੋਇਆ***
***ਹਰਿ ਕੰਮੁ ਕਰਾਵਣਿ ਆਇਆ ਰਾਮ॥***
***ਧਰਤਿ ਸੁਹਾਵੀ ਤਾਲੁ ਸੁਹਾਵਾ***
***ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥***
***ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ***
***ਸਗਲ ਮਨੋਰਥ ਪੂਰੇ॥***
***ਜੈ ਜੈ ਕਾਰੁ ਭਇਆ ਜਗ ਅੰਤਰਿ***
***ਲਾਥੇ ਸਗਲ ਵਿਸੂਰੇ॥***
***ਪੂਰਨ ਪੁਰਖ ਅਚੁਤ ਅਬਿਨਾਸੀ***
***ਜਸੁ ਵੇਦ ਪੁਰਾਣੀ ਗਾਇਆ॥***
***ਅਪਨਾ ਬਿਰਦੁ ਰਖਿਆ ਪਰਮੇਸਰਿ***
***ਨਾਨਕ ਨਾਮੁ ਧਿਆਇਆ॥ ਪੰਨਾ - 783***

ਅੰਮ੍ਰਿਤ ਸਰੋਵਰ ਵਿਚ ਸਥਿਤ ਸ੍ਰੀ ਹਰਿਮੰਦਰ ਸਾਹਿਬ, ਗੁਰੂ ਅਰਜਨ ਦੇਵ ਜੀ ਦੀ ਮਨੁੱਖਤਾ ਨੂੰ ਪਹਿਲੀ ਅਦੁੱਤੀ ਦੇਣ ਸੀ ਜਿਸ ਦੇ ਚਾਰ ਦਰਵਾਜ਼ੇ ਨਾ ਕੇਵਲ ਹਿੰਦੂ ਸਮਾਜ ਦੇ ਸਭ ਵਰਗਾਂ - ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼ ਨੂੰ ਸਾਂਝੇ ਧਰਮ-ਅਸਥਾਨ ਵਿਚ ਜੀ-ਆਇਆਂ ਕਹਿ ਰਹੇ ਸਨ, ਸਗੋਂ ਇਸ ਦੇ ਨਾਲ ਹੀ ਪ੍ਰਸਿੱਧ ਸੂਫੀ ਫਕੀਰ ਹਜ਼ਰਤ ਮੀਆਂ ਮੀਰ ਜੀ ਤੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣ ਦੀ ਕਿਰਿਆ ਨੇ ਮੁਸਲਮਾਨ ਵੀਰਾਂ ਨੂੰ ਵੀ ਇਸ ਮੰਦਰ ਦੀ ਸਾਂਝੀਵਾਲਤਾ ਵਿਚ ਜੀ-ਆਇਆਂ ਕਿਹਾ। ਇੰਜ ਦਰਬਾਰ ਸਾਹਿਬ ਈਰਖਾ, ਦ੍ਵੈਤ, ਵੈਰ ਵਿਰੋਧ ਵਿਚ ਵੰਡੀ ਮਨੁੱਖਤਾ ਲਈ ਪਿਆਰ ਅਤੇ ਸਾਂਝੀਵਾਲਤਾ ਦਾ ਕੇਂਦਰ ਗਰਦਾਨਿਆ ਗਿਆ। ਇਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਇਸ ਵਿਚ ਅੰਮ੍ਰਿਤ-ਮਈ ਰੂਹਾਨੀ ਰੱਬੀ ਬਾਣੀ ਦਾ ਗਾਇਨ ਸੰਕੀਰਣ ਵੰਡਾਂ ਨੂੰ ਉਲੰਘ ਕੇ ਸਰਬ ਮਨੁੱਖਾਂ ਦੇ ਤਪਦੇ ਹਿਰਦਿਆਂ ਨੂੰ ਠਾਰਨ ਦਾ ਇਕ ਮਹਾਨ ਕਾਰਜ ਸੀ। ਗੁਰਵਾਕ ਇਸ ਬਖਸ਼ਿਸ਼ ਦਾ ਪ੍ਰਤੀਕ ਸੀ, ਮਾਨੋ ਰੱਬੀ ਮੁਹਰ ਸੀ ਕਿ ਮਨੁੱਖਤਾ ਦੀ ਸੇਵਾ ਹਿਤ ਅਰੰਭੇ ਇਹ ਦੋਵੇਂ ਕਾਰਜ ਅੰਮ੍ਰਿਤ ਸਰੋਵਰ ਅਤੇ ਅੰਮ੍ਰਿਤ-ਬਾਣੀ ਦਾ ਪ੍ਰਵਾਹ, ਸੰਤਾਂ-ਮਹਾਂਪੁਰਸ਼ਾਂ ਵਲੋਂ ਅਰੰਭੇ ਇਹ ਕਾਰਜ ਪ੍ਰਭੂ ਦੀ ਮਹਾਨ ਕ੍ਰਿਪਾ ਸਦਕਾ ਸੰਪੰਨ ਹੋਏ ਹਨ। ਸਰਬ ਸਾਂਝੀਵਾਲਤਾ ਅਤੇ ਮਾਨਵ ਜਾਤੀ ਦੀ ਸੇਵਾ ਹਿਤ ਕੀਤੇ ਇਨ੍ਹਾਂ ਕਾਰਜਾਂ ਨਾਲ ਸਾਰੇ ਜਗਤ ਵਿਚ ਜੈ ਜੈਕਾਰ ਹੋਈ, ਖੁਸ਼ੀ ਦੀ ਲਹਿਰ ਦੌੜ ਗਈ ਅਤੇ ਲੋਕ-ਮਨਾਂ ਵਿਚੋਂ ਈਰਖਾ, ਦ੍ਵੈਤ, ਵੈਰ-ਵਿਰੋਧ ਦੇ ਝੋਰੇ ਖਤਮ ਹੋਣ ਲੱਗੇ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਬੋਹਿਥ ਗ੍ਰੰਥ ਸਾਹਿਬ ਨੂੰ ਗੁਰੂ-ਸਰੂਪ ਨਾਲੋਂ ਉਚ ਅਸਥਾਨ ਤੇ ਸਥਾਪਤ ਕਰਕੇ ਇਹ ਸੁਨੇਹਾ ਦਿਤਾ ਕਿ ਗੁਰੂ-ਸ਼ਬਦ ਉਨ੍ਹਾਂ ਦੀ ਹਸਤੀ ਤੋਂ ਵਧੇਰੇ ਸਤਿਕਾਰਯੋਗ ਹੈ। ਰਾਤ ਨੂੰ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਨ ਪਲੰਘ ਤੇ ਹੁੰਦਾ ਤੇ ਆਪ ਜੀ ਥੱਲੇ ਫਰਸ਼ ਤੇ ਹੀ ਬਿਰਾਜਮਾਨ ਹੁੰਦੇ। ਆਪ ਜੀ ਦੀ ਪਾਰਦਰਸ਼ੀ ਦ੍ਰਿਸ਼ਟੀ ਇਸ ਤੱਥ ਤੋਂ ਜਾਣੂ ਸੀ ਕਿ ਸਮਾਂ ਪਾ ਕੇ 'ਪੋਥੀ ਪ੍ਰਮੇਸ਼ਰ ਕਾ ਥਾਨੁ' ਲਵੇਗੀ ਅਤੇ ਦਸਵੀਂ ਜੋਤਿ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਹੀ 'ਜੁਗੋ ਜੁਗ ਅਟੱਲ' ਗੁਰੂ ਰੂਪ ਹੋ ਕੇ ਪ੍ਰਵਾਨਿਤ ਹੋਣਗੇ।

ਸਮਾਂ ਪਾ ਕੇ ਐਸਾ ਹੀ ਹੋਇਆ। 7 ਅਕਤੂਬਰ 1708 ਈ. ਵਿਚ ਨਾਦੇੜ (ਸ੍ਰੀ ਹਜ਼ੂਰ ਸਾਹਿਬ) ਵਿਖੇ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਸਮੇਂ ਆਪਣੀ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਵਲੀਨ ਕਰ ਦਿਤੀ, ਮੱਥਾ ਟੇਕਿਆ ਤੇ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਦਾ ਆਦੇਸ਼ ਦਿਤਾ। ਇਵੇਂ ਸਮੁੱਚੇ ਮਾਨਵ-ਸਮਾਜ ਨੂੰ ਅਤੇ ਵਿਸ਼ੇਸ਼ ਰੂਪ ਵਿਚ ਸਿੱਖ ਪੰਥ ਨੂੰ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਕਰਕੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦਾ ਪ੍ਰਤੱਖ ਪ੍ਰਮਾਣ ਪੇਸ਼ ਕੀਤਾ। ਇਸ ਮੌਕੇ ਤੇ ਜੋ ਹੁਕਮਨਾਮਾ ਪ੍ਰਾਪਤ ਹੋਇਆ ਉਹ ਇਸ ਪ੍ਰਕਾਰ ਹੈ -

***ਮਾਰੂ ਮਹਲਾ ੫***
***ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ***
***ਕੀਰਤਨੁ ਹਰਿ ਹਰਿ ਗਾਈ॥***
***ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥***
***ਅਬ ਮੋਹਿ ਜੀਵਨ ਪਦਵੀ ਪਾਈ॥***
***ਚਿਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥***

*ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥*
*ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥*
*ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥*
*ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥*
*ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ॥*
*ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥*
***ਪੰਨਾ - 1000***

ਇਹ ਫੁਰਮਾਨ ਵੀ ਮਾਨੋ ਅਕਾਲਪੁਰਖ ਵਲੋਂ ਸਰਬ ਮਾਨਵਤਾ ਨੂੰ ਪ੍ਰਭੂ ਪ੍ਰਮੇਸ਼ਰ ਦੇ ਹਰਿ-ਕੀਰਤ ਜਸੁ ਗਾਣ ਦਾ ਉਪਦੇਸ਼ ਹੈ। ਜਗਿਆਸੂ ਦੀ ਨੱਠ ਭੱਜ ਅਤੇ ਘਾਲਣਾ ਖਤਮ ਹੋ ਗਈ, ਸ਼ਬਦ ਗੁਰੂ ਨੇ ਬਿਸਰਾਮ ਟਿਕਾਉ ਬਖਸ਼ਿਸ਼ ਕੀਤਾ ਅਤੇ ਜੀਵਨ-ਪਦਵੀ ਦੀ ਪ੍ਰਾਪਤੀ ਹੋਈ। ਗੁਰੂ ਦੀ ਸ਼ਰਨ ਵਿਚ ਆ ਕੇ ਅਕਾਲਪੁਰਖ ਚਿਤੁ ਵਿਚ ਆ ਵਸਿਆ ਹੈ, ਜਿਸ ਕਾਰਨ ਕਾਮ ਕ੍ਰੋਧ ਲੋਭ ਮੋਹ ਅਤੇ ਸਾਰੇ ਵੈਰ ਵਿਰੋਧ ਝਗੜੇ ਖਤਮ ਹੋ ਗਏ ਹਨ। ਗੁਰ-ਸ਼ਬਦ ਨੇ ਸਦ-ਹਜ਼ੂਰੀ ਬਖਸ਼ਿਸ਼ ਕੀਤੀ ਹੈ, ਦੂਰੀਆਂ ਮੁੱਕ ਗਈਆਂ ਹਨ, ਪ੍ਰਭੂ ਨਿਕਟ, ਪ੍ਰਤੱਖ, ਹਾਜ਼ਰ ਨਾਜ਼ਰ ਦਿਖ ਰਿਹਾ ਹੈ। ਗੁਰੂ ਸਹਾਇਕ ਹੋਏ ਹਨ, ਸਬ ਇਛਾਵਾਂ ਦੀ ਪੂਰਤੀ ਹੋ ਗਈ ਹੈ, ਅੰਦਰ ਸੁਖ ਸੀਤਲਤਾ ਦਾ ਨਿਵਾਸ ਹੋ ਗਿਆ ਹੈ। ਗੁਰੂ-ਸ਼ਬਦ ਦੀ ਮਹਿਮਾ ਦੱਸੀ ਨਹੀਂ ਜਾ ਸਕਦੀ ਜਿਸ ਨੇ ਪਤਿਤ ਨੂੰ ਪਲ ਭਰ ਵਿਚ ਪਵਿੱਤਰਤਾ ਬਖਸ਼ਿਸ਼ ਕਰ ਦਿਤੀ ਹੈ, ਸਾਰੇ ਭੈ ਖਤਮ ਕਰਕੇ ਨਿਰਭੈ ਪਦਵੀ ਪ੍ਰਦਾਨ ਕੀਤੀ ਹੈ। ਹੁਣ ਟਿਕੇ ਹੋਏ ਮਨ ਵਿਚ ਦਿਨ ਰਾਤ ਪ੍ਰਭ ਜਸ ਗਾਇਨ ਕਰਨ ਦੀ ਅਵਸਥਾ ਬਣ ਆਈ ਹੈ। ਐਸਾ ਮਹਾਨ ਉਪਦੇਸ਼ ਸੰਗਤ ਨੂੰ, ਸਾਰੀ ਮਨੁੱਖਤਾ ਨੂੰ ਪ੍ਰਾਪਤ ਹੋਇਆ।

ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਹਾਨੀਅਤ ਦਾ ਅਥਾਹ ਸਮੁੰਦਰ ਹੈ ਜਿਸ ਵਿਚ ਬਿਨਾਂ ਕਿਸੇ ਜਾਤੀ ਜਿਨਸੀ ਨਸਲੀ ਭੇਦ ਭਾਵ ਤੋਂ ਸਰਬ ਮਨੁੱਖਤਾ ਚੁੱਭੀ ਲਾ ਕੇ ਚੌਥੇ ਪਦ ਅਰਥਾਤ ਪਰਮ ਪਦਵੀ ਨੂੰ ਪ੍ਰਾਪਤ ਕਰ ਸਕਦੀ ਹੈ। ***'ਏਕ ਪਿਤਾ ਏਕਸ ਕੇ ਹਮ ਬਾਰਿਕ'*** ਦਾ ਉਪਦੇਸ਼ ਦਿੰਦੀ ਗੁਰਬਾਣੀ ***'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ'*** ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਗੁਰਬਾਣੀ, ***'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ'*** ਦਾ ਜਾਪ ਜਪਾਉਂਦੀ ਗੁਰਬਾਣੀ ਵੈਰ ਵਿਰੋਧ ਦੀਆਂ ਵਿੱਥਾਂ ਨੂੰ ਸਮੇਟ ਕੇ ਸਰਬ ਮਨੁੱਖਤਾ ਨੂੰ ਇਕ ਪ੍ਰਭੂ-ਪਿਆਰ ਅਤੇ ਸਾਂਝੀਵਾਲਤਾ ਦੇ ਕਲਾਵੇ ਵਿਚ ਲੈਂਦੀ 'ਬੇਗਮਪੁਰੇ' ਦਾ ਵਾਸੀ ਬਣਨ ਲਈ ਉਤਸ਼ਾਹਤ ਕਰਦੀ ਹੈ। ਸਰਬ ਸਾਂਝੀਵਾਲਤਾ ਦੇ ਪ੍ਰਤੀਕ ਗੁਰੂ ਗ੍ਰੰਥ ਸਾਹਿਬ ਵਿਚ 6 ਸਿੱਖ ਗੁਰੂ ਸਾਹਿਬਾਨ (ਪਹਿਲੀਆਂ ਪੰਜ ਪਾਤਸ਼ਾਹੀਆਂ ਅਤੇ ਨੌਵੇਂ ਗੁਰੂ ਤੇਗ ਬਹਾਦਰ ਜੀ) ਦੀ ਬਾਣੀ ਦੇ ਨਾਲ ਨਾਲ 30 ਹੋਰ ਭਗਤਾਂ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਵੀ ਓਹੋ ਸਤਿਕਾਰ ਪ੍ਰਾਪਤ ਹੈ ਜੋ ਗੁਰੂਆਂ ਦੀ ਬਾਣੀ ਨੂੰ ਪ੍ਰਾਪਤ ਹੈ। ਇਸ ਵਿਚ ਸ਼ਾਮਲ ਭਗਤ ਜਨ ਉਚੀਆਂ ਜਾਤੀਆਂ ਵਿਚੋਂ ਵੀ ਸਨ, ਅਖੌਤੀ ਨੀਵੀਆਂ ਨੀਚ ਜਾਤਾਂ ਵਿਚੋਂ ਵੀ ਸਨ। ਜਿਥੇ ਹਿੰਦੂ, ਖਤਰੀ, ਬ੍ਰਾਹਮਣ, ਜੱਟ, ਛੀਂਬੇ, ਨਾਈ ਭਗਤ ਜਨਾਂ ਦੀ ਬਾਣੀ ਪ੍ਰਵਾਨ ਹੋਈ, ਉਥੇ ਮੁਸਲਮਾਨ ਪੀਰਾਂ ਫਕੀਰਾਂ ਦਰਵੇਸਾਂ ਦੇ ਕਲਾਮ ਨੂੰ ਵੀ ਸਨਮਾਨ ਮਿਲਿਆ।

ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਵਿਚ ਜਿਨ੍ਹਾਂ ਮਹਾਂਪੁਰਸ਼ਾਂ ਭਗਤ ਜਨਾਂ ਨੇ ਹਿੱਸਾ ਪਾਇਆ ਉਹ ਭਾਰਤ ਦੇ ਵੱਖ ਵੱਖ ਇਲਾਕਿਆਂ, ਫਿਰਕਿਆਂ, ਧਰਮਾਂ, ਭਾਸ਼ਾਵਾਂ, ਅਕੀਦਿਆਂ ਤੇ ਸਮਾਜਾਂ ਦੇ ਪ੍ਰਤੀਨਿਧਤਾ ਕਰਦੇ ਹਨ। ਪਹਿਲੇ ਰਚਨਹਾਰੇ ਗੁਰੂ ਨਾਨਕ ਦੇਵ ਜੀ (1469-1539) ਨਨਕਾਣਾ ਸਾਹਿਬ (ਰਾਇ ਭੋਇ ਦੀ ਤਲਵੰਡੀ) ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਦੇ ਵਾਸੀ ਸੀ। ਆਪ ਜੀ ਨੇ 17 ਰਾਗਾਂ ਵਿਚ 974 ਸ਼ਬਦ ਉਚਾਰਨ ਕੀਤੇ। ਮਰਦਾਨਾ ਰਬਾਬੀ ਦੀ ਸੰਗਤ ਵਿਚ ਆਪ ਜੀ 24 ਸਾਲ ਦੇ ਲੰਬੇ ਅਰਸੇ ਵਿਚ 4 ਉਦਾਸੀਆਂ (ਲੰਮੇ ਸਫਰ) ਕੀਤੀਆਂ। ਹਿੰਦੁਸਤਾਨ ਦੇ ਸਮੂੰਹ ਪ੍ਰਦੇਸਾਂ ਤੋਂ ਬਿਨਾਂ ਬ੍ਰਹਮਾ, ਸ੍ਰੀ ਲੰਕਾ, ਨੇਪਾਲ, ਭੂਟਾਨ, ਤਿੱਬਤ, ਚੀਨ, ਮੰਗੋਲੀਆ, ਤੁਰਕੀ, ਇਟਲੀ, ਰੂਸ ਅਫਗਾਨਿਸਤਾਨ, ਈਰਾਨ ਆਦਿ ਦੇਸ਼ਾਂ ਵਿਚ ਸੱਚ ਦਾ ਉਪਦੇਸ਼ ਦਿਤਾ, ਮਨੁੱਖਤਾ ਨੂੰ ਪ੍ਰਭੂ ਪਿਆਰ ਵਿਚ ਜੋੜਿਆ, ਫੋਕਟ ਕਰਮਕਾਡਾਂ, ਰੀਤੀ ਰਿਵਾਜਾਂ, ਭਰਮਾਂ ਵਹਿਮਾਂ ਵਿਚੋਂ ਕੱਢਿਆ। ਦੂਜੇ ਸਤਿਗੁਰੂ ਗੁਰੂ ਅੰਗਦ ਦੇਵ ਜੀ (1504-1552) ਮਤੇ-ਦੀ-ਸਰਾਇ ਜ਼ਿਲਾ ਮੁਕਤਸਰ ਦੇ ਵਾਸੀ ਸੇਵਾ ਸਿਮਰਨ ਦੀ ਮੂਰਤ ਸਨ। ਆਪ ਜੀ ਦੇ 62 ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ (1479-1574) ਨੂੰ ਦੂਜੀ ਪਾਤਸ਼ਾਹੀ ਨੇ ਨਿਮਾਣਿਆ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਵਰਗੇ ਵਰ ਦੇ ਕੇ ਸਤਿਕਾਰਿਆ। ਆਪ ਜੀ ਦੇ ਉਚਾਰਨ ਕੀਤੇ 907 ਸ਼ਬਦ 18 ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ। ਅਨੰਦ ਸਾਹਿਬ ਆਪ ਜੀ ਦੀ ਸਿਰਮੋਰ ਬਾਣੀ ਹੈ। ਗੁਰੂ ਰਾਮਦਾਸ ਜੀ (1534-1581) ਚੂਨਾ ਮੰਡੀ ਲਾਹੌਰ ਵਾਸੀ ਸਨ। ਆਪ ਜੀ ਨੇ ਸ਼ਬਦ-ਗੁਰੂ ਦੀ ਪਰਪੱਕਤਾ ਹਿਤ ਫੁਰਮਾਨ ਕੀਤਾ -

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥***
***ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥***
***ਪੰਨਾ - 982***

ਆਪ ਜੀ ਵਲੋਂ 30 ਰਾਗਾਂ ਵਿਚ ਉਚਾਰਨ ਕੀਤੇ 679 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸਸ਼ੋਭਤ ਹਨ। ਪੰਜਵੇਂ ਸਤਿਗੁਰੂ ਗੁਰੂ ਅਰਜਨ ਦੇਵ ਜੀ (1563-1606) ਅੰਮ੍ਰਿਤਸਰ ਸ਼ਹਿਰ ਅਤੇ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੇ ਨਿਰਮਾਤਾ, ਸੁਖਮਨੀ ਸਾਹਿਬ ਦੇ ਰਚਨਹਾਰੇ, ਮਹਾਨ ਸ਼ਹੀਦ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਹਨ। ਆਪ ਜੀ ਵਲੋਂ 30 ਰਾਗਾਂ

ਵਿਚ ਰਚਿਤ 2218 ਅਮੋਲਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਹਨ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਪੰਜ ਗੁਰੂ ਸਾਹਿਬਾਨ, 15 ਭਗਤ ਜਨਾ, 4 ਗੁਰਸਿੱਖਾਂ ਅਤੇ 11 ਭੱਟ ਸਾਹਿਬਾਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਬੜੀ ਸੁਚੱਜੀ ਤਰਤੀਬ ਵਿਚ ਸੰਮਿਲਤ ਕੀਤੀ। ਸਾਰੀ ਬਾਣੀ ਨੂੰ 30 ਰਾਗਾਂ ਵਿਚ ਵੰਡਿਆ ਗਿਆ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦਮਦਮਾ ਸਾਹਿਬ ਵਿਖੇ ਜਦੋਂ ਇਸ ਬੀੜ ਦਾ ਪੁਨਰ ਸਰੂਪ ਤਿਆਰ ਕੀਤਾ ਤਾਂ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ (1621-1675) ਦੀ ਬਾਣੀ ਨੂੰ ਵੀ ਇਸ ਵਿਚ ਸ਼ਾਮਲ ਕਰ ਦਿਤਾ। ਆਪ ਜੀ ਨੇ 116 ਸ਼ਬਦ ਤੇ 57 ਸਲੋਕ ਉਚਾਰਨ ਕੀਤੇ ਅਤੇ ਨਵੇਂ ਰਾਗ 'ਜੈਜਾਵੰਤੀ' ਵਿਚ ਬਾਣੀ ਉਚਾਰਨ ਕੀਤੀ। ਇਸ ਤਰ੍ਹਾਂ ਕੁਲ 6 ਗੁਰੂ ਸਾਹਿਬਾਨ ਦੀ ਬਾਣੀ 31 ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ।

ਜਿਨ੍ਹਾਂ ਭਗਤਜਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ, ਉਹ ਸਭ ਇਕ ਪ੍ਰਭੂ ਦੇ ਉਪਾਸ਼ਕ ਤੇ ਸੱਚ ਦੇ ਧਾਰਨੀ, ਜਾਤ-ਪਾਤ, ਅਤੇ ਵੈਰ-ਵਿਰੋਧ ਤੋਂ ਪੂਰੀ ਤਰ੍ਹਾਂ ਮੁਕਤ ਸਨ ਜਿਨ੍ਹਾਂ ਦੀ ਕਰਨੀ ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ -

***ਭਗਤਾ ਕੀ ਚਾਲ ਨਿਰਾਲੀ॥***
***ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।।***
***ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥***
***ਪੰਨਾ - 918***

ਇਨ੍ਹਾਂ ਭਗਤ ਜਨਾ ਦਾ ਕੁਝ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

### ਬਾਬਾ ਫਰੀਦ ਸ਼ਕਰਗੰਜ (1173-1266)

ਬਾਬਾ ਫਰੀਦ 12ਵੀਂ 13ਵੀਂ ਸਦੀ ਦੇ ਮਹਾਨ ਵਿਦਵਾਨ ਸੂਫੀ ਫਕੀਰ ਪੰਜਾਬੀ ਕਾਵਿ ਦੇ ਮੋਢੀ ਸਨ। ਇਨ੍ਹਾਂ ਦੀ ਰਸ ਭਿੰਨੀ ਬਾਣੀ ਦੇ 4 ਸ਼ਬਦ ਅਤੇ 112 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ। ਇਹ ਪਾਕ ਪਟਨ ਦੇ ਰਹਿਣ ਵਾਲੇ ਸਨ।

### ਭਗਤ ਜੈਦੇਵ ਜੀ (1201-1273)

ਬੰਗਾਲ ਪ੍ਰਾਂਤ ਦੇ ਦੱਖਣੀ ਭਾਗ ਦੇ ਇਕ ਪਿੰਡ ਵਿਚ ਜਨਮੇ, ਸੰਸਕ੍ਰਿਤ ਅਤੇ ਪਰਾਕਿਰਤ ਦੇ ਪੰਡਿਤ ਤੇ ਸੰਤ ਕਵੀ ਸਨ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਕੇਵਲ ਦੋ ਸ਼ਬਦ ਹੀ ਪ੍ਰਾਪਤ ਹਨ।

### ਭਗਤ ਤ੍ਰਿਲੋਚਨ (1267-1335)

ਮਹਾਂਰਾਸ਼ਟਰ ਦੀ ਧਰਤੀ ਦੇ ਜੰਮ-ਪਲ ਸਨ। ਗੁਰੂ ਗ੍ਰੰਥ ਸਾਹਿਬ ਇਨ੍ਹਾਂ ਦੇ 4 ਸ਼ਬਦ ਪ੍ਰਾਪਤ ਹਨ)

### ਭਗਤ ਨਾਮਦੇਵ ਜੀ (1270-1350)

ਸ਼ੂਦਰ ਜਾਤੀ ਨਾਲ ਸੰਬੰਧਤ ਛੀਂਬੇ ਸਨ ਪਰ ਅਥਾਹ ਪ੍ਰਭੂ ਪਿਆਰ ਅਤੇ ਭਗਤੀ ਕਾਰਨ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ। ਗੁਰੂ ਜੀ ਨੇ ਉਚ ਨੀਚ ਦੇ ਭੇਦਾਂ ਨੂੰ ਨਾਂਹ ਮੰਨਦਿਆਂ ਇਨ੍ਹਾਂ ਦਾ ਬਾਣੀ ਦੇ 61 ਸ਼ਬਦਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ।

### ਭਗਤ ਰਾਮਾਨੰਦ ਜੀ (1366-1467)

ਕਾਂਸ਼ੀ ਦੇ ਰਹਿਣ ਵਾਲੇ ਸਨ। ਰਾਗ ਬਸੰਤ ਵਿਚ ਆਪ ਜੀ ਦਾ ਇਕੋ ਇਕ ਸ਼ਬਦ ਪ੍ਰਾਪਤ ਹੈ।

### ਭਗਤ ਕਬੀਰ ਜੀ (1398-1495)

ਉਤਰ ਪ੍ਰਦੇਸ ਦੇ ਰਹਿਣ ਵਾਲੇ ਕਿਤੇ ਦੇ ਜੁਲਾਹੇ ਸਨ। ਆਪ ਜੀ ਦੇ 541 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਹਨ।

### ਭਗਤ ਰਵਿਦਾਸ (1378-1529)

ਚਮਾਰ ਜਾਤੀ ਦੇ ਉਤਰ ਪਦੇਸ਼ ਦੇ ਰਹਿਣ ਵਾਲੇ ਸਨ। ਇਨ੍ਹਾਂ ਦੇ 41 ਸ਼ਬਦ ਪ੍ਰਾਪਤ ਹਨ।

ਭਗਤ ਬੇਣੀ ਜੀ (ਬਿਹਾਰ) ਦੇ ਤਿੰਨ ਸ਼ਬਦ, ਭਗਤ ਧੰਨਾ ਜੀ (ਰਾਜਸਥਾਨ ਦੇ ਜੱਟ) ਦੇ 4 ਸ਼ਬਦ, ਭਗਤ ਭੀਖਨ ਜੀ (ਉਤਰ ਪ੍ਰਦੇਸ ਦੇ ਮੁਸਲਮਾਨ ਸੰਤ) ਦੋ ਸ਼ਬਦ, ਭਗਤ ਸੈਣ ਜੀ, (ਗੁਜਰਾਤ ਦੇ ਨਾਈ) ਇਕ ਸ਼ਬਦ, ਪੀਪਾ ਜੀ (ਗੁਜਰਾਤ ਦੇ ਬ੍ਰਾਹਮਣ) ਇਕ ਸ਼ਬਦ, ਸਧਨਾ ਜੀ (ਸਿੰਧ ਦੇ ਕਸਾਈ) ਇਕ ਸ਼ਬਦ, ਪਰਮਾਨੰਦ ਜੀ (ਯੂ.ਪੀ. ਦੇ ਬ੍ਰਾਹਮਣ) ਇਕ ਸ਼ਬਦ, ਸੂਰਦਾਸ (ਹਰਿਆਣਾ ਦੇ ਬ੍ਰਾਹਮਣ) ਦੋ ਸ਼ਬਦ, ਭਗਤ ਸੁੰਦਰ ਜੀ (ਪੰਜਾਬ ਦੇ ਖੱਤਰੀ) 6 ਸ਼ਬਦ, ਮਰਦਾਨਾ ਜੀ (ਮਿਰਾਸੀ) ਤਿੰਨ ਸ਼ਬਦ, ਸੱਤਾ ਜੀ (ਪੰਜਾਬ ਦੇ ਡੂਮ) ਅਤੇ ਰਾਇ ਬਲਵੰਡ ਜੀ (ਪੰਦਾਬ ਦੇ ਰਾਅ ਭੱਟ) ਪੰਜ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਨ ਹੋਏ। ਇਸ ਤਰ੍ਹਾਂ 11 ਭੱਟਾਂ ਦੀ ਬਾਣੀ ਵੀ ਪ੍ਰਵਾਨ ਹੋਈ ਜਿਨ੍ਹਾਂ ਦੇ ਨਾਮ ਹਨ - ਕਲਸਹਾਰ, ਜਾਲਪ, ਕੀਰਤ, ਸੱਲ, ਭੱਲ, ਕੱਲ, ਭਿਖਾ, ਪਰਮਾਨੰਦ, ਬੱਲ, ਹਰਬੰਸ ਅਤੇ ਮਥਰਾ। ਸਾਰੀ ਬਾਣੀ ਦੀ ਕੁਲ ਗਿਣਤੀ 5867 ਬਣਦੀ ਹੈ।

ਬਾਣੀ ਪ੍ਰਵਾਨ ਕਰਨ ਦੀ ਕਸਵੱਟੀ ਇਕੋ ਸੀ -

***ਮਨੁ ਸਚ ਕਸਵਟੀ ਲਾਈਐ***
***ਤੁਲੀਐ ਪੂਰੈ ਤੋਲਿ॥*** ***ਪੰਨਾ - 22***

ਜੋ ਸੱਚ ਦੀ ਕਸਵੱਟੀ ਤੇ ਪੂਰੇ ਉਤਰੇ, ਸਤਿਕਾਰੇ ਗਏ। ਆਸ਼ਾ ਇਹ ਸੀ ਕਿ ਬਾਣੀ ਰਾਹੀਂ ਰੱਬੀ ਪਿਆਰ, ਸੱਚ, ਸਾਂਤੀ, ਸਹਿਜ, ਨਿਮਰਤਾ, ਮਿਠਤ, ਸਾਂਝੀਵਾਲਤਾ ਅਤੇ ਮਾਨਵਤਾ ਦਾ ਉਪਦੇਸ਼ ਦ੍ਰਿੜ੍ਹ ਹੋਵੇ, ਆਤਮਿਕ ਸ਼ਾਂਤੀ ਦੇ ਨਾਲ ਨਾਲ ਸਮਾਜ ਅਤੇ ਦੇਸ਼ ਦਾ ਉਥਾਨ ਹੋਵੇ। ਗੁਰੂ ਸਾਹਿਬਾਨ ਨੇ ਇਨ੍ਹਾਂ ਉਪਦੇਸ਼ਾਂ ਨੂੰ ਅਮਲੀ ਰੂਪ ਵਿਚ ਦ੍ਰਿੜ੍ਹ ਕਰਵਾਇਆ। ਸਾਂਝੇ ਮੰਦਰ, ਸਾਂਝੀ ਸੰਗਤ, ਸਾਂਝੀ ਪੰਗਤ, ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਸਾਂਝੇ ਉਪਦੇਸ਼, ਸਰਬੱਤ ਦੇ ਭਲੇ ਲਈ ਅਰਦਾਸ ਗੁਰਬਾਣੀ ਦੇ ਉਚੇ

ਸਿਧਾਂਤਾਂ ਨੂੰ ਅਮਲੀ ਰੂਪ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਗੁਰਬਾਨੀ ਮਨੁੱਖਤਾ ਨੂੰ ਤੰਗ ਦਿਲੀਆਂ, ਸੰਕੀਰਣਤਾ, ਫਿਰਕਾ ਪ੍ਰਸਤੀ, ਜਾਤ ਅਤੇ ਪਦਵੀ ਅਭਿਮਾਨ ਤੋਂ ਮੁਕਤ ਕਰਕੇ ਸਰਵ-ਹਿਤਕਾਰੀ ਤੇ ਪਰਉਪਕਾਰੀ ਮਨੁੱਖ ਬਣਨ ਲਈ ਉਤਸ਼ਾਹਤ ਕਰਦੀ ਹੈ। ਇਹ ਸਿਧਾਂਤ ਦਿਤਾ ਕਿ ਮਨੁੱਖ ਦਾ ਨਬੇੜਾ ਚੰਗੇ ਅਮਲਾਂ ਰਾਹੀਂ ਹੋਣਾ ਹੈ ਨਾਕਿ ਉਚੀ ਜਾਤਿ ਜਾਂ ਕੁਲ ਵਿਚ ਜਨਮ ਲੈਣ ਕਾਰਨ –

***ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥***
***ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ॥***
***ਪੰਨਾ – 1330***

ਮਾਇਆਧਾਰੀ ਅਭਿਮਾਨੀ ਨੂੰ ਚੇਤਾਵਨੀ ਦਿਤੀ ਕਿ ਪਾਪਾਂ ਤੋਂ ਬਿਨਾਂ ਧਨ ਇਕੱਠਾ ਨਹੀਂ ਹੁੰਦਾ ਤੇ ਇਹ ਸੱਚ ਹੈ ਕਿ ਇਕੱਠਾ ਕੀਤਾ ਧਨ ਕਦੇ ਨਾਲ ਨਹੀਂ ਜਾਂਦਾ –

***ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥***
***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥***
***ਪੰਨਾ – 417***

ਸੱਚੀ ਸੁੱਚੀ ਕਿਰਤ ਕਰਕੇ ਨਿਰਬਾਹ ਕਰੋ ਅਤੇ ਇਸ ਕਿਰਤ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰੋ। ਇਹੋ ਠੀਕ ਰਸਤਾ ਹੈ –

***ਘਾਲਿ ਖਾਇ ਕਿਛੁ ਹਥਹੁ ਦੇਇ***
***ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ 1245***

ਲੁੱਟ ਖਸੁੱਟ ਕਰਕੇ, ਦੂਜਿਆਂ ਦੇ ਹੱਕਾਂ ਤੇ ਛਾਪਾ ਮਾਰਨ ਵਾਲਾ ਮਨੁੱਖ ਕਦੀ ਧਰਮੀ ਨਹੀਂ ਹੁੰਦਾ –

***ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ॥***
***ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥***
***ਪੰਨਾ – 141***

ਗੁਰਬਾਨੀ ਦਾ ਮਾਰਗ ਸੱਚ ਦਾ ਮਾਰਗ ਹੈ। ਸੱਚੀ ਕਿਰਤ, ਸੱਚਾ ਵਿਹਾਰ, ਸੱਚਾ ਕਿਰਦਾਰ ਅਤੇ ਸੱਚੀ ਬਾਣੀ। ਸੱਚਾ ਅਮਲ ਸੱਚ ਤੋਂ ਵੀ ਚੰਗੇਰਾ ਤੇ ਉਚੇਰਾ ਦੱਸਿਆ ਹੈ-

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***
***ਪੰਨਾ – 62***

ਸੱਚ ਦੀ ਅਰਾਧਨਾ ਕਰਦੇ ਆਪਣੇ ਅਸਲ ਸਰੂਪ ਦੀ ਪਛਾਣ ਕਰਨੀ ਹੀ ਜੀਵਨ ਕਰੱਤਵ ਹੈ –

***ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥***
***ਪੰਨਾ –441***

ਸਭਨਾਂ ਵਿਚ ਵਾਹਿਗੁਰੂ ਦੀ ਜੋਤਿ ਵਿਦਮਾਨ ਹੈ, ਉਸ ਦਾ ਚਾਨਣ ਹੀ ਸਭ ਪਾਸੇ ਪਸਰ ਰਿਹਾ ਹੈ ਪਰ ਇਹ ਜੋਤਿ ਗੁਰੂ ਦੀ ਸਿਖਿਆ ਰਾਹੀਂ ਪ੍ਰਗਟ ਹੁੰਦੀ ਹੈ –

***ਸਭ ਮਹਿ ਜੋਤਿ ਜੋਤਿ ਹੈ ਸੋਇ***
***ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥***
***ਗੁਰ ਸਾਖੀ ਜੋਤਿ ਪਰਗਟੁ ਹੋਇ॥ ਪੰਨਾ 13***

ਨਾਮ, ਜਪੁ, ਸਿਮਰਨ ਨੂੰ ਸਰਵੋਤਮ ਧਰਮ ਮੰਨਿਆ ਹੈ –

***ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ ਪੰਨਾ – 266***

ਇਸ ਲਈ ਗੁਰਸਿੱਖ ਦੀ ਪ੍ਰੀਭਾਸ਼ਾ ਵਿਚ ਪਹਿਲੀ ਸ਼ਰਤ ਨਾਮ ਜਪਣਾ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ॥***
***ਸੋ ਭਲਕੇ ਉਠਿ ਹਰਿਨਾਮੁ ਧਿਆਵੈ॥ ਪੰਨਾ – 305***

ਗੁਰਬਾਨੀ ਨੂੰ ਗੁਰੂ ਰੂਪ ਜਾਣਨ ਦੀ ਬਾਰ ਬਾਰ ਤਾਕੀਦ ਕੀਤੀ –

***ਬਾਣੀ ਗੁਰੂ ਗੁਰੂ ਹੈ ਬਾਣੀ***
***ਵਿਚਿ ਬਾਣੀ ਅੰਮ੍ਰਿਤ ਸਾਰੇ॥***
***ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ॥***
***ਪਰਤਖਿ ਗੁਰੂ ਨਿਸਤਾਰੇ॥ ਪੰਨਾ – 892***

ਗੁਰਬਾਨੀ ਅਨੁਸਾਰ ਜੀਵਨ-ਮੁਕਤਿ ਅਵਸਥਾ ਪ੍ਰਾਪਤ ਕਰਨੀ ਸਰਵੋਤਮ ਪ੍ਰਾਪਤੀ ਹੈ। ਗੁਰੂ ਅਰਜਨ ਦੇਵ ਜੀ ਜੀਵਨ ਮੁਕਤਿ ਹੋਣ ਲਈ ਮਾਰਗ ਦਰਸ਼ਨ ਕਰਦੇ ਫੁਰਮਾਨ ਕਰਦੇ ਹਨ –

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸਵਰਨ ਤੈਸੀ ਉਸੁ ਮਾਟੀ।।***
***ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ।।***
***ਨਾਨਕ ਉਹ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ – 275***

ਗੁਰਬਾਨੀ ਈਰਖਾ ਦ੍ਵੈਤ ਦੀ ਅਗਨ ਵਿਚ ਜਲਦੇ ਦਾ ਕਲਿਆਣ ਮੰਗਦੀ ਹੈ। ਵਿਸ਼ਵ ਸਰਬ ਮਨੁੱਖਤਾ ਲਈ ਸੁਖ, ਸ਼ਾਂਤੀ ਲਈ ਪ੍ਰਾਰਥਨਾ ਕਰਦੀ ਹੈ ਭਾਵੇਂ ਇਸ ਦੀ ਪ੍ਰਾਪਤੀ ਲਈ ਕੋਈ ਵੀ ਰਾਹ ਅਪਣਾਇਆ ਜਾਵੇ –

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥***
***ਪੰਨਾ – 853***

ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਸਰਬ ਧਰਮ ਗ੍ਰੰਥਾਂ ਵਿਚੋਂ ਸਰਵੋਤਮ ਧਰਮ ਗ੍ਰੰਥ ਹਨ ਜਿਸ ਵਿਚ ਨਿਰੋਲ ਰੂਹਾਨੀਅਤ ਦਾ ਰੱਬੀ-ਗੀਤ-ਸੰਗੀਤ ਹੈ, ਜੋ ਸਭ ਦਾ ਸਾਂਝਾ ਗ੍ਰੰਥ ਹੈ ਅਤੇ ਸਰਬ ਮਨੁੱਖਤਾ ਲਈ ਹੈ।

# ਸੁ ਅੰਮ੍ਰਿਤੁ ਗੁਰ ਤੇ ਪਾਇਆ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ ਪੰਨਾ - 38)*

ਭਰਥਰੀ ਤੇ ਗੋਪੀਚੰਦ ਉਚ ਕੋਟੀ ਦੇ ਦੋ ਮਹਾਤਮਾ ਹੋਏ ਹਨ, ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਉਪਦੇਸ਼ ਪ੍ਰਾਪਤ ਕੀਤਾ ਸੀ। ਇਹ ਇਕ ਸਮੇਂ ਪੰਜਾਬ ਵਿਚ ਬੰਦਗੀ ਕਰਿਆ ਕਰਦੇ ਸੀ, ਬੜੇ ਸਾਧਨ ਕਰਦੇ ਸੀ। ਐਥੇ ਉਹਨਾਂ ਦੀ ਉਪਮਾ ਬਹੁਤ ਹੋ ਗਈ। ਭਰਥਰੀ ਨੇ ਗੋਪੀਚੰਦ ਨੂੰ ਕਿਹਾ, ਰਾਜ ਭਾਗ ਵੀ ਛਡਿਆ, ਫੇਰ ਓਹੀ ਹਾਲਤ ਹੁੰਦੀ ਜਾਂਦੀ ਹੈ। ਕਹਿੰਦਾ, ਉਪਮਾ ਹੋਣ ਨਾਲ ਲੋਕ ਆਉਣੇ ਸ਼ੁਰੂ ਹੋ ਗਏ। ਇਹ ਤਾਂ ਮੱਖੀਆਂ ਹੀ ਮੱਖੀਆਂ ਇਕੱਠੀਆਂ ਹੋ ਗਈਆਂ। ਕੋਈ ਕਹਿੰਦਾ ਮੈਂ ਬਿਮਾਰ ਹਾਂ, ਕੋਈ ਕਹਿੰਦਾ ਮੇਰਾ ਫਲਾਣਾ ਕੰਮ ਨਹੀਂ ਹੁੰਦਾ, ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਉਹ ਆਪਸ ਵਿਚ ਇਕ ਦੂਜੇ ਨਾਲ ਸਲਾਹ ਕਰਦੇ ਹਨ ਕਿ ਇਸ ਤਰ੍ਹਾਂ ਨਾਲ ਤਾਂ ਭਗਤੀ ਕਰਨ ਦਾ, ਨਾਮ ਜਪਣ ਦਾ ਕੰਮ ਰਹਿ ਜਾਵੇਗਾ। ਉਹ ਦੋਨੋਂ ਉਥੋਂ ਤੁਰ ਗਏ, ਚਲਦੇ ਚਲਦੇ ਦੱਖਣ ਵਿਚ ਪਹੁੰਚ ਗਏ। ਉਥੇ ਇਕ ਦਰਖਤ ਦੇ ਨੀਚੇ ਬੈਠ ਗਏ। ਬੜੀ ਚੰਗੀ ਸੋਝੀ ਵਾਲੀ ਇਕ ਮਾਈ ਆਈ। ਕਹਿਣ ਲੱਗੀ, ਸੰਤ ਜੀ! ਮੇਰਾ ਘਰ ਬਹੁਤ ਵੱਡਾ ਹੈ, ਤੁਸੀਂ ਬਾਹਰ ਕਿਉਂ ਬੈਠੇ ਹੋ, ਉਸ ਵਿਚ ਬੈਠ ਜਾਓ। ਉਹਨਾਂ ਨੇ ਕਿਹਾ ਮਾਈ ਬੈਠ ਤਾਂ ਜਾਵਾਂਗੇ ਪਰ ਸਾਡੀ ਇਕ ਸ਼ਰਤ ਹੈ। ਕਹਿੰਦੀ, ਸ਼ਰਤ ਨਾਲ ਬੈਠੋਗੇ। ਕਹਿੰਦੇ, ਹਾਂ। ਕਹਿੰਦੇ, ਅਸੀਂ ਸਾਧਨ ਕਰਦੇ ਹਾਂ, ਅਸੀਂ ਛੇ ਛੇ ਮਹੀਨੇ ਦੀ ਸਮਾਧੀ ਲਾ ਲੈਂਦੇ ਹਾਂ ਪਰ ਅਸੀਂ ਗੁਪਤ ਰਹਿਣਾ ਚਾਹੁੰਦੇ ਹਾਂ ਤੇ ਤੂੰ ਸਾਡੇ ਬਾਰੇ ਕਿਸੇ ਨੂੰ ਨਾ ਦੱਸੀ। ਜੇ ਤੂੰ ਨਹੀਂ ਦਸੇਗੀ, ਫੇਰ ਤਾਂ ਰਹਾਂਗੇ। ਜੇ ਦਸ ਦੇਵੇਗੀ ਫੇਰ ਅਸੀਂ ਚਲੇ ਜਾਵਾਂਗੇ। ਸਮਾਂ ਲੰਘ ਗਿਆ। ਪੜੋਸੀਆਂ ਨੇ ਦੇਖਿਆ, ਮਾਈ ਨੂੰ ਪੁਛਿਆ ਤੇ ਮਾਈ ਨੇ ਉਹਨਾਂ ਬਾਰੇ ਦੱਸ ਦਿੱਤਾ। ਕਹਿੰਦੀ, ਬਹੁਤ ਵੱਡੇ ਮਹਾਤਮਾ ਆਏ ਨੇ, ਉਹ ਕਿੰਨੇ ਕਿੰਨੇ ਦਿਨ ਸਮਾਧੀ ਨਹੀਂ ਖੋਲਦੇ। ਪਿਛਲੀ ਵਾਰੀ ਮਹੀਨਾ ਦਰਵਾਜਾ ਬੰਦ ਕਰਕੇ ਅੰਦਰ ਬੈਠੇ ਰਹੇ। ਮੈਂ ਤਾਂ ਰੋਜ਼ ਉਹਨਾਂ ਦੇ ਦਰਸ਼ਨ ਕਰਕੇ ਧੰਨ ਹੋ ਗਈ ਹਾਂ। ਉਸ ਪੜੋਸੀ ਨੇ ਅਗਲੇ ਪੜੋਸੀ ਨੂੰ ਦੱਸ ਦਿੱਤਾ, ਉਸ ਤੋਂ ਅਗਲੇ ਨੇ ਅਗਲੇ ਨੂੰ, ਸਾਰੇ ਸ਼ਹਿਰ ਵਿਚ ਖਬਰ ਫੈਲ ਗਈ। ਫੈਲੀ ਹੋਈ ਖਬਰ ਰਾਜੇ ਤੱਕ ਵੀ ਪਹੁੰਚ ਗਈ। ਰਾਜੇ ਨੇ ਕਿਹਾ ਕਿ ਫੇਰ ਤਾਂ ਏਹੋ ਜਿਹੇ ਮਹਾਤਮਾ ਦੇ ਦਰਸ਼ਨ ਕਰਨੇ ਚਾਹੀਦੇ ਹਨ। ਰਾਜੇ ਨੇ ਵਜੀਰ ਨੂੰ ਕਿਹਾ, ਵਜੀਰ ਨੇ ਉਸ ਤੋਂ ਥੱਲੇ ਨੂੰ, ਸਾਰੇ ਹੀ ਤਿਆਰ ਹੋ ਗਏ। ਬੈਂਡ ਬਾਜੇ ਵਾਲੇ ਲੈ ਲਏ, ਰਾਜਾ ਤੇ ਰਾਣੀਆਂ ਇਕੱਠੇ ਹੋ ਕੇ ਜਲੂਸ ਕੱਢ ਲਿਆ। ਸੰਤਾਂ ਵੱਲ ਨੂੰ ਤੁਰੇ ਆਉਂਦੇ ਨੇ, ਉਸ ਦਿਨ ਉਹਨਾਂ ਦੀ ਸਮਾਧੀ ਖੁਲ੍ਹੀ ਸੀ, ਦੋਨੋਂ ਬੈਠੇ ਸੀ। ਭਰਥਰੀ ਕਹਿਣ ਲੱਗੇ, ਗੋਪੀਚੰਦ ਇਹ ਕੀ ਗੱਲ ਹੈ, ਬਾਹਰ ਰੌਲਾ ਰੱਪਾ ਪੈਂਦਾ ਸੁਣਾਈ ਦੇ ਰਿਹਾ ਹੈ। ਮਨ ਵਿਚ ਖਿਆਲ ਆਇਆ ਕਿ ਇਹ ਸਭ ਕੁਝ ਮਾਈ ਦਾ ਕੀਤਾ ਹੋਇਆ ਹੈ। ਪੁਛਣ ਲੱਗੇ ਕਿ ਮਾਤਾ ਇਹ ਕੀ ਆ ਰਿਹਾ ਹੈ? ਉਤਰ ਦਿੱਤਾ ਕਿ ਮਹਾਰਾਜ! ਮੈਂ ਤਾਂ ਬਹੁਤ ਖੁਸ਼ ਹਾਂ ਕਿ ਤੁਸੀਂ ਇੰਨੇ ਵੱਡੇ ਮਹਾਤਮਾ ਹੋ ਅਤੇ ਅੱਜ ਇਥੋਂ ਦਾ ਰਾਜਾ ਤੁਹਾਡੇ ਦਰਸ਼ਨ ਕਰਨ ਆ ਰਿਹਾ ਹੈ। ਕਹਿੰਦੇ, ਤੂੰ ਸਾਡੇ ਬਾਰੇ ਦੱਸ ਦਿੱਤਾ ਹੋਣੈ। ਕਹਿੰਦੀ, ਮੈਂ ਦਸਦੀ ਕਿਵੇਂ ਨਾ? ਤੁਸੀਂ ਇੰਨੇ ਉਚੇ ਹੋ, ਤੁਹਾਨੂੰ ਪ੍ਰਗਟ ਹੋਣਾ ਚਾਹੀਦਾ ਹੈ ਤੇ ਤੁਹਾਨੂੰ ਗੁਪਤ ਨਹੀਂ ਰਹਿਣਾ ਚਾਹੀਦਾ। ਮੈਂ ਤਾਂ ਕੇਵਲ ਪੜੋਸੀਆਂ ਨੂੰ ਦਸਿਆ ਸੀ। ਉਹਨਾਂ ਨੇ ਅੱਗੇ ਗੱਲ ਕਰ ਦਿੱਤੀ। ਦੋਵੇਂ ਸੋਚਦੇ ਹਨ ਕਿ ਮਾਈ ਨੇ ਤਾਂ ਸਾਡੀ ਜਾਨ ਲਈ ਬਖੇੜਾ ਖੜਾ ਕਰ ਦਿੱਤਾ ਹੈ। ਆਪਸ ਵਿਚ ਗੱਲਾਂ ਕਰਦੇ ਨੇ ਕਿ ਉਹ ਰਾਜਾ ਤਾਂ ਇਕ ਦੰਦਈਆ ਆ ਰਿਹਾ ਹੈ। ਇਸ ਦੀਆਂ ਤਾਂ ਨਾ ਲੋੜਾਂ ਮੁਕਣੀਆਂ ਨੇ ਨਾ ਇਸਨੇ ਸਾਡਾ ਖਹਿੜਾ ਛਡਣਾ ਹੈ। ਦੋਨੋਂ ਆਪਸ ਵਿਚ ਸਲਾਹ ਕਰਨ ਲਗ ਪਏ ਕਿ ਇਸ ਤੋਂ ਕਿਵੇਂ ਪਿਛਾ ਛਡਾਈਏ। ਉਧਰ ਬੈਂਡ ਬਾਜਾ ਵਜੀ ਜਾਂਦਾ ਹੈ ਤੇ ਰਾਣੀਆਂ ਸਮੇਤ ਰਾਜਾ ਸੰਤਾਂ ਨੂੰ ਭੇਟ ਕਰਨ ਵਾਸਤੇ ਮੋਤੀਆਂ ਦਾ ਥਾਲ ਲੈ ਕੇ ਆ ਰਿਹਾ ਹੈ। ਜਦ ਨੇੜੇ ਆ ਗਿਆ, ਉਨ੍ਹਾਂ ਨੇ ਵਿਉਂਤ ਦੇ ਹਿਸਾਬ ਨਾਲ ਇਕ ਨੇ ਝੋਲੀ ਮੋਢੇ ਤੇ ਪਾ ਲਈ ਜਿਵੇਂ ਮੰਗਣ ਵਾਸਤੇ ਚਲਿਆ ਹੋਵੇ। ਦੂਜਾ ਕਹਿਣ ਲੱਗਿਆ ਗੁਰੂ ਜੀ ਕਿਥੇ ਚਲੇ ਹੋ? ਕਹਿੰਦੇ, ਮੈਂ ਸ਼ਹਿਰ ਜਾ ਆਵਾਂ ਤੇ ਅਲੱਖ ਨਿਰੰਜਨ ਕਹਿ ਆਵਾਂ। ਉਹ ਕਹਿੰਦਾ, ਅਜ ਤਾਂ ਮੈਂ ਜਾਵਾਂਗਾ। ਕਹਿੰਦਾ, ਕਲ ਤੁਸੀਂ ਗਏ ਸੀ, ਅਜ ਮੈਂ ਜਾਵਾਂਗਾ। ਰਾਜਾ ਸੁਣਨ ਲਗ ਪਿਆ। ਉਹ ਕਹਿੰਦਾ ਤੂੰ ਕਿਉਂ ਜਾਣਾ ਹੈ? ਕਹਿੰਦਾ, ਤੁਸੀਂ ਪਰਸੋਂ ਚੋਰੀ ਚੋਰੀ ਖੀਰ ਖਾ ਕੇ ਆਏ ਸੀ ਮੈਨੂੰ ਪਤਾ ਲਗ ਗਿਆ ਕਿਉਂਕਿ ਤੁਹਾਡੀ ਦਾੜੀ ਨਾਲ ਲਗੀ ਹੋਈ ਸੀ ਤੇ ਮੇਰੇ ਵਾਸਤੇ ਨਹੀਂ ਲੈ ਕੇ ਆਏ। ਰਸਤੇ ਵਿਚ ਹੀ ਖਾ ਆਏ ਸੀ। ਉਸ ਨੇ ਜਵਾਬ ਦਿੱਤਾ ਕਿ ਮੈਂ ਖਾਂਦਾ ਨਾ, ਕਿਉਂਕਿ ਚੋਥੇ ਤੂੰ ਵੀ ਤਾਂ ਲੱਡੂ ਖਾਧੇ ਸੀ। ਤੇਰੀ ਵੀ ਦਾੜੀ ਵਿਚ ਲੱਡੂ ਲਗੇ ਹੋਏ ਸੀ। ਉਹ ਕਹਿੰਦਾ ਮੈਂ ਜਾਣਾ ਹੈ, ਉਹ ਕਹਿੰਦਾ ਮੈਂ ਜਾਣਾ ਹੈ। ਦੋਨੋਂ ਆਪਸ ਵਿਚ ਗੁਥਮ ਗੁਥੀ ਹੋ ਗਏ। ਰਾਜਾ ਖੜ੍ਹਾ ਦੇਖਦਾ ਹੈ ਕਿ ਇਹ ਸਾਧ ਕਾਹਦੇ ਹਨ ਇਹ ਤਾਂ ਖਾਣ ਪੀਣ ਤੋਂ ਉਪਰ ਨਹੀਂ ਉਠੇ, ਇਹ ਤਾਂ ਖੀਰ ਤੇ ਲੱਡੂਆਂ ਦੇ ਭੁੱਖੇ ਹਨ। ਇਨ੍ਹਾਂ ਨੂੰ ਕੀ ਭੇਟ ਕਰਨੈ ਤੇ ਚੁਪ ਕਰਕੇ ਮੁੜ ਗਿਆ। ਵਜੀਰ ਤੇ ਅਹਿਲਕਾਰ ਵੀ ਇਸੇ ਤਰ੍ਹਾਂ ਰਾਜੇ ਦੀ ਹਾਂ ਵਿਚ ਹਾਂ ਮਿਲਾ ਕੇ ਵਾਪਸ

ਤੁਰ ਗਏ। ਭਰਥਰੀ ਤੇ ਗੋਪੀਚੰਦ ਨੇ ਧਰਤੀ ਤੇ ਮੱਥਾ ਟੇਕਿਆ ਤੇ ਕਿਹਾ ਕਿ ਸ਼ੁਕਰ ਹੈ ਦੰਦਈਆਂ ਤੋਂ ਬਚ ਗਏ ਨਹੀਂ ਤਾਂ ਮਾਰੇ ਜਾਣਾ ਸੀ। ਇਸਨੂੰ ਪ੍ਰਭਤਾ ਕਹਿੰਦੇ ਹਨ। ਪ੍ਰਭਤਾ ਨੂੰ ਹਜਮ ਕਰਨ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਜਿਸਦੇ ਮਨ ਵਿਚ ਸਚਮੁਚ ਇਹ ਸਮਾਇਆ ਹੋਵੇ ਕਿ –

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪੰਨਾ – 730***

ਉਹ ਤਾਂ ਪ੍ਰਭਤਾ ਨੂੰ ਸਹਿ ਜਾਂਦਾ ਹੈ, ਦੂਸਰੇ ਤਾਂ ਪ੍ਰਭਤਾ ਪਾ ਕੇ ਪ੍ਰਮੇਸ਼ਰ ਨੂੰ ਵੀ ਭੁਲ ਜਾਇਆ ਕਰਦੇ ਹਨ ਅਤੇ ਆਪਣੇ ਵਾਸਤੇ ਨਰਕਾਂ ਦਾ ਰਾਹ ਤਿਆਰ ਕਰ ਲੈਂਦੇ ਹਨ। ਸੋ ਇਨ੍ਹਾਂ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ। ਨਿੰਦਿਆ ਦਾ ਤਿਆਗ, ਚੁਗਲੀ ਦਾ ਤਿਆਗ, ਕਪਟ ਦਾ ਤਿਆਗ, ਪੰਜ ਚੋਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਨ੍ਹਾਂ ਦਾ ਤਿਆਗ। ਪੰਜ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹਨਾਂ ਦਾ ਤਿਆਗ। ਈਰਖਾ ਦਾ ਤਿਆਗ, ਵਾਸ਼ਨਾਵਾਂ ਦਾ ਤਿਆਗ, ਵਾਸ਼ਨਾਵਾਂ ਨਾਲ ਅਸੀਂ ਸਾਰੇ ਬੰਨੇ ਹੋਏ ਹਾਂ। ਮਨ ਕਿਉਂ ਨਹੀਂ ਟਿਕਦਾ? ਮੈਂ ਪਹਿਲੇ ਦਿਨ ਦਸਿਆ ਸੀ ਕਿ ਮਨ ਤਾਂ ਨਹੀਂ ਟਿਕਦਾ ਕਿਉਂਕਿ ਮਨ ਵਿਚ ਅਨੇਕ ਵਾਸ਼ਨਾਵਾਂ ਹਨ ਤੇ ਉਹ ਪੂਰੀਆਂ ਨਹੀਂ ਹੁੰਦੀਆਂ। ਜਿੰਨੀਆਂ ਪੂਰੀਆਂ ਹੋ ਗਈਆਂ ਉਸ ਤੋਂ ਅਗੇ ਹੋਰ ਜਾਗ ਪੈਂਦੀਆਂ ਹਨ। ਮਹਾਰਾਜ ਕਹਿੰਦੇ,

***ਕੋਟਿ ਜੋਰੇ ...............॥ ਪੰਨਾ – 213***

ਕਰੋੜ ਰੁਪਇਆ ਜੋੜ ਲਿਆ। ਕਹਿੰਦੇ, ਇਹ ਤਾਂ ਥੋੜਾ ਹੀ ਹੈ। ਜਿਉਂ ਲਗਿਆ ਜੋੜਨ ਕਹਿੰਦੇ –

***.......... ਲਾਖ ਕ੍ਰੋਰੇ .........॥ ਪੰਨਾ – 213***

ਸੋ ਖਰਬ ਜੋੜ ਲਿਆ ਉਥੇ ਖੜ ਗਿਆ। ਮਹਾਰਾਜ ਕਹਿੰਦੇ –

***............ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਪੰਨਾ – 213***

ਹੋਰ ਅਗੇ ਚਲ ਪੈਂਦਾ ਹੈ, ਹੋਰ ਅਗੇ ਚਲ ਪੈਂਦਾ ਹੈ। ਇਹ ਵਾਸ਼ਨਾਵਾਂ ਆਦਮੀ ਦੇ ਅੰਦਰ ਜਿੰਦਗੀ ਭਰ ਰਹਿੰਦੀਆਂ ਹੈ। ਮਰਣ ਤੋਂ ਬਾਅਦ ਕੀ ਕਰਦੀਆਂ ਹਨ ਕਿ ਜਿਵੇਂ ਦੀ ਵਾਸ਼ਨਾ ਹੁੰਦੀ ਹੈ, ਉਸ ਤਰ੍ਹਾਂ ਦਾ ਜਨਮ ਮਿਲ ਜਾਂਦਾ ਹੈ।

***ਅੰਤ ਮਤੇ ਸੋ ਗਤੇ॥***

***ਵਾਸਨਾ ਬਧਾ ਆਵੈ ਜਾਵੈ॥***

ਜਨਮ ਮਰਣ ਦਾ ਚੱਕਰ ਵੀ ਇਸ ਦੇ ਗੱਲ ਵਾਸ਼ਨਾਵਾਂ ਨੇ ਪਾਇਆ ਹੋਇਆ ਹੈ। ਨਵਾਬ ਦੌਲਤਖਾਹ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਸੀ, ਹੇ ਨਾਨਕ! ਮਨ ਕਿਵੇਂ ਟਿੱਕੇ? ਮਹਾਰਾਜ ਕਹਿੰਦੇ, ਜਦ ਤਕ ਵਾਸ਼ਨਾ ਨਹੀਂ ਖਤਮ ਹੁੰਦੀ ਉਦੋਂ ਤਕ ਮਨ ਨਹੀਂ ਟਿਕਦਾ। ਵਾਸ਼ਨਾ ਦੇ ਵਿਚ ਪਹਿਲੀ ਧਨ ਵਾਸ਼ਨਾ, ਧਨ ਕਮਾਉਣ ਵਾਸਤੇ। ਕਹਿੰਦਾ, ਜੇ ਮੇਰੇ ਕੋਲ ਲਖ ਰੁਪਇਆ ਹੋ ਜਾਏ ਬਹੁਤ ਹੈ। ਕੁਦਰਤ ਨੇ ਸਾਥ ਦਿੱਤਾ, ਕਿਸਮਤ ਨੇ ਸਾਥ ਦਿੱਤਾ, ਲਖ ਹੋ ਗਿਆ। ਮਨੁਖ ਕਹਿੰਦੈ ਇਹ ਤਾਂ ਥੋੜ੍ਹਾ ਹੈ, ਫਲਾਣੇ ਤੋਂ ਥੋੜ੍ਹਾ ਹੈ, ਹੋਰ ਵੱਧ ਗਿਆ, ਵੱਧਦਾ ਵੱਧਦਾ ਵੱਡਾ ਹੋ ਗਿਆ।

ਕੋਈ ਬਾਹਰੋ ਆਇਆ, ਉਸਨੇ ਡਾਲਰਾਂ ਦੀ ਗੱਲ ਕੀਤੀ ਕਿ ਮੇਰੇ ਲਖ ਡਾਲਰ ਨੇ। ਕਹਿੰਦੇ ਇਸ ਕੋਲ 30 ਲੱਖ ਜਮ੍ਹਾ ਹੈ। ਉਹ ਵੀ ਲਗ ਗਿਆ ਕੋਸ਼ਿਸ਼ ਕਰਨ, ਉਹਨੇ ਵੀ ਕਰ ਲਏ, ਹੋਲੀ ਹੋਲੀ ਕਰੋੜ ਹੋ ਗਏ। ਕਹਿੰਦਾ, ਇਹ ਤਾਂ ਥੋੜੇ ਹੀ ਨੇ, ਇਸ ਤੋਂ ਬਾਅਦ ਤਾਂ ਕਿੰਨੇ ਹੀ ਬੰਦੇ ਨੇ ਜਿਨ੍ਹਾਂ ਕੋਲ ਕਿੰਨੇ ਕਿੰਨੇ ਕਰੋੜ ਹੈ। ਇਹਦੇ ਕੋਲ ਕਰੋੜ ਵੀ ਹੋ ਗਿਆ, ਫੇਰ ਅਰਬਾਂ ਦਾ ਖਿਆਲ ਆ ਗਿਆ। ਮਹਾਰਾਜ ਕਹਿੰਦੇ, ਇਹ ਤ੍ਰਿਸ਼ਨਾ ਦੀ ਅੱਗ ਬੁਝਦੀ ਨਹੀਂ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥ ਪੰਨਾ – 213***

ਕੋਈ ਵਿਰਲਾ ਬੰਦਾ ਹੈ, ਜਿਹੜਾ ਤ੍ਰਿਸ਼ਨਾ ਨੂੰ ਬੁਝਾ ਸਕੇ। ਸਾਰੀ ਜ਼ਿੰਦਗੀ ਖੱਪ ਖੱਪ ਕੇ ਮਰ ਜਾਂਦਾ ਹੈ ਤੇ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਵਾਂਝਾ ਰਹਿ ਕੇ ਸੰਸਾਰ ਤੋਂ ਚਲਾ ਜਾਂਦਾ ਹੈ। ਲੇਕਿਨ ਧਨ ਦੀ ਵਾਸ਼ਨਾ ਨਹੀਂ ਖਤਮ ਹੁੰਦੀ, ਅਗੇ ਹੀ ਅਗੇ ਵੱਧਦੀ ਜਾਂਦੀ ਹੈ। ਦੂਸਰੀ ਵਾਸ਼ਨਾ ਹੁੰਦੀ ਹੈ ਦੇਹ ਵਾਸ਼ਨਾ। ਦੇਹ ਨੂੰ ਸ਼ਿੰਗਾਰਦੇ ਰਹਿੰਦੇ ਹਨ। ਸਫੇਦ ਵਾਲ ਹੋ ਗਏ ਤਾਂ ਕਹਿੰਦੇ ਕਿ ਇਹ ਤਾਂ ਚੰਗੇ ਨਹੀਂ ਲਗਦੇ, ਉਤੋਂ ਦੀ ਕਾਲਾ ਰੰਗ ਲਾ ਕੇ ਅਤੇ ਕਲਫ ਆਦਿ ਲਗਾਣਾ ਸ਼ੁਰੂ ਕਰ ਦਿੱਤਾ। ਇਸ ਦੇਹ ਨੂੰ ਵਧੀਆ ਤੋਂ ਵਧੀਆਂ ਕੱਪੜੇ ਲਿਆ ਕੇ ਪਾਉਂਦਾ ਹੈ, ਇਸਦਾ ਨਤੀਜਾ ਕੀ ਹੈ? ਕਹਿੰਦੇ, ਇਹ ਤਾਂ ਮਿੱਟੀ ਵਿਚ ਗੱਲ ਜਾਣੀ ਹੈ, ਹੱਡੀਆਂ ਦਾ ਵੀ ਨਹੀਂ ਪਤਾ ਚਲਣਾ ਕਿਧਰ ਚਲੇ ਗਈਆਂ ਹਨ। ਜਿਸ ਨੂੰ ਤੂੰ ਸ਼ਿੰਗਾਰਦਾ ਰਹਿੰਦਾ ਹੈ –

***ਜਿਹ ਸਿਰਿ ਰਚਿ ਰਚਿ ਬਾਧਤ ਪਾਗ॥***
***ਸੋ ਸਿਰੁ ਚੁੰਚ ਸਵਾਰਹਿ ਕਾਗ॥ ਪੰਨਾ – 330***

ਕਹਿੰਦੇ, ਆਦਮੀ ਦੀ ਵਾਸਨਾ ਕਦੇ ਖਤਮ ਨਹੀਂ ਹੁੰਦੀ। ਤੀਸਰੀ ਹੁੰਦੀ ਹੈ ਲੋਕ ਵਾਸਨਾ। ਲੋਕ ਵਾਸਨਾ ਵਾਸਤੇ ਆਦਮੀ ਦੇ ਮਨ ਵਿਚ ਹੁੰਦਾ ਹੈ ਕਿ ਮੇਰੇ ਕੋਲ ਸਭ ਤੋਂ ਵਧੀਆ ਚੀਜ਼ਾਂ ਹੋਣ, ਮੇਰਾ ਘਰ ਵੀ ਵਧੀਆ ਹੋਵੇ, ਜਦੋਂ ਮੈਂ ਵਿਆਹ ਕਰਾਂ ਇਸ ਤਰ੍ਹਾਂ ਦਾ ਕਰਾਂ ਕਿ ਲੋਕ ਧੰਨ ਧੰਨ ਕਰਨ। ਅੱਜ ਤਕ ਕੋਈ ਐਸਾ ਬੰਦਾ ਨਹੀਂ ਕਿ ਜਿਸਦੀ ਸਾਰੇ ਉਪਮਾ ਕਰਨ, ਨਾ ਕੋਈ ਐਸਾ ਹੈ ਜਿਸਦੀ ਸਾਰੇ ਨਿੰਦਿਆ ਕਰਨ। ਨਿੰਦਿਆ ਵੀ ਹੁੰਦੀ ਹੈ ਤੇ ਉਪਮਾ ਵੀ ਹੁੰਦੀ ਰਹਿੰਦੀ ਹੈ। ਦੋਨੋਂ ਗੱਲਾਂ ਤਾਂ ਹੁੰਦੀਆਂ ਹੀ ਹਨ। ਜਦੋਂ ਦਿਨ ਹੈ ਤਾਂ ਰਾਤ ਨੇ ਵੀ ਉਨੀ ਵੱਡੀ ਹੋ ਕੇ ਆਉਣਾ ਹੈ। ਲੋਕ ਵਾਸਨਾ ਬਹੁਤ ਤੰਗ ਕਰਦੀ ਹੈ।

ਜਦੋਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਲੰਕਾਂ ਜਿੱਤ ਕੇ

ਅਯੋਧਿਆ ਆਏ। ਅਗਨ ਪਰੀਕਸ਼ਾ ਲੈ ਕੇ ਸੀਤਾ ਨੂੰ ਆਪਣੇ ਨਾਲ ਰਲਾਇਆ। ਇਸ ਤੋਂ ਬਾਅਦ ਇਕ ਦਿਨ ਆਪ ਪ੍ਰਜਾ ਦਾ ਹਾਲ ਦੇਖਣ ਵਾਸਤੇ ਵੀਰ ਯਾਤਰਾ ਕਰਦੇ ਕਰਦੇ ਇਕ ਐਸੇ ਥਾਂ ਗਏ, ਜਿਥੇ ਇਕ ਪਤੀ ਤੇ ਪਤਨੀ ਆਪਸ ਵਿਚ ਲੜ ਰਹੇ ਸਨ। ਕੀ ਦੇਖਦੇ ਹਨ ਹਨ੍ਹੇਰਾ ਹੋ ਚੁਕਿਆ ਸੀ ਕਿ ਇਕ ਪਤੀ ਆਪਣੀ ਪਤਨੀ ਨੂੰ ਘਰ ਦੇ ਅੰਦਰ ਨਹੀਂ ਸੀ ਆਉਣ ਦੇ ਰਿਹਾ ਤੇ ਕਹਿ ਰਿਹਾ ਸੀ ਕਿ ਮੇਰੇ ਘਰ ਵਿਚ ਪੈਰ ਨਾ ਰਖੀਂ। ਰਾਮਚੰਦਰ ਜੀ ਨੇ ਭੇਸ ਵਟਾਇਆ ਹੋਇਆ ਸੀ, ਜਾ ਕੇ ਪੁਛਿਆ, ਪੁਰਖਾ! ਕੀ ਗੱਲ ਹੈ ਤੂੰ ਇਸ ਨੂੰ ਅੰਦਰ ਕਿਉਂ ਨਹੀਂ ਆਉਣ ਦੇ ਰਿਹਾ, ਇਹ ਕਿਥੇ ਜਾਵੇ? ਕਹਿੰਦਾ, ਮੈਂ ਇਸਨੂੰ ਕਿਵੇਂ ਆਉਣ ਦਿਆਂ ਅੰਦਰ ਕਿਉਂਕਿ ਮੇਰੀ ਇਜਾਜਤ ਤੋਂ ਬਗੈਰ ਇਹ ਪੇਕਿਆਂ ਨੂੰ ਗਈ ਹੈ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕਿਉਂ ਬੀਬੀ! ਤੂੰ ਆਪਣੇ ਪਤੀ ਨੂੰ ਪੁਛਿਆ ਨਹੀਂ ਸੀ। ਉਸ ਬੀਬੀ ਨੇ ਕਿਹਾ ਕਿ ਮੈਨੂੰ ਸੁਨੇਹਾ ਆਇਆ ਸੀ ਕਿ ਮੇਰੇ ਪਿਤਾ ਜੀ ਬਹੁਤ ਸਖਤ ਬਿਮਾਰ ਹਨ ਤੇ ਇਹ ਧੋਬੀਘਾਟ ਗਇਆ ਹੋਇਆ ਸੀ। ਮੇਰੇ ਜਿਹੜੇ ਪੇਕੇ ਨੇ, ਇਹ ਸਾਮ੍ਹਣੇ ਥੋੜੀ ਵਿਥ ਤੇ ਹੀ ਹਨ, ਆਹ ਸਾਰਾ ਪਿੰਡ ਜਿਹੜਾ ਦਿਖਦਾ ਹੈ ਇਹ ਮੇਰੇ ਪੇਕਾ ਪਿੰਡ ਹੈ, ਕੋਈ ਅੱਧਾ ਮੀਲ ਤੇ ਹੈ ਤੇ ਧੋਬੀਘਾਟ ਡੇਢ ਮੀਲ ਤੇ ਹੈ ਤੇ ਜੋ ਮੈਂ ਉਧਰ ਪੁੱਛਣ ਜਾਂਦੀ ਤਾਂ ਮੈਨੂੰ ਤਿੰਨ ਮੀਲ ਤਾਂ ਆਹੀ ਵਾਟ ਪੈ ਜਾਣੀ ਸੀ, ਨਾਲੇ ਜ਼ਿਆਦਾ ਚਿਰ ਘਰ ਤੋਂ ਗੈਰਹਾਜ਼ਿਰ ਰਹਿਣਾ ਪੈਣਾ ਸੀ। ਮੈਂ ਸੋਚਿਆ ਕਿ ਮੈਂ ਨੱਠ ਕੇ ਜਾ ਕੇ ਆਪਣੇ ਪਿਓ ਦੀ ਖਬਰ ਲੈ ਆਵਾਂ। ਪਾਣੀ ਨੀ ਪੀਤਾ, ਰੋਟੀ ਨੀ ਖਾਧੀ, ਉਸੇ ਤਰ੍ਹਾਂ ਆ ਗਈ ਹਾਂ, ਹੁਣੇ ਹੀ ਗਈ ਸੀ, ਹੁਣੇ ਹੀ ਮੁੜ ਆਈ। ਰਾਮ ਚੰਦਰ ਜੀ ਨੇ ਕਿਹਾ ਕਿ ਇਸ ਵਿਚ ਇਸਦਾ ਕੀ ਕਸੂਰ ਹੈ ਤੂੰ ਬੀਬੀ ਨੂੰ ਅੰਦਰ ਆਉਣ ਦੀ ਆਗਿਆ ਦੇਹ। ਧੋਬੀ ਕਹਿਣ ਲੱਗਿਆ ਵਾਹ ਬਈ ਵਾਹ, ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈ ਕਿ ਸੀਤਾ ਲੰਕਾਪਤੀ ਰਾਵਣ ਦੇ ਬਾਗ ਵਿਚ ਰਹੀ ਹੋਈ ਨੂੰ ਰਾਮ ਚੰਦਰ ਨੇ ਫੇਰ ਵਾੜ ਲਿਆ। ਕੀ ਤੂੰ ਮੈਨੂੰ ਰਾਮ ਚੰਦਰ ਸਮਝ ਲਿਆ? ਉਸੀ ਸਮੇਂ ਰਾਮ ਚੰਦਰ ਜੀ ਦੇ ਮਨ ਤੇ ਬੜੀ ਗਹਿਰੀ ਸੱਟ ਲਗੀ। ਲੋਕਾਂ ਨੇ ਰਾਇ ਗਲਤ ਦੇ ਦਿੱਤੀ। ਉਹਨਾਂ ਨੂੰ ਸੀਤਾ ਜੀ ਦਾ ਤਿਆਗ ਕਰਨਾ ਪਿਆ।

ਇਕ ਵਾਰ ਦੋਨੋਂ ਭਰਾ ਰਾਮ ਚੰਦਰ ਜੀ ਤੇ ਲੱਛਮਣ ਜੀ ਪੂਰਬ ਵੱਲ ਚਲੇ ਗਏ। ਉਥੇ ਗਏ ਤਾਂ ਪਾਣੀ ਦੀ ਪਿਆਸ ਲਗੀ। ਇਕ ਕਿਸਾਨ ਹਲ ਚਲਾ ਰਿਹਾ ਹੈ। ਉਸਨੇ ਸਿਰ ਉਤੇ ਲੋਹੇ ਦੀਆਂ ਤਾਰਾਂ ਦਾ ਇਕ ਟੋਪ ਲਿਆ ਹੋਇਆ ਹੈ ਤੇ ਤਾਰਾਂ ਦਾ ਹੀ ਕੋਟ ਗਲ ਵਿਚ ਪਾਇਆ ਹੋਇਆ ਹੈ। ਬਲਦਾਂ ਦੇ ਉਤੇ ਵੀ ਲੋਹੇ ਦੇ ਝੁਲ ਪਾਏ ਹੋਏ ਨੇ ਤੇ ਪੈਰਾਂ ਦੇ ਵਿਚ ਚਮੜੇ ਦੇ ਫੁਟਲਸ ਪਾਏ ਹੋਏ ਹਨ। ਕਿਸਾਨ ਨੇ ਆਪਣੇ ਪੈਰਾਂ ਵਿਚ ਵੀ ਫੁਟਲਸ ਪਾਏ ਹੋਏ ਹਨ। ਪਾਣੀ ਪੀਣ ਤੋਂ ਬਾਅਦ ਰਾਮ ਚੰਦਰ ਜੀ ਕਹਿਣ ਲੱਗੇ, ਪੁਰਖਾ! ਤੂੰ ਹਲ ਵਾਹੁਣ ਆਇਆ ਹੈਂ ਤੇ ਰੂਪ ਕੀ ਬਣਾਇਆ ਹੈ, ਇਹ ਕਿਉਂ ਹੈ? ਕਹਿੰਦਾ, ਮਹਾਰਾਜ ਐਥੇ ਇਕ ਪੰਛੀ ਹੈ ਉਸਦੀ ਬਹੁਤ ਤੇਜ ਚੁੰਜ ਹੈ, ਜੇ ਉਹ ਝਪਟਾ ਮਾਰੇ ਤਾਂ ਮਾਸ ਕੱਢ ਕੇ ਲੈ ਜਾਂਦਾ ਹੈ। ਇਸ ਕਰਕੇ ਲੋਹੇ ਦੀਆਂ ਤਾਰਾਂ ਦਾ ਅਸੀਂ ਝੂਲ ਬਣਾ ਦਿੱਤਾ ਤੇ ਮੈਂ ਵੀ ਤਾਰਾਂ ਦੀ ਟੋਪੀ ਉਤੇ ਲਿਤੀ ਹੋਈ ਹੈ। ਕਹਿੰਦੇ, ਫੇਰ ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹਨ ਕਹਿੰਦਾ, ਐਥੇ ਇਕ ਬਹੁਤ ਜ਼ਹਿਰੀਲਾ ਬਿੱਛੂ ਹੈ, ਜਦ ਉਹ ਲੜ ਜਾਂਦਾ ਹੈ ਤਾਂ ਪੱਥਰ ਨੂੰ ਵੀ ਖਿਲ ਬਣਾ ਦਿੰਦਾ ਹੈ। ਉਸ ਤੋਂ ਬਚਣ ਵਾਸਤੇ ਅਸੀਂ ਇਹ ਕੀਤਾ ਹੈ। ਰਾਮ ਚੰਦਰ ਜੀ ਕਹਿਣ ਲੱਗੇ, ਦੇਖ! ਭਾਰਤ ਵਰਸ਼ ਦੇ ਵਿਚ ਕਿਧਰੇ ਜ਼ਮੀਨ ਦਾ ਘਾਟਾ ਹੈ। ਤੂੰ ਇਹ ਜ਼ਮੀਨ ਛਡਕੇ, ਚੰਗੀ ਜਗ੍ਹਾ ਜਾ ਕੇ ਲੈ ਲਵੋ। ਕਿਸਾਨ ਨੇ ਕਿਹਾ ਕਿ ਵਾਹ ਜੀ ਵਾਹ, ਕਹਿੰਦਾ ਮੈਂ ਤੁਹਾਨੂੰ ਚੰਗਾ ਪਾਣੀ ਪਿਲਾਇਐ? ਪਰ ਮੈਂ ਤੁਹਾਡੇ ਤੋਂ ਕੋਈ ਗਲਤ ਰਾਇ ਥੋੜਾ ਲੈਣੀ ਹੈ। ਤੁਸੀਂ ਮੈਨੂੰ ਇਹ ਦੱਸੋ ਭਲਾ ਆਪਣੀ ਔਰਤ ਨੂੰ ਤੇ ਆਪਣੀ ਜ਼ਮੀਨ ਨੂੰ ਦੁਨੀਆਂ ਵਿਚ ਕੌਣ ਛਡਦਾ ਹੈ? ਕੀ ਤੁਸੀਂ ਮੈਨੂੰ ਰਾਮ ਚੰਦਰ ਸਮਝਿਆ ਹੈ ਕਿ ਜਿਸ ਨੇ ਲੋਕਾਂ ਦੇ ਕਹਿਣ ਤੇ ਸੀਤਾ ਜੀ ਦਾ ਤਿਆਗ ਕਰ ਦਿਤਾ। ਮੈਂ ਇਹ ਹਰਗਿਜ਼ ਨਹੀਂ ਕਰ ਸਕਦਾ। ਰਾਮ ਚੰਦਰ ਜੀ ਲੱਛਮਣ ਦੇ ਮੂੰਹ ਵੱਲ ਦੇਖਣ ਲਗ ਪਏ। ਕਹਿੰਦੇ, ਲੱਛਮਣ! ਹੁਣ ਦੱਸ ਕੀ ਕਰੀਏ, ਦੁਨੀਆਂ ਤਾਂ ਦੋ ਮੂੰਹੀ ਹੈ। ਰਾਮ ਚੰਦਰ ਜੀ ਲੱਛਮਣ ਨੂੰ ਕਹਿੰਦੇ, ਉਧਰ ਧੋਬੀ ਨੇ ਕਿਹਾ ਕਿ ਸੀਤਾ ਜੀ ਨੂੰ ਘਰ ਕਿਉਂ ਲਿਆਂਦਾ ਤੇ ਏਧਰ ਵਾਲੇ ਪਾਸੇ ਆਹ ਉਲਟੀ ਗੱਲ ਕਹਿੰਦਾ ਹੈ। ਸੋ ਲੋਕ ਵਾਸ਼ਨਾ ਵਿਚ ਪੈ ਕੇ ਬੰਦਾ ਕਿਸੇ ਨੂੰ ਖੁਸ਼ ਨਹੀਂ ਕਰ ਸਕਦਾ। ਸਾਰਿਆਂ ਦੀ ਆਪਣੀ ਆਪਣੀ ਮਤ ਹੁੰਦੀ ਹੈ ਜਿਵੇਂ ਦੀ ਕਿਸੇ ਦੀ ਸਮਝ ਵਿਚ ਆਉਂਦੀ ਹੈ, ਵੈਸੀ ਹੀ ਗੱਲ ਕਰਦਾ ਹੈ।

ਫੇਰ ਸ਼ਸਤਰ ਵਾਸ਼ਨਾ ਹੁੰਦੀ ਹੈ ਕਿ ਕਿਤਾਬਾਂ ਪੜ੍ਹੀ ਜਾਣੀਆਂ, ਲੋਕਾਂ ਨੂੰ ਸੁਣਾਈ ਜਾਣੀਆ ਤੇ ਆਪਣਾ ਹਾਲ ਪੋਰ ਵਰਗਾ ਹੁੰਦਾ ਹੈ। ਕਿਸਾਨ ਪੋਰ ਨੂੰ ਹੱਲ ਦੇ ਨਾਲ ਲਾ ਕੇ ਧਰਤੀ ਵਿਚ ਦਾਣੇ ਬੀਜਦਾ ਹੈ ਜੋ ਵਿਚੋਂ ਖੋਖਲਾ ਹੁੰਦਾ ਹੈ। ਧਰਤੀ ਵਿਚ ਜਾ ਕੇ ਦਾਣੇ ਜੰਮ ਜਾਂਦੇ ਹਨ, ਪਰੰਤੂ ਪੋਰ ਵਿਚ ਕੋਈ ਵੀ ਨਹੀਂ ਰਹਿੰਦਾ। ਗ੍ਰੰਥ ਵਿਚੋਂ ਪੜ੍ਹ ਕੇ ਲੋਕਾਂ ਨੂੰ ਸੁਣਾਈ ਜਾਣਾ ਤੇ ਲੋਕਾਂ ਤੋਂ ਵਾਹਵਾ-ਵਾਹਵਾ ਲਈ ਜਾਣੀ, ਇਸ ਨੂੰ ਸ਼ਸਤਰ ਵਾਸ਼ਨਾ ਆਖਦੇ ਹਨ।

ਫੇਰ ਹੋਇਆ ਕਰਦੀ ਹੈ ਅੰਗਸ਼ਠਾਨ ਵਾਸ਼ਨਾ, ਚਿਲੇ ਕਟਣੇ ਤੇ ਵਚਨ ਕਰਨੇ ਕਿ ਬਈ ਤੇਰਾ ਫਲਾਣਾ ਕੰਮ ਹੋ ਜਾਵੇਗਾ। ਪਹਿਲਾਂ ਤਾਂ ਸਰੀਰ ਤੇ ਕਸ਼ਟ ਸਹਿ ਕੇ ਚਿਲੇ ਕੱਟਦੇ ਹਨ। ਫੇਰ ਉਹਨਾਂ ਨੂੰ ਪੈਸਿਆਂ ਲਈ ਲੋਕਾਂ ਨੂੰ ਵੇਚਦੇ ਹਨ। ਇਹ ਵਾਸ਼ਨਾ ਸਭ ਤੋਂ ਮਾੜੀ ਹੁੰਦੀ ਹੈ। ਸੋ ਇਸ ਤਰ੍ਹਾਂ ਵਾਸ਼ਨਾ ਦਾ ਤਿਆਗ ਕਰੇ ਬਿਨਾਂ ਨਾਮ ਨਹੀਂ ਚਲਦਾ। ਨਾਮ ਨੂੰ ਰੋਜ਼ੀ ਵਾਸਤੇ ਵੇਚਣਾ ਕਿ ਕੀਰਤਨ

ਸੋਹਣਾ ਕਰਦਾ ਹੈ ਤੇ ਵਾਜੇ ਦੇ ਉਤੇ ਪੈਸੇ ਧਰਾਉਣ ਲਗ ਜਾਣਾ, ਰੋਜੀ ਪਿਛੇ ਨਾਮ ਨੂੰ ਵੇਚਣਾ, ਆਪਣੇ ਤੱਪ ਨੂੰ ਵੇਚਣਾ ਹੁੰਦਾ ਹੈ। ਬੰਦਾ ਭੁਲ ਜਾਂਦਾ ਹੈ, ਰੋਜੀ ਤਾਂ ਪ੍ਰਮੇਸ਼ਰ ਦਿੰਦਾ ਹੈ, ਕੌਣ ਹੈ ਦੁਨੀਆਂ ਵਿਚ ਜਿਸ ਨੂੰ ਰੋਜੀ ਨਹੀਂ ਮਿਲਦੀ। ਮਹਾਰਾਜ ਤਾਂ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰੋਜੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਬੰਦਿਆ -2, 2.*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥ ਪੰਨਾ - 9*

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਜੀ ਦਾ ਦੀਵਾਨ ਲਗਿਆ ਹੋਇਆ ਹੈ। ਸੰਗਰਾਂਦ ਦਾ ਦਿਹਾੜਾ ਹੈ। ਦੂਰ ਦਰਾਜ ਤੋਂ ਆ ਕੇ ਸੰਗਤਾਂ ਨਮਸ਼ਕਾਰ ਕਰਦੀਆਂ ਨੇ, ਹਰੀ ਦਾ ਜੱਸ ਸਰਵਣ ਕਰਦੀਆਂ ਹਨ। ਜਦੋਂ ਅਦਰਾਸ ਹੋਣ ਲੱਗੀ ਇਕ ਪ੍ਰੇਮੀ ਦੀਵਾਨ ਵਿਚੋਂ ਉਠਿਆ, ਮੱਥਾ ਟੇਕ ਕੇ ਤੁਰ ਗਿਆ। ਅਗਲੇ ਮਹੀਨੇ ਦੀ ਸੰਗਰਾਂਦ ਤੇ ਫੇਰ ਮਹਾਰਾਜ ਜੀ ਨੇ ਦੇਖਿਆ, ਤੀਸਰੀ ਤੇ ਫੇਰ ਦੇਖਿਆ, ਸਿੰਘਾਂ ਨੂੰ ਹੁਕਮ ਕਰ ਦਿਤਾ ਕਿ ਇਹ ਜਿਹੜਾ ਗੁਰਸਿਖ ਹੈ, ਉਸਨੂੰ ਜਾਣ ਨਹੀਂ ਦੇਣਾ। ਚੌਥੀ ਸੰਗਰਾਂਦ ਤੇ ਜਦੋਂ ਮੱਥਾ ਟੇਕ ਕੇ ਜਾਣ ਲਗਿਆ ਤਾਂ ਸਿੰਘਾਂ ਨੇ ਰੋਕ ਲਿਆ ਕਿ ਤੇਰੇ ਵਾਸਤੇ ਹੁਕਮ ਹੈ ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਮਿਲਕੇ ਜਾਵੀਂ। ਉਸਨੂੰ ਮਹਾਰਾਜ ਜੀ ਅੱਗੇ ਪੇਸ਼ ਕੀਤਾ। ਮਹਾਰਾਜ ਕਹਿੰਦੇ, ਸਿੰਘਾਂ ਤੈਨੂੰ ਚਾਰ ਸੰਗਰਾਂਦਾ ਤੋਂ ਦੇਖ ਰਹੇ ਹਾਂ ਕਿ ਤੂੰ ਅਰਦਾਸ ਤੋਂ ਪਹਿਲੇ ਹੀ ਤੁਰ ਜਾਂਦਾ ਹੈ। ਸਾਧ ਸੰਗਤ ਜੀ! ਗੁਰੂਆਂ, ਪੀਰਾਂ ਨਾਲ ਮਰਿਆਦਾ ਇਹ ਹੁੰਦੀ ਹੈ, ਕਿ ਜਦ ਤਕ ਗੁਰੂ ਸ਼ਸ਼ੋਭਿਤ ਹੈ, ਸਿੱਖ ਨੂੰ ਉਠਣਾ ਬਹੁਤ ਸਖਤ ਮਨ੍ਹਾ ਹੈ। ਬਹੁਤ ਹੀ ਜਰੂਰੀ ਕੰਮ ਹੋਵੇ, ਅੰਦਰ ਅਰਦਾਸ ਕਰਕੇ ਜਾਵੇ, ਗੁਰੂ ਨੂੰ ਪਿਠ ਨਾ ਦੇਵੇ। ਖਾਸ ਕਰਕੇ ਜਿਵੇਂ ਹੁਣ ਦੀਵਾਨ ਲਗਦੇ ਨੇ, ਮਹਾਰਾਜ ਸਿੰਘਾਸਨ ਤੇ ਬਿਰਾਜਮਾਨ ਹੁੰਦੇ ਨੇ, ਹੁਕਮਨਾਮੇ ਤੋਂ ਪਹਿਲਾਂ ਜਿਹੜਾ ਚਲਿਆ ਜਾਂਦਾ ਹੈ, ਉਹ ਆਪਣੇ ਆਪ ਨੂੰ ਇਵੇਂ ਸਮਝੇ ਕਿ ਜਿਹਾ ਆਇਆ ਜਿਹਾ ਨਾ ਆਇਆ। ਜੇਕਰ ਗੁਰੂ ਦਾ ਹੁਕਮ ਸੁਣੇ ਬਿਨਾਂ ਉਠ ਕੇ ਚਲਾ ਗਿਆ। ਗੁਰੂ ਨੂੰ ਪਿਠ ਦੇ ਗਿਆ ਪਿਠ ਦੇਣੀ ਠੀਕ ਨਹੀਂ ਹੋਇਆ ਕਰਦੀ। ਕੋਈ ਨਹੀਂ ਜੇ 10 ਮਿੰਟ ਹੋਰ ਲਗ ਜਾਣਗੇ, ਫੇਰ ਵੀ 24 ਘੰਟਿਆਂ ਵਿਚ 10 ਮਿੰਟ ਹੋਰ ਲਾ ਲਓ। ਮਹਾਤਮਾ ਕੋਲ ਜਦੋਂ ਜਾਈਦਾ ਹੈ ਤਾਂ ਉਹਨਾਂ ਤੋਂ ਵਾਪਸ ਆਉਣ ਦੀ ਇਜਾਜ਼ਤ ਜ਼ਰੂਰ ਲੈਣੀ ਚਾਹੀਦੀ ਹੈ। ਮਹਾਤਮਾ ਅਸੀਸ ਦਿੰਦੇ ਨੇ, ਖੁਸ਼ੀਆਂ ਦਿੰਦੇ ਨੇ ਕਿ ਭਾਈ ਤੇਰਾ ਸਫਰ ਸੁਖ ਨਾਲ ਬੀਤੇ। ਦਸਮੇਸ਼ ਪਿਤਾ ਜੀ ਪੁਛਣ ਲੱਗੇ ਬਈ ਗੁਰਸਿੱਖਾ ਤੂੰ ਮੱਥਾ ਟੇਕ ਕੇ ਅਰਦਾਸ ਤੋਂ ਪਹਿਲਾਂ ਕਿਉਂ ਤੁਰ ਜਾਂਦਾ ਹੈ? ਕਹਿੰਦਾ, ਸੱਚੇ ਪਾਤਸ਼ਾਹ! ਮੇਰਾ ਘਰ ਬੜੀ ਦੂਰ ਹੈ ਤੇ ਮੈਂ ਗਰੀਬ ਆਦਮੀ ਹਾਂ। ਜੇ ਮੈਂ ਐਥੇ ਰਹਿ ਕੇ ਦੇਰ ਨਾਲ ਗਿਆ, ਮੇਰਾ ਤਾਂ ਟੱਬਰ ਭੁਖਾ ਮਰ ਜਾਵੇਗਾ। ਮਹਾਰਾਜ ਕਹਿੰਦੇ, ਪਾਠ ਵੀ ਕਰਦਾ ਹੁੰਦਾ ਹੈ, ਕਹਿੰਦਾ ਹਾਂ ਮਹਾਰਾਜ। ਆਪ ਜੀ ਦੀ ਕ੍ਰਿਪਾ ਨਾਲ ਪਾਠ ਵੀ ਕਰਦਾ ਹੁੰਦਾ ਹਾਂ ਤੇ ਮੈਂ ਕਥਾ ਵੀ ਕਰਦਾ ਹੁੰਦਾ ਹਾਂ। ਕਹਿੰਦੇ, ਚੰਗਾ ਮਹਾਰਾਜ ਕਹਿੰਦੇ, ਬਾਣੀ ਨੂੰ ਵਿਚਾਰਦਾ ਵੀ ਹੁੰਦਾ ਹੈ। ਕਹਿੰਦਾ, ਮਹਾਰਾਜ ਕਥਾ ਤਾਂ ਹੀ ਕਰਦਾ ਹਾਂ, ਜੇ ਮੈਂ ਬਾਣੀ ਨੂੰ ਵਿਚਾਰਦਾ ਹਾਂ। ਕਹਿੰਦੇ, ਰਹਿਰਾਸ ਵਿਚ ਕਦੇ ਪੜ੍ਹਿਆ ਹੈ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥ ਪੰਨਾ - 9*

ਕਹਿੰਦਾ, ਮਹਾਰਾਜ ਰੋਜ਼ ਪੜ੍ਹਦਾ ਹਾਂ। ਕਹਿੰਦੇ, ਇਸ ਤੇ ਤੈਨੂੰ ਵਿਸਵਾਸ਼ ਨਹੀਂ ਹੈ। ਰੋਜੀ ਤਾਂ ਪ੍ਰਮੇਸ਼ਰ ਨੇ ਦੇਣੀ ਹੈ। ਕਹਿੰਦੇ, ਰੋਜੀ ਪ੍ਰਮੇਸ਼ਰ ਨੇ ਦੇਣੀ ਹੈ, ਤੈਨੂੰ ਤਾਂ ਵਿਚਾਲੇ ਇਕ ਸਾਧਨ ਬਣਾਇਆ ਹੋਇਆ ਹੈ। ਰੋਜੀ ਤਾਂ ਰੱਬ ਨੇ ਸਭ ਨੂੰ ਦੇਣੀ ਹੈ। ਮਹਾਰਾਜ ਕਹਿੰਦੇ, ਵਿਚਾਰਦਾ ਵੀ ਹੁੰਦਾ ਹੈ। ਕਹਿੰਦਾ, ਮਹਾਰਾਜ ਵਿਚਾਰਦਾ ਹੁੰਦਾ ਹਾਂ। ਫੇਰ ਤੂੰ ਆਪਣੇ ਵਾਹਿਗੁਰੂ ਤੇ ਭਰੋਸਾ ਕਿਉਂ ਨਹੀਂ ਕਰਦਾ?ਕਹਿੰਦਾ, ਮਹਾਰਾਜ ਹੱਥ ਪੈਰ ਤਾਂ ਹਿਲਾਣੇ ਹੀ ਪੈਂਦੇ ਹਨ। ਮਹਾਰਾਜ ਕਹਿੰਦੇ, ਤੈਨੂੰ ਭਰੋਸਾ ਨਹੀਂ ਹੈ। ਚੰਗਾ ਸਾਡੀ ਚਿੱਠੀ ਲੈ ਜਾਈਂ ਰਸਤੇ ਵਿਚ ਪੀਰ ਬੁਧੂ ਸ਼ਾਹ ਨੂੰ ਦੇ ਦੇਵੀਂ। ਉਹਨਾਂ ਨੇ ਬੁਧੂਸ਼ਾਹ ਦੇ ਨਾਂ ਚਿੱਠੀ ਲਿਖ ਦਿਤੀ। ਚਿੱਠੀ ਵਿਚ ਲਿਖ ਦਿੱਤਾ ਕਿ ਇਹ ਜਿਹੜਾ ਸਿਖ ਹੈ, ਇਸ ਤੋਂ ਕਥਾ ਕਰਾਵੋ ਤੇ ਇਸ ਨੂੰ ਨੌ ਮਹੀਨੇ ਨਹੀਂ ਜਾਣ ਦੇਣਾ। ਜੇ ਇਹ ਨੱਠਣ ਲੱਗੇ ਬੇਸ਼ਕ ਇਸ ਨੂੰ ਜੇਲ੍ਹ ਵਿਚ ਬੰਦ ਰਖਿਓ, ਕਾਲਾਵਾਸ ਵਿਚ ਲੇ ਜਾਇਓ। ਚਿੱਠੀ ਲੈ ਕੇ ਚਲਾ ਗਿਆ। ਚਿੱਠੀ ਸੁਣਾ ਦਿੱਤੀ। ਕਹਿੰਦੇ ਗੁਰਸਿਖਾ ਚਿੱਠੀ ਤਾਂ ਬਹੁਤ ਕਰੜੀ ਆਈ ਹੈ, ਤੇ ਤੂੰ ਨੌਂ ਮਹੀਨੇ ਐਥੇ ਰਹਿਣਾ ਹੈ। ਭੱਜਣ ਦਾ ਯਤਨ ਨਾ ਕਰੀ, ਨਹੀਂ ਤਾਂ ਅਸੀਂ ਤੈਨੂੰ ਬੰਦ ਕਰ ਦੇਣਾ ਹੈ। ਤੈਨੂੰ ਗੁਰੂ ਦਾ ਹੁਕਮ ਹੈ, ਕਥਾ ਸੁਣਾ। ਕਹਿੰਦਾ, ਮੈਂ ਕਿਸ ਚੀਜ਼ ਦੀ ਕਥਾ ਸੁਣਾਵਾਂ। ਕਦੇ ਗੁਰੂ ਵੀ ਏਹੋ ਜਿਹਾ ਹੁੰਦਾ ਹੈ ਜਿਹੜਾ ਮੇਰੇ ਟੱਬਰ ਨੂੰ ਭੁੱਖਾ ਮਾਰ ਦੇਵੇ? ਇਹ ਚੰਗਾ ਗੁਰੂ ਹੈ। ਕਹਿੰਦਾ, ਹੁਣ ਤਾਂ ਚਾਹੇ ਤੂੰ ਔਖਾ ਰਹਿ, ਚਾਹੇ ਸੌਖਾ ਰਹਿ, ਅਸੀਂ ਤੈਨੂੰ ਜਾਣ ਨਹੀਂ ਦੇਣਾ। ਆਖੀਰ ਉਹ ਮਜਬੂਰ ਹੋ ਗਿਆ ਤੇ ਹਰ ਰੋਜ਼, ਸਵੇਰੇ ਸ਼ਾਮ ਕਥਾ ਕਰਨ ਲੱਗ ਪਿਆ।

ਉਧਰ ਵਾਲੇ ਪਾਸੇ ਪਿੰਡ ਵਾਲਿਆਂ ਨੇ ਜਦ ਦੇਖਿਆ ਕਿ ਉਹ ਸੇਵਾ ਤੇ ਗਿਆ ਹੋਇਆ ਹੈ ਤੇ ਅਜੇ ਤਕ ਆਇਆ ਨਹੀਂ ਹੈ, ਉਹ ਵਿਚਾਰਾ ਗਰੀਬ ਹੈ, ਕਿਉਂ ਨਾ ਦਾਣੇ ਇਕੱਠੇ ਕਰਕੇ ਦੇ ਦੇਈਏ। ਉਹ ਰਹਿਮ ਵਾਲੇ ਬੰਦਿਆਂ ਨੇ ਦਾਣੇ ਤੇ ਹੋਰ ਚੀਜ਼ਾਂ ਇਕੱਠੀਆਂ ਕਰਕੇ ਦੇ ਦਿਤੀਆਂ। ਉਹ ਉਡੀਕੀ ਜਾਂਦੇ ਨੇ ਕਿ ਕੋਈ ਸਨੇਹਾ ਆਏਗਾ ਪਰ ਕੋਈ ਨਹੀਂ ਆਇਆ। ਉਧਰ ਉਸ ਸਿੱਖ ਦੀ ਲੜਕੀ

ਕਹਿਣ ਲੱਗੀ, ਬੇਬੇ ਅਸੀਂ ਕਿੰਨਾ ਚਿਰ ਏਵੇਂ ਲੰਘਾਵਾਂਗੇ? ਕਿਉਂ ਨਾ ਅਸੀਂ ਕੋਈ ਕੰਮ ਕਰੀਏ, ਮੈਂ ਵੀ ਕਰ ਸਕਦੀ ਹਾਂ, ਤੁਸੀਂ ਵੀ ਕਰ ਸਕਦੇ ਹੋ। ਦੋਨਾਂ ਨੇ ਆਪਸ ਵਿਚ ਸਲਾਹ ਕਰਕੇ, ਪਿੰਡ ਵਿਚ ਜਿਹੜਾ ਵੱਡਾ ਸਰਦਾਰ ਸੀ, ਉਸਨੂੰ ਕਿਹਾ ਉਹ ਸਰਦਾਰਨੀ ਬੜੀ ਚੰਗੀ ਸੀ। ਉਹ ਰੱਬ ਨੂੰ ਮੰਨਣ ਵਾਲੀ ਸੀ, ਗੁਰਮੁਖ ਸੀ। ਉਸਦੇ ਕੋਲ ਚਲੀ ਗਈਆਂ, ਉਸਨੇ ਕਿਹਾ ਤੁਸੀਂ ਮਾਂ ਤੇ ਧੀ ਦੋਨੋਂ ਆ ਜਾਵੋ। ਮੇਰੀ ਲੜਕੀ ਦਾ ਵਿਆਹ ਹੈ ਤੇ ਤੁਸੀਂ ਹੁਣ ਦਾਲਾਂ ਵਗੈਰਾ ਸਾਫ ਕਰੋ, ਅਨਾਜ ਸਾਫ ਕਰੋ, ਘਰ ਨੂੰ ਲਿਪਣਾ ਪੋਚਣਾ ਕਰ ਦਿਓ, ਸਭ ਕੁਛ ਸਾਫ ਕਰਕੇ, ਵਧੀਆ ਬਣਾ ਦਿਓ। ਦੋਨੋਂ ਮਿੱਟੀ ਲੈਣ ਵਾਸਤੇ ਚਲੇ ਜਾਂਦੀਆਂ ਹਨ। ਜਦੋਂ ਉਹਨਾਂ ਨੇ ਮਿੱਟੀ ਵਾਸਤੇ ਟੱਕ ਮਾਰਿਆ ਉਹ ਥੋੜੀ ਜਿਹੀ ਮਿੱਟੀ ਪੁਟਣ ਤੋਂ ਬਾਅਦ ਖੜਕਾ ਜੇਹਾ ਹੋਇਆ, ਲੜਕੀ ਕਹਿਣ ਲੱਗੀ, ਬੇਬੇ ਖੜਕਾ ਜਿਹਾ ਹੁੰਦਾ ਹੈ। ਕਹਿੰਦੀ ਕੋਈ ਚੀਜ਼ ਹੋਣੀ ਹੈ ਹੋਲੀ ਹੋਲੀ ਕੱਢ ਲੈ, ਜਦ ਕਢਿਆ ਤੇ ਗਾਗਰ। ਉਹ ਗਾਗਰ ਸੋਨੇ ਦੀਆਂ ਮੋਹਰਾਂ ਦੀ ਭਰੀ ਹੋਈ ਸੀ। ਦੋਨੋਂ ਬਹੁਤ ਖੁਸ਼ ਹੋਈਆਂ ਤੇ ਆ ਕੇ ਸਰਦਾਰਨੀ ਨੂੰ ਦੱਸਿਆ। ਸਰਦਾਰਨੀ ਨੇ ਉਹਨਾਂ ਨੂੰ ਕਿਹਾ ਦੇਖੋ ਗਰੀਬ ਆਦਮੀ ਨੂੰ ਪਤਾ ਨਹੀਂ ਹੁੰਦਾ ਕਿ ਪੈਸੇ ਦਾ ਕੀ ਕਰੀਏ? ਸ਼ਰਾਬ ਪੀ ਜਾਂਦੇ ਨੇ, ਜਮੀਨਾਂ ਵੇਚ ਕੇ ਸਭ ਖਾ ਪੀ ਕੇ ਰਾਹ ਤੁਰਦੇ ਨੇ। ਉਸਨੇ ਉਹਨਾਂ ਨੂੰ ਕਈ ਖੂਹ ਮੁਲ ਲੈ ਕੇ ਦੇ ਦਿੱਤੇ, ਜ਼ਮੀਨ ਮੁਲ ਲੈ ਕੇ ਦਿੱਤੀ। ਘਰ ਬਹੁਤ ਵਧੀਆ ਪਾਉਣਾ ਸ਼ੁਰੂ ਕਰ ਦਿੱਤਾ। ਦੋ ਮੰਜਲਾ ਘਰ ਪੈ ਗਿਆ ਤੇ ਏਧਰ ਇਹ ਹੋ ਗਿਆ ਕਿ ਉਹ ਗੁਰੂ ਦੀ ਸੇਵਾ ਕਰਦਾ ਹੈ। ਦੇਖੋ ਗੁਰੂ ਨੇ ਕਿੰਨੀ ਬਰਕਤ ਪਾ ਦਿੱਤੀ ਹੈ, ਘਰ ਵੀ ਬਣ ਗਿਆ, ਪਸ਼ੂ ਵੀ ਲੈ ਲਏ ਤੇ ਘਰ ਵਿਚ ਲਹਿਰੇ ਬਹਿਰੇ ਹੋ ਗਏ। ਉਧਰ 9 ਮਹੀਨੇ ਲੰਘ ਗਏ। ਪੀਰ ਬੁਧੂ ਸ਼ਾਹ ਜੀ ਨੇ ਕਿਹਾ ਕਿ ਭਾਈ ਗੁਰ ਸਿਖਾ ਨੌਂ ਮਹੀਨੇ ਪੂਰੇ ਹੋ ਗਏ ਹੁਣ ਤੂੰ ਜਾ ਸਕਦਾ ਹੈਂ। ਕਹਿੰਦਾ, ਜਾਣਾ ਕਿਥੇ ਹੈ? ਟੱਬਰ ਤਾਂ ਮੇਰਾ, ਗੁਰੂ ਨੇ ਜਿਉਂਦੇ ਜੀ ਮਾਰ ਦਿੱਤਾ, ਮੇਰੇ ਬੱਚੇ ਤੇ ਘਰਵਾਲੀ ਤਾਂ ਰੁਲ ਗਏ ਹੋਣਗੇ। ਉਹ ਕਹਿੰਦੇ ਇਕ ਵਾਰੀ ਜਾ ਕੇ ਤਾਂ ਆ, ਤੇਰਾ ਗੁਰੂ ਤਾਂ ਸਮਰਥ ਹੈ, ਇਸ ਗੱਲ ਵਿਚ ਕੋਈ ਭੇਦ ਹੋਵੇਗਾ। ਜਿਸ ਵੇਲੇ ਪਿੰਡ ਆਇਆ ਕੀ ਵੇਖਦਾ ਹੈ ਕੱਚਾ ਘਰ ਦਿਸਦਾ ਹੀ ਨਹੀਂ, ਦੋ ਮੰਜਲਾ ਘਰ ਬਣਿਆ ਹੋਇਆ ਹੈ। ਮੇਰੇ ਬੱਚੇ ਤਾਂ ਉਜੜ ਗਏ ਹੋਣੇ ਹਨ, ਕਿਸੇ ਨੇ ਮੇਰਾ ਘਰ ਵੀ ਦੱਬ ਲਿਆ ਹੈ। ਜਦ ਨੇੜੇ ਆਇਆ ਤਾਂ ਛੋਟਾ ਬੱਚਾ ਖੇਲਦਾ ਫਿਰਦਾ ਹੈ। ਘਰਵਾਲੀ ਉਤੇ ਚੁਬਾਰੇ ਤੇ ਬੈਠੀ ਹੈ। ਪੌੜੀਆਂ ਬਹੁਤ ਸੋਹਣੀਆਂ ਬਣੀਆਂ ਹੋਈਆਂ ਹਨ। ਉਸ ਮੁੰਡੇ ਨੇ ਜਦ ਦੇਖਿਆ ਬਾਪੂ ਆ ਗਿਆ। ਨੱਠ ਕੇ ਮਾਂ ਨੂੰ ਦੱਸਣ ਗਿਆ। ਇਹ ਵੀ ਕਾਹਲੇ ਪੈਰੀਂ ਹੋ ਕੇ ਨਾਲ ਬੱਚੇ ਦੇ ਹੋ ਗਿਆ ਕਿਉਂਕਿ ਅੱਗੇ ਪਤਾ ਨਹੀਂ ਸੀ ਕਿ ਅੱਗੇ ਕਿਥੇ ਜਾਣਾ ਹੈ ਇਹ ਵੀ ਪਿਛੇ ਹੀ ਪੌੜੀਆਂ ਚੜ੍ਹ ਗਿਆ। ਉਹ ਬੱਚਾ ਅੰਦਰ ਵੜ ਗਿਆ। ਉਹ ਦੇਹਲੀ ਤੇ ਆ ਗਿਆ। ਬੱਚੇ ਨੇ ਉਚੀ ਦੇ ਕੇ ਆਵਾਜ਼ ਮਾਰੀ, ਕਹਿੰਦਾ, ਬੇਬੇ, ਬੇਬੇ! ਉਹ ਕਹਿੰਦੀ ਹਾਂ। ਕਹਿੰਦਾ, ਬਾਪੂ ਫੇਰ ਆ ਗਿਆ, ਹੁਣ ਭੁਖੇ ਮਰਾਂਗੇ। ਉਹਨੇ ਵੀ ਸੁਣ ਲਿਆ ਤੇ ਅੰਦਰ ਚਲਾ ਗਿਆ। ਘਰਵਾਲੀ ਕਹਿੰਦੀ, ਤੂੰ ਇੰਨੀ ਛੇਤੀ ਆ ਗਿਆ, ਹੋਰ ਸੇਵਾ ਕਰ ਦੇਣੀ ਸੀ। ਕਹਿੰਦਾ, ਕੀ ਹੋਇਆ, ਉਸਨੇ ਸਾਰੀ ਗੱਲ ਦਸੀ। ਕਹਿੰਦਾ, ਮੈਂ ਤਾਂ ਉਸ ਗੱਲ ਤੋਂ ਮਨਮੁਖ ਸੀਗਾ। ਕਥਾ ਤਾਂ ਮੈਂ ਕਰਦਾ ਸੀ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥*** ***ਪੰਨਾ – 9***

ਲੇਕਿਨ ਮੈਨੂੰ ਵਿਸ਼ਵਾਸ ਨਹੀਂ ਸੀ, ਹੁਣ ਵਿਸ਼ਵਾਸ ਆਇਆ। ਉਹ ਕਹਿੰਦੀ ਜਿਹੜੇ ਗੁਰੂ ਨੇ ਸਭ ਕੁਛ ਦੇ ਦਿੱਤਾ ਉਸਦੀ ਜਾ ਕੇ ਸੇਵਾ ਕਰ। ਉਸਨੂੰ ਗੁਰੂ ਦੀ ਸੇਵਾ ਵਾਸਤੇ ਭੇਜ ਦਿੱਤਾ। ਮਹਾਰਾਜ ਕਹਿੰਦੇ, ਕਿਉਂ ਬਈ ਪ੍ਰੇਮੀਆ, ਹੁਣ ਦਸ, ਯਕੀਨ ਆਇਆ। ਕਹਿੰਦਾ ਸਚੇ ਪਾਤਸ਼ਾਹ, ਹਾਂ ਆ ਗਿਆ।

ਸੋ ਇਸ ਦੇ ਵਾਸਤੇ ਮਿਹਨਤ ਤਾਂ ਕਰ ਲਓ ਜੀ ਭਰਕੇ, ਜਿੰਨਾ ਜੀ ਕਰਦਾ ਹੈ ਕਿਉਂਕਿ ਮਿਹਨਤ ਕਰਨਾ ਆਦਮੀ ਦਾ ਫਰਜ਼ ਹੈ। ਇਸਦੇ ਵਾਸਤੇ ਰੂਹਾਨੀਅਤ ਸ਼ਕਤੀ ਨੂੰ ਨਾ ਵੇਚੋ, ਗੁਣ ਨਾ ਵੇਚੋ ਕੋਈ ਆਪਣਾ, ਗੁਣ ਫਰੀ ਦੇਣ ਵਾਸਤੇ ਹੁੰਦੇ ਨੇ, ਮੁਲ ਲੈਣ ਵਾਸਤੇ ਨਹੀਂ ਹੁੰਦੇ, ਬਜ਼ਾਰਾਂ ਵਿਚ ਨਹੀਂ ਵੇਚੀਦੇ, ਗੁਣਾਂ ਦਾ ਤਾਂ ਅਨੰਦ ਲਈਦਾ ਹੈ। ਸੋ ਇਹ ਜਿਹੜੀ ਗੱਲ ਹੈ, ਰੋਜੀ ਲਈ ਆਪਣੇ ਨਾਮ ਦੀ ਕਮਾਈ ਨੂੰ ਵੇਚ ਕੇ , ਨਾਮ ਨੂੰ ਵਰਤਣਾ, ਇਹ ਗੁਣ ਨਹੀਂ ਹੋਇਆ ਕਰਦਾ। ਕਰੋਧ ਦਾ ਤਿਆਗ, ਰਿਧੀ ਸਿਧੀ ਦਾ ਤਿਆਗ, ਬੁਰਾ ਕਰਨਾ ਤੇ ਬੁਰਾ ਚਿਤਵਨ ਦਾ ਤਿਆਗ, ਆਲਸ ਦਾ ਤਿਆਗ ਅਤੇ ਫਿਕਾ ਬੋਲਣ ਦਾ ਤਿਆਗ, ਇਹ ਸਾਰੀਆਂ ਅੰਦਰਲੀਆਂ ਰਹਿਤਾਂ ਹਨ, ਜਿਨ੍ਹਾਂ ਦੇ ਮਾਰਨ ਤੋਂ ਬਗੈਰ, ਤਿਆਗੇ ਤੋਂ ਬਗੈਰ ਨਾਮ ਨਹੀਂ ਚਲਦਾ। ਨਾਮ ਤਾਂ ਚਲੇਗਾ ਸਾਧ ਸੰਗਤ ਜੀ! ਜਿਹੜੀ ਮੈਂ ਬੇਨਤੀ ਕੀਤੀ ਹੈ ਇਹਨਾਂ ਗੱਲਾਂ ਨੂੰ ਮਨ ਵਿਚੋਂ ਕਢੋ। ਫੇਰ ਧਾਰੇ ਕੀ? ਜਿਸ ਹਿਰਦੇ ਵਿਚ ਦਇਆ ਨਹੀਂ ਹੁੰਦੀ, ਉਥੇ ਧਰਮ ਨਹੀਂ ਹੁੰਦਾ। ਗੁਰੂ ਸਾਹਿਬ ਇਕ ਬਾਤ ਕਹਿੰਦੇ ਨੇ ਗੁਰੂ ਗ੍ਰੰਥ ਸਾਹਿਬ ਵਿਚ –

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ............॥***
***ਪੰਨਾ – 1103***

ਤੁਸੀ ਜੀਵਾਂ ਨੂੰ ਮਾਰਕੇ ਕਹਿੰਦੇ ਹੋ, ਅਸੀਂ ਧਰਮ ਕਰ ਰਹੇ ਹਾਂ। ਕਹਿੰਦੇ –

***..................... ਅਧਰਮੁ ਕਹਹੁ ਕਤ ਭਾਈ॥***
***ਪੰਨਾ – 1103***

ਕਹਿੰਦੇ, ਫੇਰ ਹੁਣ ਸਾਨੂੰ ਦੱਸ ਦਓ, ਗੱਲ ਵਢਕੇ ਜੀਵਾਂ ਦਾ ਤੁਸੀਂ ਕਹਿੰਦੇ ਹੋ, ਅਸੀਂ ਧਰਮ ਕਰਦੇ ਹਾਂ, ਤਾਂ ਅਧਰਮ ਕਿਹੜੀ ਚੀਜ਼ ਨੂੰ ਕਹੋਗੇ? ਇਸ ਹਾਲਤ ਵਿਚ ਤੁਸੀਂ ਆਪਣੇ ਆਪ ਨੂੰ ਵੱਡੇ ਕਹਾਉਂਦੇ ਹੋ।

*ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥*
*ਪੰਨਾ - 1103*

ਤੇ ਤੁਸੀਂ ਮੰਨ ਲਿਆ ਕਿ ਮੈਂ ਤਾਂ ਪੂਰਾ ਹਾਂ, ਜੀਵ ਨੂੰ ਵੀ ਮਾਰੀ ਜਾਵਾਂ, ਤੇ ਮੈਂ ਰਹਾਂ ਵੀ ਪੂਰਾ। ਮਹਾਰਾਜ ਕਹਿੰਦੇ ਹੁਣ ਸਾਨੂੰ ਇਹ ਸਮਝਾ ਦੇ ਕਿ ਕਸਾਈ ਕਿਸ ਨੂੰ ਕਹੇਂਗਾ? ਸੋ ਇਹ ਚੀਜ਼ ਹੈ। ਮਹਾਰਾਜ ਕਹਿੰਦੇ, ਜਿਸ ਹਿਰਦੇ ਵਿਚ ਦਇਆ ਨਹੀਂ ਹੈ, ਦਇਆ ਬਿਨ ਤਾਂ ਸਿਧ ਵੀ ਕਸਾਈ ਹੈ। ਦਇਆ ਤੋਂ ਧਰਮ ਪੁੱਤਰ ਨੇ ਜਨਮ ਲੈਣਾ ਹੈ।

*ਧੌਲੁ ਧਰਮੁ ਦਇਆ ਕਾ ਪੂਤੁ॥* *ਪੰਨਾ - 3*

ਜੇ ਮਾਂ ਨਹੀਂ ਤਾਂ ਪੁੱਤਰ ਕਿਥੋਂ ਪੈਦਾ ਹੋਵੇਗਾ।

ਇਕ ਸਾਖੀ ਆਉਂਦੀ ਹੈ ਕਿ ਇਕ ਵਾਰੀ ਇਕ ਕਾਫਲਾ ਮੱਕੇ ਦਾ ਹੱਜ ਕਰਨ ਵਾਸਤੇ ਜਾ ਰਿਹਾ ਹੈ, ਬਹੁਤ ਵੱਡਾ ਕਾਫਲਾ ਹੈ। ਚਲਦੇ ਚਲਦੇ ਜਦ ਮੱਕੇ ਤੋਂ 60 ਕੋਹ ਦੂਰ ਰਹਿ ਗਏ। ਉਸ ਦੇ ਵਿਚ ਇਕ ਗੁਲਾਮ ਖਰੀਦੀ ਹੋਈ ਲੜਕੀ ਵੀ ਸੀ। ਪਹਿਲੇ ਜਮਾਨੇ ਵਿਚ ਬੰਦੇ ਲੜਕੇ ਤੇ ਲੜਕੀਆਂ ਨੂੰ ਚੁਕ ਕੇ ਲੈ ਜਾਂਦੇ ਸੀ ਤੇ ਅੱਗੇ ਵੇਚ ਦਿੰਦੇ ਸੀ। ਉਸਦੇ ਮੱਥੇ ਉਤੇ ਦਾਗ ਲਾ ਦਿੰਦੇ ਸੀ, ਦੂਰੋਂ ਹੀ ਪਤਾ ਲਗ ਜਾਂਦਾ ਸੀ ਕਿ ਇਹ ਗੁਲਾਮ ਹੈ। ਉਹ ਲੁੱਕ ਨਹੀਂ ਸੀ ਸਕਦਾ, ਜੇ ਮਾਲਕ ਨੂੰ ਛੱਡ ਕੇ ਭੱਜ ਜਾਵੇ ਤਾਂ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਸੀ। ਉਸਦਾ ਹੱਕ ਕੋਈ ਨਹੀਂ ਸੀ ਹੁੰਦਾ, ਉਸਦੀ ਹਾਲਤ ਪਸ਼ੂਆਂ ਵਰਗੀ ਹੁੰਦੀ, ਜਦੋਂ ਮਾਲਕ ਦਾ ਦਿਲ ਕਰੇ ਜਾਨ ਤੋਂ ਮਾਰ ਦਿੰਦਾ ਸੀ। ਉਸ ਲੜਕੀ ਦਾ ਨਾਂ ਰਾਵੀਆ ਸੀ। ਉਹ ਵੀ ਕਾਫਲੇ ਦੇ ਨਾਲ ਜਾ ਰਹੀ ਸੀ। ਜਿਸ ਵਕਤ 60 ਮੀਲ ਤੇ ਉਤਾਰਾ ਕਰਿਆ ਉਸ ਤੋਂ ਬਾਅਦ ਕਾਫਲਾ ਤੁਰ ਗਿਆ ਤੇ ਸੰਗ, ਜਥਾ ਵੀ ਸਾਰਾ ਤੁਰ ਗਿਆ। ਉਹ ਪਿਛੇ ਰਹਿ ਗਈ, ਉਸਦੀ ਨਿਗਾਹ ਵਿਚ ਕੀ ਆਇਆ ਕਿ ਉਥੇ ਇਕ ਖੂਹ ਹੈ, ਉਸਦੇ ਆਲੇ ਦੁਆਲੇ ਇਕ ਕੁੱਤੀ ਚਾਰ ਪੰਜ ਕਤੂਰੇ ਲਈ ਘੁੰਮਦੀ ਹੈ ਤੇ ਗੋਡੇ ਲਾ ਲਾ ਕੇ ਹੇਠਾ ਨੂੰ ਮੂੰਹ ਕਰਦੀ ਹੈ। ਉਸਨੂੰ ਸਮਝ ਆ ਗਈ ਕਿ ਇਹ ਪਾਣੀ ਮੰਗਦੀ ਹੈ। ਉਸ ਦੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਪਾਣੀ ਪਿਲਾਣਾ ਚਾਹੀਦਾ ਹੈ। ਉਸਦੇ ਅੰਦਰ ਦਇਆ ਪੈਦਾ ਹੋ ਗਈ।

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਪੰਨਾ - 136*

ਜੇਕਰ ਜੀਆਂ ਦੇ ਉਤੇ ਦਇਆ ਆ ਜਾਵੇ ਤਾਂ ਅਠਸਠਿ ਤੀਰਥਾਂ ਦਾ ਪੁੰਨ ਹੋ ਜਾਂਦਾ ਹੈ। ਸੋ ਉਸਨੇ ਉਸ ਵੇਲੇ ਸਾਰੇ ਕੱਪੜੇ ਫਾੜ ਕੇ ਰੱਸੀ ਬਣਾਈ, ਖੂਹ ਬੜਾ ਗਹਿਰਾ ਸੀ, ਖੂਹ ਤੱਕ ਜਾ ਨਾ ਸਕਿਆ। ਉਸਨੇ ਹੋਰ ਤਰੀਕਾ ਸੋਚਿਆ, ਉਸਨੇ ਆਪਣੇ ਕੇਸ ਕੱਟ ਲਏ, ਫੇਰ ਉਸ ਦੀ ਰੱਸੀ ਬਣਾਈ। ਇਕ ਕੱਪੜਾ ਰੱਸੀ ਦੇ ਹੇਠਲੇ ਸਿਰੇ ਨਾਲ ਬੰਨ ਦਿਤਾ ਜਿਹੜਾ ਪਾਣੀ ਤੱਕ ਜਾ ਪਹੁੰਚਿਆ। ਪਾਣੀ ਨਾਲ ਭਿਉਂਦੀ ਹੈ ਲਿਆਕੇ ਪਾਣੀ ਪਿਲਾਈ ਜਾਂਦੀ ਹੈ। ਜਦੋਂ ਸਾਰਿਆਂ ਨੇ ਪਾਣੀ ਪੀ ਲਿਆ, ਤਾਂ ਲੜਕੀ ਨੂੰ ਮਹਿਸੂਸ ਹੋਇਆ ਕਿ ਕੁੱਤੀ ਤੇ ਕਤੂਰੇ ਉਪਰ ਨੂੰ ਮੂੰਹ ਚੁਕ ਕੇ ਅਲਾਹ ਤਾਲਾ ਕੋਲ ਦੁਆ ਕਰਦੇ ਹਨ। ਉਸਦੇ ਆਪਣੇ ਕੋਲ ਤਨ ਢੱਕਣ ਦਾ ਕੋਈ ਸਾਧਨ ਨਹੀਂ ਸੀ। ਉਸਨੇ ਟੋਆ ਪੁਟਿਆ ਤੇ ਗੱਲ ਤੱਕ ਰੇਤ ਪਾ ਕੇ ਉਸ ਦੇ ਵਿਚ ਬੈਠ ਗਈ, ਉਸਦੇ ਕੋਲ ਕੋਈ ਵਸਤਰ ਨਹੀਂ ਸੀ। ਉਧਰ ਸੰਗ ਜਿਹੜਾ ਸੀ, ਸਿਰੇ ਜਾ ਪਹੁੰਚਿਆ। ਇਬਰਾਹੀਮ ਉਹਨਾਂ ਦਾ ਸਭ ਤੋਂ ਵੱਡਾ ਜਥੇਦਾਰ ਸੀ। ਉਹ ਹੈਰਾਨ ਹੋ ਗਏ ਕਿ ਅੱਜ ਬੇਅੰਤ ਹਾਜੀ ਆਏ ਨੇ, ਤੇ ਕਾਬਾ ਕਿਤੇ ਨਜ਼ਰ ਨਹੀਂ ਆ ਰਿਹਾ।

ਸਾਧ ਸੰਗਤ ਜੀ! ਇਹ ਸਾਖੀ ਮੈਂ ਉਹਨਾਂ ਦੇ ਗ੍ਰੰਥਾਂ ਦੀ ਸੁਣਾ ਰਿਹਾ ਹਾਂ। ਕਿਉਂਕਿ ਐਸੀਆਂ ਕਈ ਗੱਲਾਂ ਬਾਤਾਂ ਹੋ ਜਾਂਦੀਆਂ ਹਨ ਕਿ ਗੁਰੂ ਨਾਨਕ ਸਾਹਿਬ ਨੇ ਕਾਬੇ ਨੂੰ ਫੇਰ ਲਿਆ।

ਉਸ ਤੋਂ ਬਾਅਦ ਸਾਰੇ ਹਾਜੀਆਂ ਨੇ ਅਰਦਾਸ ਕੀਤੀ ਕਿ ਹੇ ਅਲਾਹ ਤਾਲਾ ਸਾਡੀਆਂ ਅੱਖਾਂ ਨੂੰ ਕੁਝ ਹੋ ਗਿਆ ਜਾਂ ਕਾਬੇ ਨੂੰ ਕੀ ਹੋ ਗਿਆ, ਕਿਥੇ ਚਲਾ ਗਿਆ? ਆਵਾਜ਼ ਆਈ, ਹੇ ਹਾਜੀਓ! ਕਾਬਾ ਰਾਵੀਆ ਦਾ ਹੱਜ ਕਰਨ ਗਇਆ ਹੋਇਆ ਹੈ, ਰਾਵੀਆ ਨੂੰ ਦਰਸ਼ਨ ਦੇਣ ਗਿਆ ਹੈ। 60 ਮੀਲ ਤੇ ਜਾਓ ਤੇ ਉਥੇ ਜਾ ਕੇ ਹੱਜ ਕਰੋ। ਜਦ ਇਬਰਾਹੀਮ ਤੇ ਉਸ ਦਾ ਸਾਰਾ ਜੱਥਾ ਉਥੇ ਪਹੁੰਚ ਗਿਆ ਤਾਂ ਉਹਨਾਂ ਨੇ ਕੀ ਦੇਖਿਆ ਰਾਵੀਆ ਦੇ ਆਲੇ ਦੁਆਲੇ ਜੰਗਲੀ ਜਾਨਵਰ ਬੈਠੇ ਨੇ, ਜਿਹੜੇ ਇਕ ਦੂਜੇ ਦੇ ਵਿਰੋਧੀ ਨੇ, ਇਕ ਦੂਜੇ ਨੂੰ ਖਾਣ ਵਾਲੇ। ਪਰ ਉਥੇ ਕੁਛ ਨਹੀਂ ਹੈ, ਆ ਕੇ ਹੈਰਾਨ ਹੋ ਗਿਆ। ਕਹਿਣ ਲਗਿਆ, ਬੀਬੀ ਰਾਵੀਆ ਕੀ ਗੱਲ ਹੈ? ਸਾਰੀ ਗੱਲ ਉਸਨੇ ਦੱਸੀ ਕਿ ਮੈਂ ਇਕ ਜੀਵ ਉਤੇ ਦਇਆ ਕਰੀ ਹੈ। ਉਹ ਦਇਆ ਪ੍ਰਮੇਸ਼ਰ ਦੇ ਦਰ ਤੇ ਇੰਨੀ ਭਾਅ ਗਈ, ਜਿਹੜਾ ਸਭ ਤੋਂ ਵੱਡਾ ਪੀਰ ਸੀ ਉਹ ਵੀ ਤੁਰ ਕੇ ਉਥੇ ਆ ਗਿਆ। ਫੇਰ ਦੂਜਾ ਸਵਾਲ ਕਰਿਆ ਕਿ ਇਹ ਸਾਰੇ ਜਾਨਵਰ ਇਕ ਦੂਜੇ ਦੇ ਵਿਰੋਧੀ ਤੇ ਇਕ ਦੂਜੇ ਨੂੰ ਖਾਣ ਵਾਲੇ, ਇਹ ਤੇਰੇ ਆਲੇ ਦੁਆਲੇ ਕਿਉਂ ਬੈਠੇ ਸੀ? ਕਹਿੰਦੀ, ਦਇਆ ਦਾ ਵਾਤਾਵਰਣ ਇੰਨਾ ਜਿਆਦਾ ਫੈਲ ਗਿਆ, ਕਿ ਇਹਨਾਂ ਨੂੰ ਆਪਸ ਵਿਚ ਇਕ ਦੂਜੇ ਤੇ ਦਇਆ ਆ ਗਈ।

ਸੋ ਜਿਸਦੇ ਹਿਰਦੇ ਵਿਚ ਦਇਆ ਹੋਏਗੀ, ਸਾਧ ਸੰਗਤ ਜੀ! ਉਸਦੇ ਹਿਰਦੇ ਵਿਚ ਨਾਮ ਚਲ ਪਏਗਾ। ਜਿਥੇ ਕੜਵਾਹਟ ਹੋਏਗੀ, ਉਥੇ ਨਾਮ ਨਹੀਂ ਚਲੇਗਾ। ਰੋਲਾ ਰੱਪਾ

ਪਾਉਣਾ ਹੈ, ਪਾਈ ਜਾਵੇ। ਖਿਮਾ, ਧੀਰਜ, ਸਤਿ, ਸੰਤੋਖ, ਵਿਚਾਰ, ਅਹਿੰਸਾ, ਮਿਠੇ ਬਚਨ, ਅਲਪ ਆਹਾਰ, ਲੰਗਰ ਚਲਾਉਣਾ, ਦਾਨ ਕਰਨਾ, ਨਿੰਦਰਾ ਦਾ ਤਿਆਗ ਇਹ ਸਾਰੀਆਂ ਚੀਜ਼ਾਂ ਨੇ ਜੋ ਨਾਮ ਚੱਲਣ ਵਿਚ ਸਹਾਇਤਾ ਕਰਦੀਆਂ ਹਨ।

ਬ੍ਰਹਮਗਿਆਨੀ ਜੀਵਨ ਦੀ ਮਰਿਆਦਾ, ਕ੍ਰਿਤ, ਸੇਵਾ, ਲਗਨ, ਬੈਰਾਗ, ਪ੍ਰਤੀਤ ਇਹ ਜਿੰਨਾ ਚਿਰ ਹਿਰਦੇ ਵਿਚ ਨਹੀਂ ਪੈਦਾ ਹੁੰਦੇ, ਨਾਮ ਨਹੀਂ ਚਲਿਆ ਕਰਦਾ, ਸਾਧ ਸੰਗਤ ਜੀ! ਉਸਤਤਿ ਨਿੰਦਿਆਂ ਦੋਨਾਂ ਦਾ ਤਿਆਗ ਕਰਨਾ ਚਾਹੀਦਾ ਹੈ। ਸੋ ਇਹ ਗੁਣ ਹੋਇਆ ਕਰਦੇ ਨੇ, ਸਾਧ ਸੰਗਤ ਜੀ! ਮੈਂ ਪਹਿਲੇ ਦਿਨ ਇਕ ਸ਼ਬਦ ਪੜ੍ਹਿਆ ਸੀ – *'ਜਿਥੇ ਮਿਲੇ ਨਾ ਸੌਦਾਗਰ ਪੂਰਾ ਗਠੜੀ ਨਾ ਖੋਲੀ ਨਾਮ ਦੀ'* ਸੌਦਾਗਰ ਉਹ ਹੁੰਦਾ ਹੈ, ਜਿਸਦੇ ਪੱਲੇ ਵਿਚ ਇਹ ਸਾਰੀਆਂ ਗੱਲਾਂ ਹੋਣ, ਉਸਦੇ ਪੱਲੇ ਵਿਚ ਬੈਰਾਗ, ਵਿਵੇਕ, ਖਟਸਮਤੀ, ਮੋਕਸ਼ ਹੁੰਦੀ ਹੈ। ਉਥੇ ਮਹਾਤਮਾ ਭੇਦ ਦੀ ਗੱਲ ਦਸਦੇ ਹਨ ਨਹੀਂ ਤਾਂ ਚੁਪ ਰਹਿੰਦੇ ਨੇ ਕਿਉਂਕਿ ਇਹ ਗਾਹਕ ਤਾਂ ਹੈ ਨਹੀਂ। ਜੇ ਗਾਹਕ ਮਿਲ ਜਾਵੇ –

***ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥***
***ਅੰਮ੍ਰਿਤ ਸਬਦਿ ਨਾਮੁ ਵਖਾਣੈ॥***
***ਸਾਚੀ ਬਾਣੀ ਸੂਚਾ ਹੋਇ॥***
***ਗੁਣ ਤੇ ਨਾਮੁ ਪਰਾਪਤਿ ਹੋਇ॥***
***ਗੁਣ ਅਮੋਲਕ ਪਾਏ ਨ ਜਾਹਿ॥***
***ਮਨਿ ਨਿਰਮਲ ਸਾਚੈ ਸਬਦਿ ਸਮਾਹਿ॥***
***ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥***
***ਸਦਾ ਗੁਣਦਾਤਾ ਮੰਨਿ ਵਸਾਇਆ॥***
***ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥***
***ਦਰਿ ਸਾਚੈ ਸਾਚੇ ਗੁਣ ਗਾਉ॥***
***ਆਪੇ ਦੇਵੈ ਸਹਜਿ ਸੁਭਾਇ॥***
***ਨਾਨਕ ਕੀਮਤਿ ਕਹਣੁ ਨ ਜਾਇ॥ ਪੰਨਾ – 362***

ਜਿਥੇ ਗਾਹਕ ਨਹੀਂ ਹੈ, ਉਥੇ ਹੀਰੇ ਦਾ ਮੁਲ ਕੌਡੀ ਤੁਲ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਧੰਨਾ, ਪੰਡਤ ਨੂੰ ਦੇਖਦਾ ਹੈ ਕਿ ਪੰਡਤ ਨੂੰ ਨਾਮ ਜੱਪਣ ਦੀ ਜਾਂ ਭਜਨ ਕਰਣ ਦੀ ਲਗਨ ਲਗੀ ਹੋਈ ਹੈ।

***ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ।***
***ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਕਹਿਣ ਲੱਗਿਆ –

***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਸਭ ਕੁਛ ਮਿਲ ਜਾਂਦਾ ਹੈ। ਧੰਨੇ ਨੇ ਸਾਰੀਆਂ ਗੱਲਾਂ ਸੁਣੀਆਂ, ਜਦੋਂ ਉਹਨਾਂ ਨੇ ਕਿਹਾ ਕਿ ਤੂੰ ਗਾਹਕ ਨਹੀਂ, ਉਹ ਜਿੰਨਾ ਜਾਣਦਾ ਸੀ, ਓਨੀ ਹੀ ਗੱਲ ਕਰੀ। ਧੰਨੇ ਨੇ ਆਪਣੀ ਵਧੀਆ ਗਊ ਉਸਦੇ ਘਰ ਜਾ ਕੇ ਬੰਨ ਆਇਆ ਤੇ ਕਹਿੰਦਾ ਲਓ ਪੰਡਿਤ ਜੀ! ਪੱਠੇ ਵੀ ਮੈਂ ਪਾਊਂਗਾ। ਤੁਸੀਂ ਦੁਧ ਪੀ ਲਇਆ ਕਰੋ, ਗਊ ਤੁਹਾਡੀ ਹੀ ਹੈ। ਹੁਣ ਪੰਡਤ ਕੋਲ ਕੋਈ ਚਾਰਾ ਨਹੀਂ ਸੀ। ਕਹਿਣ ਲੱਗਿਆ, ਇਸਨੂੰ ਤਾਂ ਦੱਸਣਾ ਹੀ ਪੈਣਾ ਹੈ।

***ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਇਕ ਮੈਨੂੰ ਦੇ ਦੇ –

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਉਥੇ ਇਕ ਅਨਘੜ ਜਿਹਾ ਪੱਥਰ ਪਿਆ ਸੀ, ਚੁਕਕੇ ਲੈ ਆਉਂਦਾ ਹੈ। ਕਹਿੰਦਾ, ਲੈ ਧੰਨਿਆ ਮੇਰਾ ਠਾਕੁਰ ਤਾਂ ਛੋਟਾ ਜਿਹਾ ਹੈ, ਪਰ ਤੇਰੇ ਵਾਲਾ ਬਹੁਤ ਵੱਡਾ ਹੈ। ਇਸ ਨੂੰ ਇਸ਼ਨਾਨ ਕਰਵਾਈਂ, ਆਪ ਇਸ਼ਨਾਨ ਕਰੀ, ਉਸ ਤੋਂ ਬਾਅਦ ਇਸਨੂੰ ਭੋਗ ਲਗਵਾਈ। ਦੇਖੀ ਇਸਨੂੰ ਭੁਖਾ ਨਾ ਰੱਖ ਦੇਵੀਂ। ਇੰਵੇਂ ਭੋਗ ਲਗਵਾਈ, ਜਿਵੇਂ ਮੈਂ ਲਗਵਾਇਆ ਹੈ। ਉਸਨੇ ਸਾਰੀ ਗਲ ਸਮਝ ਲਈ ਕਿਉਂਕਿ ਉਸਨੇ ਨਾਮਦੇਵ ਦੀ ਸਾਖੀ ਸੁਣੀ ਹੋਈ ਸੀ। ਉਸਨੂੰ ਚਾਅ ਚੜ੍ਹ ਗਿਆ ਕਿ ਜਿਵੇਂ ਨਾਮਦੇਵ ਜੀ ਨੇ ਦੁਧ ਪਿਲਾਇਆ ਸੀ, ਮੈਂ ਵੀ ਪਿਲਾਵਾਂਗਾ। ਕਹਿੰਦਾ, ਪੰਡਤ ਜੀ, ਕਿਸ ਚੀਜ਼ ਦਾ ਭੋਗ ਲਗਵਾਣਾ ਹੈ। ਕਹਿੰਦਾ, ਪਰਸ਼ਾਦਾ ਛਕਾ ਦੇਈਂ ਇਸਨੂੰ। ਸੋ ਧੰਨਾ ਬੜੀ ਖੁਸ਼ੀ ਖੁਸ਼ੀ ਲੈ ਆਉਂਦਾ ਹੈ, ਤੇ ਘਰ ਵਿਚ ਲਿਆ ਕੇ ਪਸ਼ੂ ਵਗੈਰਾ ਬੰਨ੍ਹ ਕੇ, ਸਾਰੀ ਕਿਰਿਆ ਕਰਕੇ ਜਦ ਰਾਤ ਨੂੰ ਸੌਂਦਾ ਹੈ ਤਾਂ ਉਸਨੂੰ ਨੀਂਦ ਨਹੀਂ ਆਉਂਦੀ ਕਿ ਸਵੇਰੇ ਕਿਤੇ ਜਾਗ ਹੀ ਨਾ ਆਵੇ ਤੇ ਨਹਾਉਣ ਦਾ ਟਾਈਮ ਹੀ ਲੰਘ ਜਾਵੇ ਕਿਉਂਕਿ ਠਾਕੁਰ ਨੂੰ ਤਾਂ ਸਾਝਰੇ ਉਠਕੇ ਹੀ ਨਹਾਉਂਦੇ ਹੁੰਦੇ ਹਨ। ਸੋ ਉਹ ਅੰਮ੍ਰਿਤ ਵੇਲੇ ਜਾਗ ਪਿਆ।

***ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

ਲੱਸੀ ਰਿੜਕੀ, ਮੱਖਣ ਕਢਿਆ ਤੇ ਮਿੱਸੀਆਂ ਰੋਟੀਆਂ ਬਣਾ ਲੀਆਂ, ਥਾਲੀ ਵਿਚ ਪਾ ਕੇ, ਲਿਆ ਕੇ ਥਾਲੀ ਠਾਕੁਰ ਅੱਗੇ ਰੱਖ ਦਿੱਤੀ। ਕਹਿੰਦਾ, ਲਓ ਮਹਾਰਾਜ ਤੁਸੀਂ ਭੋਗ ਲਾਓ। ਥੋੜੀ ਦੇਰ ਬਾਅਦ ਦੇਖਿਆ, ਕੁਛ ਨਹੀਂ ਖਾਂਦੇ। ਕਹਿੰਦਾ, ਪਰਦੇ ਵਿਚ ਖਾਂਦੇ ਹੋਣਗੇ, ਕੱਪੜਾ ਤਾਣ ਦਿੱਤਾ, ਅੱਧਾ ਘੰਟਾ ਲੰਘ ਗਿਆ, ਬਿੜਕ ਨਾ ਆਈ। ਫੇਰ ਦੇਖਣ ਲੱਗ ਗਿਆ, ਕਹਿੰਦਾ ਠੰਡਾ ਹੋ ਗਿਆ, ਹੁਣ ਮੈਂ ਹੋਰ ਲਿਆਵਾਂ, ਹੋਰ ਲੈ ਆਇਆ। ਉਸਦੇ ਮਨ ਵਿਚ ਇਕ ਪਰਸੈਂਟ (1%) ਵੀ ਸ਼ੱਕ ਨਹੀਂ ਸੀ। ਸਾਧ ਸੰਗਤ ਜੀ! ਪ੍ਰਤੀਤ ਤਾਂ ਉਹੀ ਹੁੰਦੀ ਹੈ, ਜੇਕਰ ਮਨ ਦੇ ਵਿਚ ਸ਼ਕ ਨਾ ਹੋਵੇ, ਬਿਲਕੁਲ ਸ਼ਕ ਨਾ ਉਠੇ, ਸ਼ੱਕ ਉਠਿਆ ਤਾਂ ਗੱਲ ਖਤਮ ਹੋ ਗਈ। ਉਹ ਬਿਲਕੁਲ ਭੋਲਾ ਭਾਲਾ ਸੀ। ਉਹ ਸਚਮੁਚ ਸਮਝਦਾ ਸੀ ਕਿ ਇਹਨਾਂ ਨੇ ਪਰਸ਼ਾਦਾ ਛਕਣਾ ਹੀ ਛਕਣਾ ਹੈ। ਕਿਉਂਕਿ ਭੋਲੇ ਭਾਇ ਰੱਬ ਮਿਲਦਾ ਹੈ।

*ਰੇ ਜਨ ਮਨੁ ਮਾਧਉ ਸਿਉ ਲਾਈਐ॥*
*ਚਤੁਰਾਈ ਨ ਚਤੁਰਭੁਜੁ ਪਾਈਐ॥ ਪੰਨਾ - 324*

ਕੋਈ ਵੀ ਬੰਦਾ ਚਤੁਰਾਈ ਨਾਲ ਰੱਬ ਨੂੰ ਨਹੀਂ ਮਿਲ ਸਕਦਾ।

*ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥*
*ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥*
*ਪੰਨਾ - 918*

*ਕਹੁ ਕਬੀਰ ਭਗਤਿ ਕਰਿ ਪਾਇਆ॥*
*ਭੋਲੇ ਭਾਇ ਮਿਲੇ ਰਘੁਰਾਇਆ॥ ਪੰਨਾ - 324*

ਸਚਮੁਚ ਭੋਲਾਭਾਲਾ ਸੀ। ਉਸ ਵੇਲੇ ਹੋਰ ਪਰਸ਼ਾਦੇ ਲਾਹ ਲਿਆਉਂਦਾ ਹੈ। ਤੀਸਰੀ ਵਾਰ ਫੇਰ ਲਾਹ ਲਿਆਉਂਦਾ ਹੈ। ਰੋਣ ਲਗ ਗਿਆ, ਕਿ ਤੁਸੀਂ ਉਹਨਾਂ ਦਾ ਤਾਂ ਛੱਕ ਲੈਂਦੇ ਹੋ ਤੇ ਮੇਰਾ ਕਿਉਂ ਨਹੀਂ ਛੱਕਦੇ? ਕੀ ਗੱਲ ਮੇਰੇ ਕੋਲੋਂ ਕੋਈ ਗਲਤੀ ਹੋ ਗਈ, ਤੁਸੀਂ ਬੋਲ ਕੇ ਦਸ ਦਿਓ ਕਿ ਮੈਂ ਕੀ ਬਣਾਵਾਂ। ਅਸੀਂ ਤਾਂ ਏਹੀ ਖਾਂਦੇ ਹੁੰਦੇ ਹਾਂ, ਮਿੱਸੀਆਂ ਰੋਟੀਆਂ, ਮੱਖਣ ਤੇ ਲੱਸੀ ਪੀਂਦੇ ਹਾਂ, ਦਹੀਂ ਦਾ ਕੋਲਾ ਭਰਿਆ ਪਿਆ ਹੈ।

ਜਦ ਕੁਛ ਵੀ ਨਾ ਹੋਇਆ, ਕੋਈ ਚਾਰਾ ਨਾ ਰਿਹਾ ਉਸ ਵੇਲੇ ਹਿਰਦੇ ਵਿਚੋਂ ਅਵਾਜ਼ ਤੇ ਅੱਖਾਂ ਵਿਚੋਂ ਹੰਝੂ ਆਉਂਦੇ ਹਨ, ਇਹ ਸੱਚੀ ਪ੍ਰੀਤ ਹੁੰਦੀ ਹੈ, ਉਸ ਵੇਲੇ ਹਿਰਦਾ ਬੋਲਦਾ ਹੁੰਦਾ ਹੈ। ਹਿਰਦੇ ਦੀ ਬੋਲੀ ਹੰਝੂਆਂ ਵਿਚ ਆਉਂਦੀ ਹੁੰਦੀ ਹੈ। ਇਸ ਤਰ੍ਹਾਂ ਮਹਾਰਾਜ ਦੱਸਦੇ ਹਨ -

*ਧਾਰਨਾ - ਪੈਰੀ ਪੈ ਪੈ ਕੇ ਬਹੁਤ ਮਨਾਵੈ,*
*ਹੱਥ ਜੋੜ ਕਰੇ ਮਿਨਤਾਂ -2, 2.*

*ਹਥਿ ਜੋੜਿ ਮਿਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।*
*ਭਾਈ ਗੁਰਦਾਸ ਜੀ ਦੀ ਵਾਰ 10/13*

ਘੰਟਾ ਨਹੀਂ, ਦੋ ਘੰਟੇ ਨਹੀਂ ਸਗੋਂ ਪਹਿਰ ਦੋ ਪਹਿਰ ਲੰਘ ਗਏ, ਦੁਪਹਿਰਾ ਆ ਗਿਆ। ਪਸ਼ੂ ਜਿਹੜੇ ਨੇ ਕਿੱਲਿਆਂ ਤੇ ਖੜੇ ਨੇ, ਆਪਣੀ ਆਪਣੀ ਬੋਲੀ ਵਿਚ ਕੋਈ ਰੰਭਦਾ ਹੈ, ਕੋਈ ਕੁਛ ਕਰਦਾ ਹੈ, ਕੋਈ ਕੁਛ ਕਰਦਾ ਹੈ। ਉਧਰ ਵੀ ਦੇਖ ਲੈਂਦਾ ਹੈ ਧੰਨਾ। ਹੋਰ ਖਿਆਲ ਆ ਜਾਂਦਾ ਹੈ ਕਿ ਮੈਨੂੰ ਤਾਂ ਇਸ ਗੱਲ ਉਤੇ ਬੜੀ ਨਮੋਸ਼ੀ ਆਉਂਦੀ ਹੈ ਕਿ ਉਸ ਪੰਡਤ ਦੇ ਘਰ ਤਾਂ ਰੋਜ਼ ਹੀ ਛੱਕ ਲੈਂਦਾ ਹੈ, ਮੇਰੇ ਕੋਲ ਆ ਕੇ ਭੋਗ ਹੀ ਨਹੀਂ ਲਾ ਰਿਹਾ। ਕਦੇ ਕਹਿੰਦਾ, ਅਜ ਤੁਸੀਂ ਛੱਕ ਲਓ ਮੈਂ ਕਲ ਉਹਨਾਂ ਨੂੰ ਪੁਛਕੇ ਆਉਂਗਾ ਕਿ ਤੁਸੀਂ ਕੀ ਖਾਂਦੇ ਹੋ। ਨਹੀਂ ਤਾਂ ਤੁਸੀਂ ਹੀ ਦਸ ਦਿਓ ਕਿ ਤੁਸੀਂ ਕੀ ਚੀਜ਼ ਖਾਂਦੇ ਹੋ। ਕਹਿੰਦਾ, ਮੈਂ ਹੁਣੇ ਹੀ ਬਣਾ ਦਿੰਦਾ ਹਾਂ, ਮੈਂ ਦਾਲ, ਸਬਜੀ ਬਣਾ ਦਿੰਦਾ ਹਾਂ, ਪਰਸ਼ਾਦੇ ਹੋਰ ਲੈ ਆਂਦਾ ਹਾਂ ਪਕਾ ਕੇ। 100% ਭਰੋਸੇ ਨਾਲ ਬੇਨਤੀ ਕਰਦਾ ਹੈ। ਉਹਦੇ ਬਾਅਦ ਮਨ ਵਿਚ ਖਿਆਲ ਆਉਂਦਾ ਹੈ, ਧੰਨਿਆ ਤੇਰੇ ਨਾਲ ਤਾਂ ਰੱਬ ਰੁਸ ਗਿਆ। ਬਹੁਤ ਰੋਂਦਾ ਹੈ, ਕਹਿੰਦਾ, ਹੇ ਪ੍ਰਭੂ ਤੂੰ ਮੇਰੇ ਨਾਲ ਕਿਹੜੀ ਗੱਲ ਤੋਂ ਰੁੱਸ ਗਿਆ ਹੈ। ਮੈਨੂੰ ਤੇਰਾ ਰੁੱਸ ਜਾਣਾ ਚੰਗਾ ਨਹੀਂ ਲਗਦਾ। ਮੈਂ ਵੀ ਹੁਣ ਪ੍ਰਣ ਕਰਦਾ ਹਾਂ ਕਿ ਜੇ ਤੂੰ ਨਹੀਂ ਕੁਛ ਖਾਇਆ, ਚਾਹੇ ਮੈਂ ਮਰ ਜਾਵਾਂ, ਮੈਂ ਵੀ ਕੁਛ ਨਹੀ ਖਾਣਾ। ਮੈਂ ਭੁਲਿਆ ਹੋਇਆ ਗਰੀਬ ਜੱਟ ਦਾ ਬੱਚਾ ਹਾਂ, ਮੈਂ ਕੱਦੇ ਕੋਈ ਗੈਤਰੀ ਨਹੀਂ ਪੜ੍ਹੀ, ਕਦੇ ਮੈਂ ਮੰਦਰ ਨਹੀਂ ਗਿਆ, ਕੱਦੇ ਮੈਂ ਕਿਸੇ ਨੂੰ ਪੁਛਿਆ ਨਹੀਂ। ਹੇ ਪ੍ਰਭੂ! ਤੂੰ ਮੇਰੇ ਤੇ ਕ੍ਰਿਪਾ ਕਰ, ਚੰਗਾ ਜੇ ਤੈਂ ਨਹੀਂ ਛਕਣਾ, ਜੇ ਤੂੰ ਭੁਖਾ ਰਹਿ ਗਿਆ ਤਾਂ ਮੈਂ ਵੀ ਰੋਟੀ ਨਹੀਂ ਖਾਣੀ।

*ਧਾਰਨਾ - ਮੈਂ ਹਾਂ ਭੁਲਿਆ ਗਰੀਬ ਦਾਸ ਤੇਰਾ,*
*ਕਾਹਤੋਂ ਮੇਰੇ ਨਾਲ ਰੁਸਿਆ -2, 2.*

*ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।*
*ਭਾਈ ਗੁਰਦਾਸ ਜੀ ਦੀ ਵਾਰ 10/13*

ਹੇ ਪ੍ਰਭੂ! ਤੂੰ ਮੇਰੇ ਨਾਲ ਰੁਸ ਗਿਆ, ਪਹਿਲੇ ਦਿਨੇ, ਪਰ ਮੈਂ ਵੀ ਇਹ ਪ੍ਰਣ ਕਰਦਾ ਹਾਂ, ਜਦ ਤੱਕ ਤੂੰ ਨਹੀਂ ਖਾਏਗਾ, ਮੈਂ ਵੀ ਨਹੀਂ ਖਾਵਾਂਗਾ। ਹੇ ਪ੍ਰਭੂ! ਦੇਖ ਤਾਂ ਸਹੀ ਮੇਰੇ ਸਾਰੇ ਡੰਗਰ ਭੁਖੇ ਹਨ, ਤੁਸੀਂ ਪਰਸ਼ਾਦਾ ਛਕ ਲਓ। ਮੈਨੂੰ ਦਸ ਦਿਓ ਤੁਸੀਂ ਕੀ ਛਕਣਾ ਹੈ, ਮੈਂ ਬਣਾ ਦਿਆ ਕਰਾਂਗਾ। ਤੁਸੀਂ ਕ੍ਰਿਪਾ ਕਰੋ, ਇਹਨਾਂ ਪਸ਼ੂਆਂ ਦਾ ਤਾਂ ਕੋਈ ਕਸੂਰ ਨਹੀਂ, ਗਲਤੀ ਤਾਂ ਮੇਰੀ ਹੈ ਤੇ ਸਜ਼ਾ ਇਹ ਭੁਗਤ ਰਹੇ ਹਨ। ਨਾ ਮੈਂ ਇਹਨਾਂ ਨੂੰ ਪਾਣੀ ਪਿਲਾਇਆ, ਨਾ ਮੈਂ ਇਹਨਾਂ ਨੂੰ ਪੱਠੇ ਪਾਏ ਹਨ। ਇੰਨੇ ਚਿਰ ਵਿਚ ਉਸ ਦੇ ਅੰਦਰ ਇਕ ਸੈਕਿੰਡ ਵਾਸਤੇ ਵੀ ਉਸ ਤੇ ਸ਼ੱਕ ਦਾ ਪਰਛਾਵਾ ਨਹੀਂ ਆਇਆ, ਇਸਨੂੰ ਪ੍ਰਤੀਤ ਕਹਿੰਦੇ ਹਨ।

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283*

ਭੋਰਾ ਜਿੰਨਾ ਵੀ ਆਪਣੇ ਭਰੋਸੇ ਤੋਂ ਨਹੀਂ ਹਟਿਆ। ਉਸ ਨੂੰ ਇਹੀ ਰਿਹਾ ਕਿ ਕਸੂਰ ਮੇਰੇ ਵਿਚ ਹੈ ਤੇ ਇਹ ਤਦੇ ਹੀ ਨਹੀਂ ਛੱਕ ਰਹੇ। ਇਹ ਤਾਂ ਛੱਕ ਲੈਂਦੇ ਨੇ ਜਦੋਂ ਨਾਮਦੇਵ ਦਾ ਦੁਧ ਪੀ ਲਿਆ, ਮੇਰਾ ਕਿਉਂ ਨਹੀਂ ਪੀਣਗੇ, ਮੇਰਾ ਕਿਉਂ ਨਹੀਂ ਛੱਕਣਗੇ। ਉਸ ਵੇਲੇ ਜਦ ਸਾਮ੍ਹਣੇ ਦੇਖਦਾ ਹੈਰਾਨ ਹੋ ਗਿਆ, ਲਿਸ਼ਕਾਰਾ ਵਜਿਆ, ਉਹ ਪੱਥਰ ਤਾਂ ਦਿਸਦਾ ਹੀ ਨਹੀਂ ਸੀ, ਉਥੇ ਚੌਕੜੀ ਮਾਰਕੇ ਭਗਵਾਨ ਬੈਠਾ ਹੈ, ਉਸਨੇ ਨਮਸ਼ਕਾਰ ਕਰੀ। ਉਹ ਖੁਸ਼ ਹੋ ਗਿਆ। ਕਹਿੰਦਾ, ਧੰਨਿਆ! ਇੰਨਾ ਉਦਾਸ, ਧੰਨਾ ਉਚੀ ਉਚੀ ਰੋਣ ਲਗ ਪਿਆ। ਕਹਿੰਦਾ, ਤੁਸੀਂ ਤਾਂ ਬਹੁਤ ਦੇਰ ਲਾਈ ਹੈ। ਨਾਮਦੇਵ ਵੇਲੇ ਤਾਂ ਇੰਨੀ ਦੇਰ ਨਹੀਂ ਸੀ ਲਾਈ। ਮੈਂ ਗਰੀਬ ਬੰਦਾ ਹਾਂ ਤੁਸੀਂ ਮੇਰੇ ਵਾਰੀ ਇੰਨੀ ਦੇਰ ਲਾ ਦਿੱਤੀ। ਕਹਿੰਦੇ, ਧੰਨਿਆ, ਠੀਕ ਹੈ, ਲਿਆ ਤੂੰ ਪਰਸ਼ਾਦਾ ਦੇ ਮੈਨੂੰ ਭੁਖ ਲੱਗੀ ਹੋਈ ਹੈ। ਪਰਸ਼ਾਦੇ ਅੱਗੇ ਰੱਖ ਦਿੱਤੇ ਉਸਨੇ। ਉਹ ਹੈਰਾਨ ਹੁੰਦਾ ਹੈ, ਰੋਟੀ ਨੂੰ ਨਾ ਹੱਥ ਲਗਦਾ ਹੈ, ਨਾ ਖਾਂਦੇ ਨਜ਼ਰ ਆਉਂਦੇ ਨੇ, ਰੋਟੀ ਮੁਕ ਜਾਂਦੀ ਹੈ। ਫਟਾ ਫਟ ਉੜਦੀਆਂ

ਨੇ ਉਪਰ ਨੂੰ। ਜਦ ਭਗਵਾਨ ਨੇ ਕਾਫੀ ਸਾਰੀਆਂ ਛੱਕ ਲਈਆਂ ਤਾਂ ਧੰਨੇ ਨੇ ਪਰਸ਼ਾਦਿਆਂ ਤੇ ਹੱਥ ਰੱਖ ਦਿੱਤਾ। ਕਹਿੰਦਾ, ਪ੍ਰਭੂ ਮੈਂ ਵੀ ਸਵੇਰ ਤੋਂ ਭੁਖਾ ਹਾਂ, ਤੁਸੀਂ ਵੀ ਸਵੇਰ ਤੋਂ ਭੁਖੇ ਹੋ ਤੇ ਮੇਰੇ ਵਾਸਤੇ ਛਡ ਦਿਓ। ਹੁਣ ਮੈਂ ਹੋਰ ਕਿਥੋਂ ਬਣਾਵਾਂਗਾ। ਸੋ ਭਾਈ ਸਾਹਿਬ ਲਿਖਦੇ ਨੇ –

***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭਾਈ ਗੁਰਦਾਸ ਜੀ ਦੀ ਵਾਰ 10/13***

***ਧਾਰਨਾ – ਵਾਹਵਾ-ਵਾਹਵਾ ਬਈ ਰੱਬ ਪਰਤੱਖ ਹੋ ਗਿਆ –2***
***ਰੋਟੀ ਖਾ ਲਈ ਧੰਨੇ ਦੀ ਆ ਕੇ –2, 2.***

ਲੱਸੀ ਵੀ ਪੀਂਦਾ ਹੈ ਤੇ ਪਰਸ਼ਾਦਾ ਵੀ ਛਕਦਾ ਹੈ। ਇਹ ਹੋਇਆ ਕਿਵੇਂ? ਮਹਾਰਾਜ ਕਹਿੰਦੇ –

***ਭੋਲਾ ਭਾਉ ਗੋਬਿੰਦੁ ਮਿਲਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 10/13***

ਭੋਲਾ ਭਾਵ ਉਸ ਦੀ ਪ੍ਰਤੀਤ ਹੈ।

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥***
***ਪੰਨਾ – 488***

ਸੋ ਸਾਧ ਸੰਗਤ ਜੀ! ਮੈਂ ਉਸ ਪਰਤੀਤ ਦਾ ਜਿਕਰ ਕਰਿਆ ਕਿ ਜੇ ਭਰੋਸਾ ਹੀ ਨਹੀਂ ਬੱਝਦਾ ਤਾਂ ਲੈਣ ਦੇਣ ਨੂੰ ਕੀ ਹੈ। ਇਹ ਸ਼ਰਧਾ, ਭਰੋਸਾ, ਯਕੀਨ ਜਿੰਨਾ ਚਿਰ ਸਾਡੇ ਮਨ ਵਿਚ ਨਹੀਂ ਆਉਂਦਾ, ਅਸੀਂ ਰੂਹਾਨੀ ਤੌਰ ਤੇ ਤਰੱਕੀ ਨਹੀਂ ਕਰ ਸਕਦੇ। ਸੋ ਹਰ ਹਾਲਤ ਵਿਚ ਗੁਰੂ ਧਾਰਨਾ ਜਰੂਰੀ ਹੈ। ਧੰਨੇ ਨੇ ਜਦੋਂ ਪ੍ਰਭੂ ਤੋਂ ਕੰਮ ਕਰਾਉਣੇ ਸ਼ੁਰੂ ਕਰ ਲਏ, ਜਾ ਕੇ ਡੰਗਰਾ ਨੂੰ ਪੱਠੇ ਪਾਉਣੇ, ਹਲ ਚਲਾਉਣਾ, ਖੂਹ ਹੱਕਣਾ, ਪਾਣੀ ਲਾਉਣਾ ਸਾਰੇ ਕੰਮ ਭਗਵਾਨ ਆਪ ਕਰਦੇ ਸਨ ਤੇ ਧੰਨੇ ਨੂੰ ਕਹਿਣ ਲੱਗੇ, ਧੰਨਿਆ ਤੂੰ ਐਥੇ ਬੈਠ ਕੇ ਰਾਮ ਰਾਮ ਕਰੀ ਜਾਇਆ ਕਰ, ਇਹ ਕੰਮ ਤਾਂ ਮੇਰੇ ਖੱਬੇ ਹੱਥ ਦਾ ਕੰਮ ਹੈ। ਤੇਰੇ ਸਾਰੇ ਕੰਮ ਹੋਏ ਹੋਣਗੇ। ਧੰਨਾ ਹੈਰਾਨ ਹੋ ਗਿਆ, ਬਹੁਤ ਮਿਤਰਤਾ ਹੋ ਗਈ।

ਇਕ ਦਿਨ ਕਹਿਣ ਲੱਗਿਆ, ਪ੍ਰਭੂ ਤੁਸੀਂ ਮੈਨੂੰ ਕੋਈ ਗਲ ਦਸੋ। ਕਹਿੰਦੇ, ਧੰਨਿਆ ਤੂੰ ਮੈਨੂੰ ਪਿਆਰ ਕਰਦਾ ਹੈ। ਕਹਿੰਦਾ, ਹਾਂ। ਕਹਿੰਦੇ, ਫੇਰ ਜਿਹੜਾ ਤੇਰਾ ਵਾਸਾ ਹੈ, ਮੇਰੇ ਸਰੂਪ ਵਿਚ ਨਹੀਂ ਹੋਣਾ। ਤੂੰ ਮੇਰੇ ਤੋਂ ਦੂਰ ਰਹੇਗਾ। ਕਹਿੰਦਾ, ਕਸੂਰ? ਕਹਿੰਦੇ, ਕਸੂਰ! ਤੂੰ ਨਿਗੁਰਾ ਹੈ, ਤੂੰ ਗੁਰੂ ਨਹੀਂ ਧਾਰਿਆ ਹੋਇਆ। ਜਦ ਤਕ ਤੂੰ ਗੁਰੂ ਨਹੀਂ ਧਾਰਦਾ, ਚਾਰ ਮੁਕਤੀਆ ਵਿਚੋਂ ਤੈਨੂੰ ਕੋਈ ਮੁਕਤੀ ਨਹੀਂ ਮਿਲਣੀ। ਇਹ ਜਿਹੜੇ ਮੇਰੇ ਦਰਸ਼ਨ ਹੋ ਰਹੇ ਨੇ, ਮੇਰਾ ਇਹ ਸਰੂਪ ਨਹੀਂ ਹੈ, ਜਿਹੜਾ ਤੂੰ ਦੇਖ ਰਿਹਾ ਹੈਂ।

ਇਕ ਵਾਰੀ ਜਦੋਂ ਨਾਮਦੇਵ ਲਈ ਪ੍ਰਮੇਸ਼ਰ ਨੇ ਦੋਹਰਾ ਫੇਰ ਦਿਤਾ ਤਾਂ ਨਾਮਦੇਵ ਕਹਿਣ ਲੱਗੇ, ਹੇ ਪ੍ਰਭੂ! ਤੁਸੀਂ ਕਿਥੇ ਰਹਿੰਦੇ ਹੋ? ਕਹਿੰਦੇ, ਨਾਮਦੇਵ! ਇਹ ਮੈਂ ਆਪਣੇ ਮੂੰਹ ਨਾਲ ਨਹੀਂ ਦਸ ਸਕਦਾ। ਮੈਂ ਕਿਥੇ ਰਹਿੰਦਾ ਹਾਂ। ਕਹਿੰਦੇ ਹੇ ਪ੍ਰਭੂ ਫੇਰ ਕੌਣ ਦੱਸੇਗਾ? ਕਹਿੰਦੇ ਇਹ ਗੱਲ ਮੇਰੇ ਸਾਧੂ ਦਸਦੇ ਨੇ, ਸੰਤ ਦਸਦੇ ਨੇ, ਇਹ ਉਹਨਾਂ ਤੋਂ ਪੁਛ ਲੈ। ਕਹਿੰਦਾ, ਜੇ ਮਹਾਰਾਜ ਤੁਸੀਂ ਦੱਸ ਦਿਓ, ਫੇਰ ਕੀ ਫਰਕ ਪੈ ਜਾਏਗਾ। ਕਹਿੰਦੇ, ਨਾਮਦੇਵ ਫੇਰ ਨਾ ਮੈਂ ਰਹਿਣਾ ਹੈ, ਨਾ ਤੂੰ ਰਹਿਣਾ, ਨਾ ਸੰਸਾਰ ਨੇ ਰਹਿਣਾ। ਗੱਲ ਸਮਝ ਲਓ ਸਮਝ ਵਾਲੇ ਬੰਦੇ ਕਿ ਕੀ ਗੱਲ ਕਹਿ ਦਿੱਤੀ। ਕਹਿੰਦੇ, ਨਾ ਮੈਂ ਰਹਿਣਾ, ਨਾਂ ਤੂੰ ਰਹਿਣਾ, ਨਾ ਸੰਸਾਰ ਨੇ ਰਹਿਣਾ ਜੇ ਮੈਂ ਦੱਸ ਦਿੱਤਾ ਕਿ ਮੈਂ ਕਿਥੇ ਰਹਿੰਦਾ। ਫੇਰ ਕਹਿੰਦਾ ਗਿਆਨੇਸ਼ਵਰ ਜੀ ਕੋਲ ਜਾ ਉਹ ਤੈਨੂੰ ਦੱਸਣਗੇ। ਦੂਜੇ ਦਿਨ ਉਹਨਾਂ ਕੋਲ ਜਾਂਦਾ ਹੈ, ਉਥੇ ਕੀ ਦੇਖਿਆ ਉਹ ਬੀਠਲ ਨੂੰ ਪੂਜਦੇ ਨੇ। 'ਬੀਠਲ ਇਕ ਵੱਟਾ ਹੁੰਦਾ ਹੈ, ਜਿਸ ਵਿਚ ਸਫੇਦ ਧਾਰੀ ਹੁੰਦੀ ਹੈ'। ਗਿਆਨੇਸ਼ਵਰ ਜੀ ਖੜ੍ਹੇ ਹੈ ਉਹਨਾਂ ਨੇ ਇਕ ਪੈਰ ਜੁੱਤੀ ਸਮੇਤ ਉਸਦੇ ਉਪਰ ਰੱਖਿਆ ਹੋਇਆ ਹੈ। ਨਾਮਦੇਵ ਜੀ ਦੇ ਮਨ ਵਿਚ ਤਰਕ ਆ ਗਈ ਉਹ ਉਥੋਂ ਮੁੜ ਆਏ। ਕਹਿੰਦੇ, ਉਸ ਬੰਦੇ ਕੋਲ ਕੀ ਮਿਲਣੈਂ ਜਿਹੜਾ ਮੇਰੇ ਬੀਠਲ ਉਤੇ ਪੈਰ ਧਰੀ ਖੜ੍ਹਿਆ ਹੈ। ਉਸ ਤੋਂ ਬਾਅਦ ਬੜਾ ਉਦਾਸ ਹੋ ਗਿਆ। ਪ੍ਰਭੂ ਨੂੰ ਯਾਦ ਕਰਿਆ। ਪ੍ਰਮੇਸ਼ਰ ਆਏ, ਕਹਿੰਦੇ ਕੀ ਗੱਲ ਹੈ, ਤੂੰ ਹੁਣ ਰੋਂਦਾ ਕਿਉਂ ਹੈ? ਪ੍ਰਭੂ! ਉਹ ਤਾਂ ਤੇਰੇ ਉਤੇ ਪੈਰ ਧਰੀਂ ਖੜਿਆ ਹੈ। ਕਹਿੰਦੇ, ਜਾ, ਜਾ ਉਸੇ ਕੋਲ ਉਹੀ ਤੈਨੂੰ ਦਸੇਗਾ। ਕਹਿੰਦਾ, ਮੈਂ ਉਸ ਨੂੰ ਕਹਿ ਦੇਵਾਂਗਾ ਤੇ ਉਹ ਤੈਨੂੰ ਦੱਸ ਦਏਗਾ?

ਦੂਸਰੇ ਦਿਨ ਜਾਂਦਾ ਹੈ ਤਾਂ ਗਿਆਨੇਸ਼ਵਰ ਜੀ ਬੈਠੇ ਨੇ। ਕਹਿੰਦੇ ਆ ਜਾ, ਆ ਜਾ ਤੇਰੀ ਸਿਫਾਰਸ਼ ਪਹੁੰਚ ਗਈ ਹੈ ਮੇਰੇ ਕੋਲ। ਕੀ ਪੁਛਣਾ ਹੈ? ਤੂੰ ਪ੍ਰਭੂ ਤੋਂ ਕੀ ਪੁਛਿਆ ਸੀ ਕਿ ਪ੍ਰਮੇਸ਼ਰ ਕਿਥੇ ਰਹਿੰਦਾ ਹੈ? ਕਹਿੰਦਾ ਹਾਂ, ਕਹਿੰਦੇ ਤੂੰ ਕਦੇ ਸੁਣਿਆ ਹੈ ਕਿ ਕਿਥੇ ਰਹਿੰਦਾ ਹੈ? ਕਹਿੰਦਾ, ਸਾਰੇ ਸੰਤਾਂ ਤੋਂ ਸੁਣਿਆ ਹੈ। ਹਰ ਥਾਂ ਰਹਿੰਦਾ ਹੈ, ਕੋਈ ਵੀ ਥਾਂ ਐਸਾ ਨਹੀਂ ਜਿਥੇ ਉਹ ਨਹੀਂ ਰਹਿੰਦਾ। ਕਹਿੰਦੇ, ਮੇਰੇ ਵਿਚ ਵੀ ਰਹਿੰਦਾ ਹੈ। ਕਹਿੰਦਾ, ਹਾਂ। ਕਹਿੰਦੇ, ਮੇਰੇ ਪੈਰ ਵਿਚ ਵੀ ਰਹਿੰਦਾ ਹੈ। ਕਹਿੰਦਾ, ਹਾਂ। ਕਹਿੰਦੇ, ਉਹ ਜਿਹੜਾ ਨੀਚੇ ਬੀਠਲ ਪੱਥਰ ਪਇਆ ਹੈ, ਉਸ ਵਿਚ ਵੀ ਉਹੀ ਹੈ, ਕਹਿੰਦਾ ਓਹੀ ਹੈ। ਕਹਿੰਦਾ, ਕੌਣ ਪ੍ਰਮੇਸ਼ਰ ਉਤੇ ਪੈਰ ਧਰੀ ਖੜ੍ਹਿਆ ਸੀ। ਨਾਮਦੇਵ, ਐਥੇ ਪ੍ਰਮੇਸ਼ਰ ਤੋਂ ਬਗੈਰ ਕੋਈ ਹੋਰ ਹੈ ਨਹੀਂ, ਇਕੋ ਹੀ ਪ੍ਰਮੇਸ਼ਰ ਹੈ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ – 846***

ਕਹਿੰਦੇ, ਧੰਨਿਆ! ਗੁਰੂ ਧਾਰ, ਜਦ ਤਕ ਤੂੰ ਗੁਰੂ

(ਬਾਕੀ ਪੰਨਾ 35 ਤੇ)

# ਅਨੰਦਮਈ ਜੀਵਨ ਜਾਚ
# The Art of Joyful Living

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-11)*

## ਅਧਿਆਇ ਚੌਥਾ

### ਨਕਾਰਾਤਮਕ ਮਨੋਭਾਵਾਂ ਦਾ ਸਰੂਪ

ਜਦੋਂ ਮੈਂ ਬੋਲ ਰਿਹਾ ਹੋਵਾਂ ਤੇ ਮੈਂ ਆਪਣਾ ਹੱਥ ਹਿਲਾਵਾਂ, ਉਸ ਹੱਥ ਹਿਲਾਉਣ ਲਈ ਮੇਰੇ ਅੰਦਰ ਕਿਸ ਦੀ ਪ੍ਰੇਰਨਾ ਹੋਈ ਹੈ? ਸਾਡੇ ਬਹੁਤ ਸਾਰੇ ਇਸ਼ਾਰੇ ਜਾਂ ਜਦੋਂ ਅਸੀਂ ਸਰੀਰ ਦਾ ਕੋਈ ਵੀ ਅੰਗ ਹਿਲਾਉਂਦੇ ਹਾਂ ਉਹ ਬਿਲਕੁਲ ਅਚੇਤ ਮਨ ਰਾਹੀਂ ਹੀ ਹੁੰਦੇ ਹਨ ਸਾਨੂੰ ਪਤਾ ਵੀ ਨਹੀਂ ਹੁੰਦਾ, ਅਸੀਂ ਕੀ ਕਰ ਰਹੇ ਹਾਂ ਸੋ ਜਦੋਂ ਮੈਂ ਬੋਲ ਰਿਹਾ ਹਾਂ ਮੇਰੇ ਹੱਥ ਹਿੱਲ ਰਹੇ ਹਨ, ਉਂਗਲੀਆਂ ਹਿੱਲ ਰਹੀਆਂ ਹਨ। ਸਰੀਰ ਦੀ ਵੀ ਇਕ ਭਾਸ਼ਾ ਹੈ ਇਹ ਆਪਣੇ ਚਿੰਨ, ਆਪਣੇ ਇਸ਼ਾਰੇ ਬਣਾਉਂਦਾ ਰਹਿੰਦਾ ਹੈ ਕਿਉਂਕਿ ਸਰੀਰ ਦੇ ਇਸ਼ਾਰੇ ਸਰੀਰ ਦਾ ਹਿਲਣਾ ਜੁਲਣਾ ਵਿਚਾਰਾਂ ਨਾਲ ਚਲਦਾ ਹੈ, ਜਦੋਂ ਵੀ ਅਸੀਂ ਸਰੀਰ ਨੂੰ ਹਿਲਾਉਂਦੇ ਹਾਂ ਉਸ ਦਾ ਭਾਵ ਹੈ ਕਿ ਮਨ ਦੇ ਅੰਦਰ ਕੁਝ ਚਲ ਰਿਹਾ ਹੈ ਤੇ ਅਸੀਂ ਉਹ ਦਸਣਾ ਚਾਹੁੰਦੇ ਹਾਂ, ਦਰਸਾਣਾ ਚਾਹੁੰਦੇ ਹਾਂ। ਇਹ ਇਕ ਮਹੱਤਵਪੂਰਨ ਗੱਲ ਹੈ ਤੁਹਾਡੇ ਸਰੀਰ ਦੀ ਹਿਲਜੁਲ ਸਰੀਰ ਦੇ ਇਸ਼ਾਰੇ ਤੁਹਾਡੀ ਸੋਚ ਦਾ ਨਤੀਜਾ ਹਨ, ਤੁਹਾਡੀ ਚੇਤਨ ਸੋਚ ਤੇ ਤੁਹਾਡੀ ਅਚੇਤ ਮਨ ਦੀ ਸੋਚ।

ਗਿਆਨ ਦਾ ਉਹ ਹਿੱਸਾ ਜਿਹੜਾ ਸੋਚ, ਸੰਵੇਗ ਭਾਵਨਾ ਨੂੰ ਦੇਖਦਾ ਹੈ ਉਸ ਬਾਰੇ ਦਸਦਾ ਹੈ ਉਸਨੂੰ ਮਨੋਵਿਗਿਆਨ ਕਹਿੰਦੇ ਹਨ। ਤੁਹਾਨੂੰ ਆਪਣੇ ਮਨ ਨੂੰ ਸਮਝਣਾ ਚਾਹੀਦਾ ਹੈ ਮਨ ਦੇ ਪਰੀਵਰਤਨ ਨੂੰ ਸਮਝਣਾ ਚਾਹੀਦਾ ਹੈ, ਡੂੰਘੇ ਜਾ ਕੇ ਸਮਝਣਾ ਚਾਹੀਦਾ ਹੈ ਇਹ ਤੁਸੀਂ ਸਰੀਰ ਨੂੰ ਦੇਖ ਕੇ ਸਰੀਰ ਦਾ ਵਿਸ਼ਲੇਸ਼ਨ ਕਰਕੇ ਕਰ ਸਕਦੇ ਹੋ, ਇਹ ਦੇਖ ਕੇ ਤੁਹਾਡਾ ਸਰੀਰ ਹਿਲਦਾ ਜੁਲਦਾ ਹੈ, ਕਦੋਂ ਹਿਲਦਾ ਹੈ, ਕਦੋਂ ਸਰੀਰ ਵਿਚ ਹਰਕਤ ਹੁੰਦੀ ਹੈ ਤੇ ਕਿਉਂ ਹੁੰਦੀ ਹੈ।

ਤੁਹਾਡਾ ਸਰੀਰ ਜੋ ਕੁਝ ਵੀ ਕਰਦਾ ਹੈ ਉਸ ਦਾ ਕੋਈ ਅਰਥ ਹੈ ਜੇ ਤੁਸੀਂ ਬਹੁਤਾ ਖਾ ਲੈਂਦੇ ਹੋ ਤਾਂ ਤੁਹਾਨੂੰ ਡਕਾਰ ਆਉਂਦੇ ਹਨ ਜੇ ਤੁਹਾਡੇ ਸਰੀਰ ਵਿਚ ਕਿਤੇ ਦਰਦ ਹੋ ਰਿਹਾ ਹੈ ਤਾਂ ਤੁਸੀਂ ਇਕ ਪਾਸੇ ਮੁੜਦੇ ਹੋ, ਦਬਾਉਂਦੇ ਹੋ ਜਦੋਂ ਤੁਹਾਨੂੰ ਕਿਤੇ ਦਰਦ ਹੋ ਰਿਹਾ ਹੋਵੇ, ਦੂਸਰੇ ਦਸ ਸਕਦੇ ਹਨ ਕਿ ਤੁਹਾਨੂੰ ਤਕਲੀਫ ਹੈ, ਤੁਸੀਂ ਠੀਕ ਨਹੀਂ ਹੋ। ਤੁਹਾਡੇ ਸਰੀਰ ਦੇ ਇਸ਼ਾਰੇ ਸਰੀਰ ਦਾ ਹਿਲਣਾ ਜੁਲਣਾ ਪੂਰੀ ਤਰ੍ਹਾਂ ਤੁਹਾਡੀ ਸੋਚ ਨਾਲ ਜੁੜਿਆ ਹੁੰਦਾ ਹੈ।

ਵਾਸਤਵ ਵਿਚ ਅੰਗ੍ਰੇਜ਼ੀ ਦਾ ਸ਼ਬਦ ਮੈਨ (man) ਸੰਸਕ੍ਰਿਤ ਦੇ ਸ਼ਬਦ ਮਨ ਤੋਂ ਬਣਿਆ ਹੈ ਆਪਣੇ ਆਪ ਨੂੰ ਜਾਨਣ ਲਈ ਸਮਝਣ ਲਈ ਤੁਹਾਨੂੰ ਆਪਣੇ ਮਨ ਨੂੰ ਜਾਚ ਲੈਣਾ ਚਾਹੀਦਾ ਹੈ ਆਪਣੇ ਆਪ ਨੂੰ ਸਮਝਣਾ ਚਾਹੀਦਾ ਹੈ।

ਆਪਣੇ ਮਨ ਨੂੰ ਪੂਰੀ ਤਰ੍ਹਾਂ ਨਾਲ ਜਾਨਣਾ ਜਾਂਚਣਾ ਬਹੁਤ ਹੀ ਔਖਾ ਹੈ, ਅਸੰਭਵ ਹੈ ਕਿਉਂਕਿ ਬਹੁਤ ਸਾਰਾ ਮਨ ਦਾ ਹਿੱਸਾ ਤਾਂ ਅਚੇਤ ਹੈ, ਸਾਡੇ ਕੋਲੋਂ ਛੁਪਿਆ ਹੋਇਆ ਹੈ ਤੇ ਉਸਨੂੰ ਸਮਝਣਾ ਬਹੁਤ ਔਖਾ ਹੈ, ਮਨ ਦੇ ਸਰੂਪ ਨੂੰ ਜਾਨਣ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਅਸੀਂ ਕਹਿੰਦੇ ਹਾਂ, ਸਾਰਾ ਸਰੀਰ ਮਨ ਵਿਚ ਹੈ, ਮਨ ਵਿਚ ਵਸਦਾ ਹੈ ਪਰ ਮਨ ਸਰੀਰ ਵਿਚ ਨਹੀਂ ਵਸਦਾ ਭਾਵ ਇਹ ਹੈ ਕਿ ਮਨ ਪੂਰੀ ਤਰ੍ਹਾਂ ਨਾਲ ਵਿਸਤ੍ਰਿਤ ਹੈ, ਸਰੀਰ ਉਸ ਤਰ੍ਹਾਂ ਨਹੀਂ ਹੈ। ਜੇ ਤੁਸੀਂ ਆਪਣੇ ਆਪ ਨੂੰ ਸਮਝਣਾ ਹੈ ਮਨ ਨੂੰ ਪੂਰੀ ਤਰ੍ਹਾਂ ਸਮਝਣਾ ਹੈ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਨਕਾਰਾਤਮਕ ਸੋਚ ਮਨ ਵਿਚੋਂ ਕੱਢਣੀ ਪਵੇਗੀ ਕਿ ਤੁਸੀਂ ਕੇਵਲ ਸਰੀਰ ਹੋ, ਇਕ ਛੋਟੇ ਜਿਹੇ ਤੇ ਨਕਾਰੇ ਸਰੀਰ ਮਿਸਾਲ ਵਜੋਂ ਜੇ ਤੁਸੀਂ ਸੋਚਦੇ ਹੋ, ਤੁਸੀਂ▲ ਬਹੁਤ ਕਮਜ਼ੋਰ ਹੋ, ਛੋਟੇ ਹੋ, ਮੋਟੇ ਹੋ ਇਹੋ ਜਿਹੀਆਂ ਸਾਰੀਆਂ ਸੋਚਾਂ ਨੂੰ ਛੱਡਣਾ ਪਵੇਗਾ। ਤੁਸੀਂ ਸੋਚ ਨਹੀਂ ਸਕਦੇ ਕਿ ਤੁਹਾਡੇ ਵਰਗੇ ਕਿੰਨੇ ਸ਼ਕਤੀਸ਼ਾਲ ਹੋ ਸਕਦੇ ਹਨ ਉਨ੍ਹਾਂ ਦਾ ਮਨ ਕਿੰਨਾ ਵੱਡਾ ਤੇ ਵਿਕਸਿਤ ਹੋ ਸਕਦਾ ਹੈ ਪਰ ਇਹ ਤੁਹਾਡੀ ਆਦਤ ਹੈ ਕਿ ਤੁਸੀਂ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹੋ, ਇਹ ਸਮਝਦੇ ਹੋ ਕਿ ਤੁਸੀਂ ਇਹ ਕਰ ਸਕਦੇ ਹੋ ਇਹ ਨਹੀਂ।

ਇਸ ਤਰ੍ਹਾਂ ਦੀ ਤੁਹਾਡੀ ਆਪਣੇ ਬਾਰੇ ਸਮਝ ਜਾਣ ਪਛਾਣ ਕੋਈ ਠੀਕ ਨਹੀਂ ਹੈ ਤੁਹਾਡੇ ਅੰਦਰ ਖਜ਼ਾਨੇ ਦੱਬੇ ਪਏ ਹਨ, ਤੁਹਾਡੀਆਂ ਮਾਨਸਿਕ ਸ਼ਕਤੀਆਂ ਦਾ ਤੁਹਾਨੂੰ ਕੋਈ ਅੰਦਾਜ਼ਾ ਹੀ ਨਹੀਂ ਜੇ ਇਨ੍ਹਾਂ ਸ਼ਕਤੀਆਂ ਨੂੰ ਨਾ ਵਰਤੋ ਤਾਂ ਇਹ ਰੁਕਾਵਟ ਹਨ ਤਾਂ ਇਹ ਤੁਹਾਡੇ ਕੰਮ ਕਾਜ ਵਿਚ ਬਾਧਾ ਹਨ ਜੇ ਤੁਸੀਂ ਉਨ੍ਹਾਂ ਦੀ ਠੀਕ ਵਰਤੋਂ ਕਰ ਲਵੋ ਤਾਂ ਇਹ ਤੁਹਾਡੀਆਂ ਸਹਾਇਕ ਬਣ ਜਾਂਦੀਆਂ ਹਨ ਤੇ ਤੁਹਾਨੂੰ ਵੱਡੇ ਤੋਂ ਵੱਡੀ ਪ੍ਰਾਪਤੀ ਕਰਾ ਸਕਦੀਆਂ ਹਨ। ਤੁਹਾਡੀਆਂ ਅੰਦਰ ਦੀਆਂ ਛੁਪੀਆਂ ਹੋਈਆਂ ਯੋਗਤਾਵਾਂ ਨੂੰ ਬਾਹਰ ਪ੍ਰਗਟ ਕਰ ਦਿੰਦੀਆਂ ਹਨ ਇਸ ਤਰ੍ਹਾਂ ਨਾਲ ਤੁਹਾਡੇ ਅੱਗੇ ਤੁਹਾਡੀ ਸ਼ਕਸ਼ੀਅਤ ਦਾ ਉਹ ਪਾਸਾ ਅੱਗੇ ਆ ਜਾਂਦਾ ਹੈ ਜਿਹੜਾ ਤੁਹਾਨੂੰ ਪਤਾ ਹੀ ਨਹੀਂ ਜਿਸ ਬਾਰੇ ਤੁਸੀਂ ਜਾਣਦੇ ਹੀ ਨਹੀਂ ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇ ਤੁਸੀਂ ਮਨ ਦੇ ਕਾਰਜ ਨੂੰ ਚੰਗੀ ਤਰ੍ਹਾਂ ਜਾਣ ਲਵੋ।

ਤੁਹਾਡੀ ਮਜ਼ਹਬੀ ਸਿਖਿਆ ਵਿਚ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਈਸਾ ਜੀ ਬਹੁਤ ਉਚੇ ਮਨੁੱਖ ਸੀ ਉਹ ਪ੍ਰਮਾਤਮਾ ਦੇ ਪੁਤਰ ਸੀ। ਵੇਦਾਂਤ ਅਨੁਸਾਰ ਇਹ ਠੀਕ ਹੈ ਮੋਜ਼ਿਜ ਵੀ ਪ੍ਰਮਾਤਮਾ ਦਾ ਪੁੱਤਰ ਸੀ ਇਸੇ ਤਰ੍ਹਾਂ ਮਹਾਤਮਾ ਬੁੱਧ, ਕ੍ਰਿਸ਼ਨ ਜੀ, ਗੁਰੂ ਨਾਨਕ ਦੇਵ ਜੀ ਮੁਹੰਮਦ ਸਾਹਿਬ ਇਹ ਸਭ ਧਰਤੀ ਤੇ ਆਏ ਬਿਲਕੁਲ ਉਸ ਤਰ੍ਹਾਂ ਹੀ ਆਏ ਜਿਵੇਂ ਤੁਸੀਂ ਸਾਰੇ ਆਏ ਹੋ। ਇਹ ਸਭ ਇਸ ਤਰ੍ਹਾਂ ਹੀ ਟੁਰਦੇ ਫਿਰਦੇ ਸੀ ਜਿਵੇਂ ਤੁਸੀਂ ਸਭ ਕੁਝ ਉਸ ਤਰ੍ਹਾਂ ਹੀ ਕਰਦੇ ਸੀ ਜਿਵੇਂ ਤੁਸੀਂ ਕਰਦੇ ਹੋ ਪਰ ਉਹ ਫੇਰ ਆਗੂ ਕਿਉਂ ਬਣੇ ? ਇਨ੍ਹਾਂ ਸਭ ਨੂੰ ਅੰਤਰ ਗਿਆਨ ਸੀ, ਇਨ੍ਹਾਂ ਦੇ ਅੰਦਰ ਚਾਨਣ ਸੀ ਇਹ ਅੰਤਰ ਨੂੰ ਜਾਣਦੇ ਸੀ ਮਨ ਦੀ ਡੂੰਘਾਈਆਂ ਨੂੰ ਜਾਣਦੇ ਸੀ।

ਸਾਰੀਆਂ ਵੱਡੀਆਂ ਹਸਤੀਆਂ ਦੀ ਤਰ੍ਹਾਂ ਜੇ ਤੁਸੀਂ ਵੀ ਆਤਮ ਮਾਰਗ ਤੇ ਚਲ ਕੇ ਅੱਗੇ ਵਧਣਾ ਚਾਹੁੰਦੇ ਹੋ, ਤੁਹਾਨੂੰ ਸਭ ਤੋਂ ਪਹਿਲਾਂ ਆਪਣੀ ਸੋਚਣੀ ਸਮਝਣੀ ਪਵੇਗੀ ਵਾਸਤਵ ਵਿਚ ਤੁਹਾਡੇ ਅੰਦਰ ਸੋਚ ਦੇਵੀਂ ਕਿੰਨੇ ਹੀ ਪੱਧਰ ਹਨ।

ਕਿਸੇ ਇਕ ਲੇਖਕ ਨੇ ਬਹੁਤ ਚੰਗਾ ਲਿਖਿਆ ਹੈ ਕਿ ਜੇ ਕਿਸੇ ਸੋਹਣੇ ਚੰਗੇ ਵਿਚਾਰ ਨੂੰ ਅਮਲੀ ਜਾਮਾ ਨਾ ਪੁਆਇਆ ਜਾਵੇ ਉਸ ਨੂੰ ਕਰਨੀ ਵਿਚ ਨਾ ਬਦਲਿਆ ਜਾਵੇ ਤਾਂ ਇਹ ਕਿਹਾ ਜਾਂਦਾ ਹੈ ਉਸ ਦਾ ਆਤਮ ਘਾਤ ਕਰ ਦਿਤਾ ਗਿਆ ਹੈ। ਇਸ ਤੋਂ ਭਾਵ ਇਹ ਹੈ ਕਿ ਜੋ ਕੁਝ ਵੀ ਤੁਹਾਡੇ ਅੰਦਰ ਚੰਗਾ ਹੈ ਉਸ ਨੂੰ ਪ੍ਰਗਟ ਕੀਤਾ ਜਾਵੇ। ਪਰ ਚੰਗਾ ਵਿਚਾਰ ਹੈ ਕਿ ਜਿਸਨੂੰ ਅਸੀਂ ਚੰਗਾ ਵਿਚਾਰ ਕਹਾਂਗੇ। ਚੰਗਾ ਵਿਚਾਰ ਉਹ ਹੈਜਿਹੜਾ ਤੁਹਾਨੂੰ ਸਿਰਜਨਾਤਮਕ ਬਣਾਉਂਦਾ ਹੈ ਉਹ ਵਿਚਾਰ ਜਿਹੜਾ ਤੁਹਾਡੇ ਅੰਦਰ ਦੂੰਦ ਨਾ ਪੈਦਾ ਕਰੇ, ਇਹ ਹੈ ਚੰਗਾ ਵਿਚਾਰ। ਚੰਗਾ ਵਿਚਾਰ ਉਹ ਹੈ ਜਿਹੜਾ ਤੁਹਾਨੂੰ ਸ਼ਾਂਤ ਕਰਦਾ ਹੈ, ਸਮਾਚਿਤ ਕਰਦਾ ਹੈ, ਸੰਤੁਲਨ ਵਿਚ ਰਖਦਾ ਹੈ, ਕੋਈ ਦੂੰਦ ਨਹੀਂ ਦਿੰਦਾ, ਖੁਸ਼ ਰਖਦਾ ਹੈ ਇਹ ਹੈ ਚੰਗਾ ਵਿਚਾਰ। ਇਹੋ ਜਿਹੇ ਵਿਚਾਰ ਨੂੰ ਅੰਦਰ ਮਰਨ ਨਹੀਂ ਦੇਣਾ ਚਾਹੀਦਾ, ਨਾ ਹੀ ਇਹ ਤੁਹਾਡਾ ਅੰਦਰ ਦਬਿਆ ਪਿਆ ਰਹਿਣਾ ਚਾਹੀਦਾ ਹੈ ਇਸ ਨੂੰ ਤੁਹਾਡੀ ਸੋਚਣੀ ਕਥਨੀ ਤੇ ਕਰਨੀ ਰਾਹੀਂ ਪ੍ਰਗਟਾਵਾ ਮਿਲਣਾ ਚਾਹੀਦਾ ਹੈ।

ਜਿਥੋਂ ਤਕ ਸੋਚਣੀ ਦਾ ਸਵਾਲ ਹੈ ਤੁਹਾਨੂੰ ਆਪਣੀ ਸੋਚਣੀ ਵਿਚੋਂ ਚੁਣਨਾ ਪਵੇਗਾ ਚੰਗੀ ਕਿਹੜੀ ਹੈ ਨਕਾਰੀ ਕਿਹੜੀ ਹੈ। ਇਹ ਸਿੱਖੋ ਕਿ ਨਕਾਰਾਤਮਕ ਸੋਚਣੀ ਨੂੰ ਛੱਡਣਾ ਸਿੱਖੋ, ਜਿਹੜੀ ਸੋਚਣੀ ਤੁਹਾਨੂੰ ਅਸ਼ਾਂਤ ਕਰਦੀ ਹੈ ਉਸ ਨੂੰ ਸੋਚਣਾ ਸਿੱਖੋ। ਇਸ ਤਰ੍ਹਾਂ ਕਰਨ ਵਿਚ ਔਖ ਜ਼ਰੂਰ ਹੁੰਦੀ ਹੈ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਤੁਹਾਡੇ ਲਈ ਕੀ ਠੀਕ ਹੈ ਕੀ ਗਲਤ ਹੈ। ਏਨਾ ਤਾਂ ਪਸ਼ੂ ਵੀ ਜਾਣਦੇ ਹਨ ਉਨ੍ਹਾਂ ਲਈ ਕੀ ਠੀਕ ਹੈ ਕੀ ਗਲਤ ਹੈ, ਫੇਰ ਤੁਸੀਂ ਉਹ ਕਿਉਂ ਕਰਦੇ ਹੋ ਜੋ ਤੁਹਾਡੇ ਲਈ ਠੀਕ ਨਹੀਂ, ਕੀ ਕਾਰਣ ਕਿਸ ਪ੍ਰੇਰਨਾ ਦੀ ਕਮੀ ਹੈ ਕਿ ਤੁਸੀਂ ਚੰਗੀਆਂ ਚੀਜ਼ਾਂ ਚੰਗੇ ਕਰਮ ਨਹੀਂ ਕਰਦੇ ਜਿਹੜੇ ਤੁਹਾਨੂੰ ਕਰਨੇ ਚਾਹੀਦੇ ਹਨ। ਇਸ ਗੱਲ ਦਾ ਇਕੋ ਇਕ ਸਾਧਾਰਣ ਜਵਾਬ ਇਹ ਹੀ ਹੈ ਕਿ ਤੁਹਾਡੀ ਆਦਤ ਬਣ ਚੁੱਕੀ ਹੈ। ਆਦਤਾਂ ਬਹੁਤ ਹੀ ਸ਼ਕਤੀਸ਼ਾਲ ਹੁੰਦੀਆਂ ਹਨ। ਮਨੁੱਖ ਦੀ ਸਖਸ਼ੀਅਤ ਬਣਾਉਣ ਜਾਂ ਨਿਖੇਦਣ ਵਿਚ ਆਦਤਾਂ ਦਾ ਬੜਾ ਹੱਥ ਹੁੰਦਾ ਹੈ ਪਰ ਤੁਸੀਂ ਏਸ ਗੱਲ ਨੂੰ ਸਮਝਦੇ ਨਹੀਂ ਹੋ ਤੇ ਆਦਤਾਂ ਦੀ ਤਾਕਤ ਤੋਂ ਤੁਸੀਂ ਜਾਣੂ ਨਹੀਂ ਹੋ। ਇਕ ਬਹੁਤ ਹੀ ਮਹੱਤਵਪੂਰਨ ਗੱਲ ਤੁਹਾਨੂੰ ਜਾਨਣ ਦੀ ਲੋੜ ਹੈ, ਸਮਝਣ ਦੀ ਲੋੜ ਹੈ ਉਹ ਇਹ ਕਿ ਨਕਾਰਾਤਮਕ ਆਦਤਾਂ ਕਿਵੇਂ ਬਣਦੀਆਂ ਹਨ।

ਸੋਚੋ ਤੁਸੀਂ ਕੌਣ ਹੋ, ਤੁਹਾਡੀ ਸਖਸ਼ੀਅਤ ਹੈ ਤੁਹਾਡੀ ਸਖਸ਼ੀਅਤ ਨੂੰ ਕਾਬੂ ਰੱਖਣ ਵਾਲਾ ਤੁਹਾਡਾ ਕਿਰਦਾਰ ਹੈ। ਸਮੇਂ ਨਾਲ ਤੁਹਾਡਾ ਕਿਰਦਾਰ ਤੁਹਾਡਾ ਆਚਰਣ, ਤੁਹਾਡਾ ਜੀਵਨ ਤੁਹਾਡਾ ਵਿਸ਼ਵਾਸ਼ ਸਭ ਕੁਝ ਆਦਤਾਂ ਦੇ ਦੁਆਲੇ ਹੀ ਬਣਿਆ ਹੋਇਆ ਹੈ। ਤੁਹਾਡੀ ਇਕ ਆਦਤ ਹੈ ਤੁਹਾਡੇ ਪਤੀ ਦੀ ਪਤਨੀ ਦੀ ਵਖਰੀ ਆਦਤ ਹੈ ਇਸ ਤੋਂ ਤੁਸੀਂ ਇਹ ਨਤੀਜਾ ਕੱਢ ਲੈਂਦੇ ਹੋ ਕਿ ਤੁਸੀਂ ਇਕ ਦੂਸਰੇ ਦੇ ਵਿਪਰੀਤ ਹੋ ਤੇ ਤੁਸੀਂ ਇਕ ਦੂਸਰੇ ਨਾਲ ਨਹੀਂ ਨਿਭ ਸਕਦੇ ਪਰ ਆਪਣੇ ਆਪ ਵਿਚ ਦੋਨੋਂ ਹੀ ਨੇਕ ਤੇ ਚੰਗੇ ਇਨਸਾਨ ਹੋ, ਤੁਹਾਡੀਆਂ ਆਦਤਾਂ ਤੁਹਾਡੀ ego ਨੂੰ ਪੱਠੇ ਪਾਉਂਦੀਆਂ ਰਹਿੰਦੀਆਂ ਹਨ ਤੇ ਤੁਸੀਂ ਆਪਣੇ ਤੇ ਦੂਸਰਿਆਂ ਵਿਚਕਾਰ ਇਕ ਦੀਵਾਰ ਬਣਾ ਲੈਂਦੇ ਹੋ ਤੇ ਆਪ ਤੁਸੀਂ ਉਸ ਦੀਵਾਰ ਦੇ ਅੰਦਰ ਹੀ ਰਹਿੰਦੇ ਹੋ ਇਹੋ ਹੀ ਤੁਹਾਡਾ ਸਾਥੀ ਕਰਦਾ ਹੈ, ਤੁਸੀਂ ਦੋਨੋਂ ਹੀ ਬਹੁਤ ਅੱਛੇ ਇਨਸਾਨ ਹੋ ਪਰ ਤੁਸੀਂ ਇਕ ਦੂਸਰੇ ਲਈ ਅਨੁਚਿਤ ਨਹੀਂ ਹੋ, ਅਨੁਕੂਲ ਨਹੀਂ ਹੋ ਤੁਹਾਡੀਆਂ ਆਦਤਾਂ ਵੱਖ ਵੱਖ ਹਨ, ਇਕ ਦੂਸਰੇ ਦੀਆਂ ਆਦਤਾਂ ਵਿਪਰੀਤ ਹਨ।

ਤੁਹਾਡੀਆਂ ਆਦਤਾਂ ਤੁਹਾਡੇ ਲਈ ਇਕ ਮਖੌਟਾ (mask) ਬਣਾ ਦਿੰਦੀਆਂ ਹਨ ਉਹ ਹੀ ਤੁਹਾਡੀ ਹੋਂਦ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਉਹ ਹੀ ਤੁਹਾਡੀ ਵਿਅਕਤੀਤ੍ਵ ਬਣ ਜਾਂਦਾ ਹੈ ਪਰ ਤੁਸੀਂ ਹੋ, ਕੌਣ ਵਾਸਤਵ ਵਿਚ ਤੁਸੀਂ ਕੌਣ ਹੋ, ਤੁਸੀਂ ਜੋ ਹੋ ਉਹ ਤੁਸੀਂ ਆਪਣੇ ਆਪ ਨੂੰ ਬਣਾ ਲਿਆ ਹੈ, ਉਹ ਹੀ ਤੁਸੀਂ ਹੋ, ਤੁਸੀਂ ਆਪਣੇ ਲਈ ਜੋ ਬਣਾਇਆ ਹੈ ਉਹ ਹੀ ਤੁਸੀਂ ਪਾਇਆ ਹੈ, ਉਹ ਹੀ ਮਖੌਟਾ ਤੁਸੀਂ ਪਾਇਆ ਹੈ। ਕਈ ਵਾਰੀ ਮਖੌਟਾ ਤੁਸੀਂ ਆਪਣੇ ਬਚਾਅ ਲਈ ਪਾਉਂਦੇ ਹੋ। ਕਈ ਵਾਰੀ ਮਖੌਟਾ ਰਚਨਾਤਮਕ ਹੋਣ ਲਈ ਪਾਇਆ ਜਾਂਦਾ ਹੈ। ਇਹ ਮਖੌਟਾ ਤੁਸੀਂ ਬੜੇ ਕੰਮਾਂ ਲਈ ਵਰਤਦੇ ਹੋ।

ਵਾਸਤਵ ਵਿਚ ਤੁਸੀਂ ਇਹ ਗੱਲ ਨੂੰ ਨਖੇੜਦੇ ਹੋ ਕਿ ਤੁਹਾਡਾ ਵਿਅਕਤੀਤ੍ਵ ਉਹ ਹੈ ਜੋ ਤੁਸੀਂ ਬਣਾਇਆ ਹੈ ਫੇਰ ਤੁਸੀਂ ਇਹ ਕਹਿੰਦੇ ਹੋ, ਮੈਂ ਤਾਂ ਇਸ ਤਰ੍ਹਾਂ ਹੀ ਹਾਂ ਜਾਂ ਫੇਰ ਕਹਿੰਦੇ ਹੋ, ਮੈਨੂੰ ਤਾਂ ਪ੍ਰਮਾਤਮਾ ਨੇ ਇਸ ਤਰ੍ਹਾਂ ਹੀ

ਬਣਾਇਆ ਹੈ। ਇਸ ਤੋਂ ਭਾਵ ਇਹ ਹੈ ਕਿ ਤੁਸੀਂ ਸਮਝਦੇ ਹੀ ਨਹੀਂ ਪ੍ਰਮਾਤਮਾ ਕੀ ਹੈ? ਪ੍ਰਮਾਤਮਾ ਤੋਂ ਭਾਵ ਹੈ ਸਮਤਾ ਪ੍ਰਮਾਤਮਾ ਤਾਂ ਇਕੋ ਹੈ ਸਭ ਲਈ ਇਕ ਹੈ, ਉਹ ਸਮਾਨ ਹੈ, ਪ੍ਰੇਮ ਹੈ ਪਿਆਰ ਹੈ ਨਿਰਸੁਆਰਥ ਹੈ, ਪਰਮ ਸ਼ੁਭ ਪ੍ਰਮਾਤਮਾ ਹੈ ਉਹ ਹੀ ਜੀਵਨ ਹੈ। ਤੁਹਾਨੂੰ ਪ੍ਰਮਾਤਮਾ ਦਾ ਨਾਮ ਇਸ ਵਿਚ ਨਹੀਂ ਲੈਣਾ ਚਾਹੀਦਾ ਕਿ ਤੁਸੀਂ ਕੀ ਹੋ। ਤੁਸੀਂ ਤਾਂ ਪ੍ਰਮਾਤਮਾ ਦੇ ਸਰੂਪ ਦੀ ਇਕ ਕਿਰਨ ਹੋ, ਤੁਹਾਡੇ ਅੰਦਰ ਪ੍ਰਮਾਤਮਾ ਦਾ ਵਾਸ ਹੈ ਸਾਰਾ ਸੰਸਾਰ ਉਸ ਦਾ ਹੀ ਪਸਾਰਾ ਹੈ। ਇਸ ਸਤਿ ਨੂੰ ਤੁਸੀਂ ਓਦੋਂ ਹੀ ਸਮਝ ਸਕਦੇ ਹ ਜਦੋਂ ਤੁਸੀਂ ਉਸ ਸਤਿ ਦੀ ਪ੍ਰਾਪਤੀ ਕਰ ਲੈਂਦੇ ਹੋ। ਪਰ ਤੁਸੀਂ ਸਵੈ ਆਪਣੇ ਆਪ ਨੂੰ ਸਰੀਰ ਹੀ ਸਮਝਦੇ ਹੋ, ਕੇਵਲ ਵਿਚਾਰ ਹੀ ਸਮਝਦੇ ਹੋ ਹੋਰ ਸੰਸਾਰਕ ਪਦਾਰਥਾਂ ਨਾਲ ਆਪਣੇ ਆਪ ਨੂੰ ਮਿਲਾਉਂਦੇ ਹੋ।

ਸਾਰੇ ਦੁਖਾਂ ਸੰਤਾਪਾਂ ਦਾ ਕਾਰਮ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਗਲਤ ਚੀਜ਼ਾਂ ਨਾਲ ਜੋੜਦੇ ਹੋ, ਸੰਸਾਰਕ ਚੀਜ਼ਾਂ ਨਾਲ ਜੋੜਦੇ ਹੋ ਆਪਣੀ ਸੋਚਣੀ ਨਾਲ ਜੋੜਦੇ ਹੋ, ਤੁਸੀਂ ਸੋਚਦੇ ਹੋ ਮੈਂ ਮਾੜਾ ਹਾਂ, ਮੈਂ ਨਿਕੰਮਾ ਹਾਂ, ਮੈਂ ਕੁਝ ਕਰ ਨਹੀਂ ਸਕਦਾ ਤੇ ਇਹ ਸਭ ਸੋਚ ਕੇ ਤੁਸੀਂ ਨਕਾਰਾਤਮਕ ਹੋ ਜਾਂਦੇ ਹੋ। ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਸਾਰੇ ਹਰ ਸਮੇਂ ਪਿਆਰ ਹੀ ਕਰਨ, ਪਿਆਰ ਹੀ ਵਾਸਤਵ ਵਿਚ ਜੀਵਨ ਦਾ ਧੇਅ ਹੈ ਜੀਵਨ ਦਾਤਾ ਹੈ। ਕਦੀ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਜਦੋਂ ਤੁਸੀਂ ਪਿਆਰ ਕਰਦੇ ਹੋ ਉਦੋਂ ਕੀ ਹੁੰਦਾ ਹੈ, ਜਦੋਂ ਤੁਸੀਂ ਕਿਸੇ ਨੂੰ ਨਫਰਤ ਕਰਦੇ ਹੋ, ਕੀ ਹੁੰਦਾ ਹੈ। ਇਸ ਸਭ ਕੁਝ ਨੂੰ ਆਪਣੇ ਅੰਦਰ ਦੇਖੋ ਜਿਸਨੂੰ ਤੁਸੀਂ ਘ੍ਰਿਣਾ ਕਰਦੇ ਹੋ ਉਹ ਬਹੁਤ ਜ਼ੋਰਦਾਰ ਹੈ ਬਹੁਤ ਹੀ ਜ਼ਿਆਦਾ ਹੈ ਤੁਹਾਡਾ ਪਿਆਰ ਉਸ ਦੇ ਮੁਕਾਬਲੇ ਵਿਚ ਬਹੁਤ ਹੀ ਹਲਕਾ ਹੈ, ਤੁਹਾਡਾ ਪਿਆਰ ਘ੍ਰਿਣਾ ਦੇ ਮੁਕਾਬਲੇ ਵਿਚ ਓਨਾਂ ਜ਼ੋਰਦਾਰ ਨਹੀਂ, ਘ੍ਰਿਣਾ ਬਹੁਤ ਹੀ ਡੂੰਘੀ ਹੈ, ਤੁਹਾਡੇ ਅੰਦਰ ਉਸ ਨੇ ਘਰ ਕੀਤਾ ਪਿਆ ਹੈ ਤੁਹਾਡਾ ਪਿਆਰ ਐਨਾ ਡੂੰਘਾ ਨਹੀਂ ਕਿਉਂਕਿ ਤੁਸੀਂ ਇਸ ਗੱਲ ਲਈ ਸਾਵਧਾਨ ਹੀ ਨਹੀਂ ਕਿ ਤੁਹਾਡੀਆਂ ਭਾਵਨਾਵਾਂ ਕਿਵੇਂ ਡੂੰਘੀਆਂ ਉਤਰਦੀਆਂ ਹਨ ਤੇ ਕਿਵੇਂ ਜ਼ੋਰ ਪਕੜਦੀਆਂ ਹਨ। ਤੁਸੀਂ ਨਕਾਰਤਮਕ ਭਾਵਨਾਵਾਂ ਨੂੰ ਬਾਰ ਬਾਰ ਦਹੁਰਾਉਂਦੇ ਰਹਿੰਦੇ ਹੋ ਉਨ੍ਹਾਂ ਨੂੰ ਪੱਕਾ ਕਰਦੇ ਰਹਿੰਦੇ ਹੋ ਇਸੇ ਤਰ੍ਹਾਂ ਉਹ ਪੱਕ ਜਾਂਦੀਆਂ ਹਨ।

ਜੇ ਤੁਸੀਂ ਆਪਣੀਆਂ ਭਾਵਨਾਵਾਂ ਪ੍ਰਤੀ ਸਤਰਕ ਰਹੋ ਜੀਵਨ ਦੇ ਉਤਾਰ ਚੜ੍ਹਾਅ ਬਾਰੇ ਵੀ ਸਤਰਕ ਰਹੋ, ਉਨ੍ਹਾਂ ਨੂੰ ਦੇਖੋ ਪਰ ਸਮਾਨ ਰਹੋ, ਸਮਾਚਿਤ ਰਹੋ ਫੇਰ ਤੁਸੀਂ ਬਹੁਤ ਸਾਰੇ ਦੁਖ ਸੰਤਾਪ ਤੋਂ ਬਚ ਜਾਓਗੇ। ਬਹੁਤ ਸਾਰੇ ਤੁਹਾਡੇ ਦੁਖ ਸੰਤਾਪ ਜਿਹੜੇ ਤੁਸੀਂ ਅਨੁਭਵ ਕਰਦੇ ਹੋ, ਉਹ ਤੁਹਾਡੀਆਂ ਨਕਾਰਤਮਕ ਸੰਵੇਗਾਂ ਕਰਕੇ ਹੀ ਹਨ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੀ ਨਹੀਂ ਨਾ ਹੀ ਉਨ੍ਹਾਂ ਦੇ ਕਾਰਣ ਕੋਈ ਵਿਗਿਆਨਕ ਅੱਜ ਤਕ ਜਾਣ ਸਕਿਆ ਹੈ ਨਾ ਹੀ ਕੋਈ ਡਾਕਟਰ ਜਾਣ ਸਕੇ ਹਨ।

ਤੁਹਾਡੇ ਕੋਲ ਉਹ ਸਭ ਕੁਝ ਹੈ ਜੋ ਤੁਹਾਨੂੰ ਚਾਹੀਦਾ ਹੈ, ਤੁਹਾਨੂੰ ਕੋਈ ਇਹ ਵੀ ਕਹਿਣ ਵਾਲਾ ਹੈ, ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਤੁਹਾਡੇ ਬੱਚੇ ਆ ਕੇ ਤੁਹਾਨੂੰ ਕਹਿੰਦੇ ਹਨ, ਮਾਮਾ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ, ਤੁਹਾਡਾ ਸੋਹਣਾ ਘਰ ਹੈ ਫੇਰ ਵੀ ਤੁਸੀਂ ਸ਼ਾਂਤ ਨਹੀਂ, ਖੁਸ਼ ਨਹੀਂ ਇਹ ਸਭ ਕੁਝ ਤੁਹਾਡੀ ਸੋਚ ਕਰਕੇ ਨਹੀਂ ਹੈ, ਵਾਸਤਵ ਵਿਚ ਤੁਹਾਡੀ ਸੋਚ ਨਾਲੋਂ ਵੀ ਡੂੰਘੀ ਕੋਈ ਚੀਜ਼ ਹੈ, ਤੁਹਾਡੀ ਸੋਚ ਦੇ ਥੱਲੇ ਦੱਬੀ ਪਈ ਹੈ, ਤੁਹਾਡੇ ਸੰਵੇਗ ਤੁਹਾਡੀਆਂ ਭਾਵਨਾਵਾਂ, ਤੁਹਾਡੇ ਰੋਜ਼ ਦੇ ਜੀਵਨ ਵਿਚ, ਤੁਹਾਡੇ ਦੋਸਤ ਮਿਤਰ, ਘਰ ਦੇ ਲੋਕ ਤੁਹਾਨੂੰ ਕਹਿੰਦੇ ਹਨ ਕਿ ਤੁਸੀਂ ਭਾਵਨਾਤਮਕ ਪੱਖੋਂ ਟੁੱਟੇ ਪਏ ਹੋ, ਤੁਹਾਡਾ ਅੰਦਰ ਤੜਫਿਆ ਪਿਆ ਹੈ। ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਬਹੁਤ ਭਾਵਕ ਹੋ ਗਏ ਹੋ ਪਰ ਤੁਹਾਡੇ ਅੰਦਰ ਸੰਵੇਗਾਤਮਕ ਸਮਾਨਤਾ ਨਹੀਂ ਆਈ ਇਹ ਹਾਲਤ ਉਸ ਸਮੇਂ ਹੀ ਹੁੰਦੀ ਹੈ ਜਦੋਂ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਮਝਿਆ ਨਾ ਹੋਵੇ ਜਾਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਤਰਤੀਬ ਨਹੀਂ ਕਰ ਸਕੇ ਹੋ, ਉਨ੍ਹਾਂ ਨੂੰ ਚੰਗੀ ਤਰ੍ਹਾਂ ਸੰਭਾਲ ਨਹੀਂ ਸਕੇ ਹੋ ਤੁਹਾਡਾ ਭਾਵਨਾਤਮਕ ਜੀਵਨ ਪੂਰੀ ਤਰ੍ਹਾਂ ਨਾਲ ਸੰਗਠਿਤ ਨਹੀਂ ਹੈ।

ਦ੍ਵੰਦ ਨੂੰ ਸੁਲਝਾਉਣ ਲਈ ਭਾਵਨਾਵਾਂ ਨੂੰ ਅੰਦਰ ਠੀਕ ਕਰਨ ਲਈ ਸਭ ਤੋਂ ਪਹਿਲਾਂ ਲੋੜ ਹੈ ਉਨ੍ਹਾਂ ਦੇ ਸੁਭਾਅ ਨੂੰ ਜਾਣ ਲੈਣਾ ਹੈ। ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਸੰਵੇਗ ਤੁਹਾਡੇ ਅੰਦਰ ਬਹੁਤ ਵੱਡੀ ਤਾਕਤ ਹਨ, ਪਰ ਉਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਜੀਵਨ ਵਿਚ ਕਰਦੇ ਹੋ, ਇਸ ਤੇ ਸਭ ਕੁਝ ਨਿਰਭਰ ਹੈ ਕਿਉਂਕਿ ਸੰਵੇਗਕ ਸ਼ਕਤੀ ਜਾਂ ਤਾਂ ਬਹੁਤ ਹੀ ਸਿਰਜਨਾਤਮਕ ਹੋ ਸਕਦੀ ਹੈ ਜਾਂ ਫੇਰ ਬਹੁਤ ਹੀ ਵਿਨਾਸ਼ਕਾਰਕ।

ਜਿਨ੍ਹਾਂ ਸਾਧੂਆਂ ਨੇ ਇਸ ਤਾਕਤ ਨੂੰ ਸਿਰਜਨਾਤਮਕ ਬਣਾ ਲਿਆ ਜਿਵੇਂ ਚੇਤੰਨ ਮਹਾਂਪ੍ਰਭੂ, ਉਨ੍ਹਾਂ ਇਸ ਸੰਵੇਗਕ ਸ਼ਕਤੀ ਨੂੰ ਉਚਾਰਨ ਭਜਨ ਉਚਾਰਨ ਪ੍ਰਭੂ ਗਾਉਣ ਵਿਚ ਲਗਾ ਲਿਆ, ਉਨ੍ਹਾਂ ਨੇ ਪੂਰੀ ਸੰਵੇਗਕ ਸ਼ਕਤੀ ਉਚਾਰਨ ਰਾਹੀਂ ਪ੍ਰਗਟ ਕੀਤੀ, ਗਾ ਕੇ ਪ੍ਰਗਟ ਕੀਤੇ। ਰੋਣਾ ਤੇ ਗਾਇਨ ਕਰਨ ਵਿਚ ਅੰਤਰ ਹੈ, ਰੋ ਕੇ ਵਿਰਲਾਪ ਨਹੀਂ ਕੀਤਾ ਚੇਤੰਨ ਮਹਾਂਪ੍ਰਭੂ ਨੇ ਗਾਇਨ ਕੀਤਾ। ਜਦੋਂ ਤੁਸੀਂ ਗਾਇਨ ਕਰਦੇ ਹੋ ਤੁਸੀਂ ਅਨੰਦ ਵਿਚ ਹੁੰਦੇ ਹੋ। ਨਕਾਰਤਮਕ ਸੰਵੇਗਾਂ ਨੂੰ ਤੁਸੀਂ ਰੋਣ ਵਿਚ ਵਿਰਲਾਪ ਕਰਨ ਵਿਚ ਲਗਾਉਂਦੇ ਹੋ, ਜਦੋਂ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਿਰਜਨਾਤਮਕ ਪਾਸੇ ਲਗਾਉਂਦੇ ਹੋ, ਤੁਸੀਂ ਗਾਂਦੇ ਹੋ, ਕਵਿਤਾ ਦਾ ਉਚਾਰਨ ਕਰਦੇ ਹੋ, ਪੂਰਨ ਅਨੰਦ ਵਿਚ ਆਉਂਦੇ ਹੋ।

(ਬਾਕੀ ਪੰਨਾ 62 ਤੇ)

# ਗੁਰਹਿ ਦਿਖਾਇਓ ਲੋਇਨਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਮਿਤੀ 30-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)*

ਸੋ ਸਤਿਗੁਰੂ ਦਸਮੇਸ਼ ਪਿਤਾ ਜੀ ਜਦੋਂ ਯੁੱਧ ਜੰਗ ਬਹੁਤ ਹੋ ਚੁਕੇ, ਉਸ ਵੇਲੇ ਗੁਰਸਿਖਾਂ ਦਾ ਪਿਆਰ ਨਾਪ ਰਹੇ ਨੇ ਕਿ ਬਹੁਤ ਪਿਆਰ ਕਰ ਰਹੇ ਨੇ ਗੁਰਸਿਖ, ਆਪਾ ਵਾਰ ਰਹੇ ਨੇ। ਪਰ ਦੂਸਰਾ ਪਾਸਾ ਵੀ ਦੇਖਿਆ ਕਿ ਜਿਹੜਾ ਗੁਰੂ ਅਵਤਾਰ ਹੈ ਉਹ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟ ਹੋਣਾ ਹੈ ਤੇ ਜਿਹੜੀ ਖਾਲਸੇ ਦੀ, ਗੁਰੂ ਦੀ ਕਿਰਿਆ ਹੈ, ਜੁਗਤ ਹੈ ਉਹ ਮੈਂ ਸੌਂਪਣੀ ਹੈ, ਪਰ ਪਰਖ ਕੇ ਸੌਂਪਣੀ ਹੈ। ਉਸਨੇ ਸੀਨਾ-ਬ-ਸੀਨਾ ਚਲਣਾ ਹੈ ਪਰਖੇ ਹੋਏ ਬੰਦਿਆਂ ਨੇ, ਉਹ ਨਾਲ ਪਰਖੇ ਹੋਏ ਅਗੇ ਰਲਾਉਂਦੇ ਜਾਣਗੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਬੜਾ ਭਾਰਾ ਇਕੱਠ ਕੀਤਾ ਤੇ ਬਹੁਤ ਦੂਰ ਦਰਾਜ ਤੋਂ ਸੰਗਤਾਂ ਆਈਆਂ। ਇਤਿਹਾਸ ਤਾਂ ਲਿਖਦਾ ਹੈ ਕਿ 80,000 ਬੰਦੇ ਦਾ ਇਕੱਠ ਹੋ ਗਿਆ। ਇਸ ਦਾ ਮਤਲਬ ਇਹ ਹੈ ਕਿ 50,000,00 ਬੰਦਾ ਇਕੱਠਾ ਹੋ ਗਿਆ ਅੱਜ ਦਾ ਕਿਉਂਕਿ ਜਦੋਂ ਮੈਂ ਇਥੇ ਪੜ੍ਹਦਾ ਹੁੰਦਾ ਸੀ 1923 ਵਿਚ, ਉਸ ਸਮੇਂ 1921 ਦੀ ਜਿਹੜੀ ਮਰਦਸ਼ਮਾਰੀ ਸੀ ਉਸ ਵੇਲੇ 23,00,00000 (23 ਕਰੋੜ) ਹੁੰਦੀ ਹਿੰਦੋਸਤਾਨ ਦੀ ਆਬਾਦੀ, ਵਿਚੇ ਪਾਕਿਸਤਾਨ, ਵਿਚੇ ਬੰਗਲਾ ਦੇਸ਼, ਵਿਚੇ ਬਰ੍ਹਮਾ ਵੀ ਨਾਲ ਹੀ ਰਲਿਆ ਹੁੰਦਾ, ਲੰਕਾ ਦੀ ਆਬਾਦੀ ਵੀ ਵਿਚ ਗਿਣਦੇ ਸੀ। ਗੁਰੂ ਸਾਹਿਬ ਤਾਂ 300 ਸਾਲ ਪਹਿਲਾ ਹੋਏ ਹਨ। ਇਸ ਦਾ ਮਤਲਬ ਹੈ ਕਿ ਉਦੋਂ ਥੋੜ੍ਹੀ ਜਿਹੀ ਅਬਾਦੀ ਹੋਵੇਗੀ, ਜਿੰਨੀ ਕੁ ਇਨ੍ਹਾਂ ਦੇਸ਼ਾਂ ਦੀ ਹੈ ਕੈਨੇਡਾ ਵਗੈਰਾ ਦੀ। ਉਸ ਦੇ ਵਿਚੋਂ 80,000 ਬੰਦਾ ਇਕੱਠਾ ਹੋ ਜਾਣਾ ਕੋਈ ਮੈਅਨਾ ਰੱਖਦਾ ਸੀ। ਉਸ ਵੇਲੇ ਜਿਹੜਾ ਸਿਖੀ ਦਾ ਪ੍ਰਚਾਰ ਸੀ ਉਹ ਸਾਰੇ ਭਾਰਤਵਰਸ਼ ਵਿਚ ਸੀ। ਦ੍ਵੈਤ ਨਹੀਂ ਸੀ ਕਿਸੇ ਥਾਂ ਵੀ ਤੇ ਉਸ ਵੇਲੇ ਐਸਾ ਇੰਤਜਾਮ ਕੀਤਾ ਹੋਇਆ ਸੀ ਕਿ ਥਾਂ-ਥਾਂ ਤੇ ਗੁਰੂ ਮਹਾਰਾਜ ਜੀ ਨੇ ਕਰਨੀ-ਕਮਾਈ ਵਾਲਿਆਂ ਬੰਦਿਆਂ ਦੀਆਂ ਡਿਊਟੀਆਂ ਲਗਾਈਆਂ ਹੋਈਆਂ ਸੀ। ਉਹ ਪ੍ਰਚਾਰ ਸਾਰੇ ਕਰਦੇ ਸੀ, ਨਾਲ ਸ਼ਕਤੀਆਂ ਸੀ ਉਨ੍ਹਾਂ ਵਿਚ, ਕਲਾਵਾਨ ਪੁਰਸ਼ ਸੀ, ਪੂਰੇ ਸੀ ਗੁਰਮਤਿ ਦੇ ਹਿਸਾਬ ਨਾਲ। ਗੁਰੂ ਗ੍ਰੰਥ ਸਾਹਿਬ ਦਾ ਪ੍ਰਚਾਰ, ਗੁਰੂਆਂ ਦਾ ਇਤਿਹਾਸ ਸਾਰੇ ਭਾਰਤਵਰਸ਼ ਵਿਚ ਹੋ ਰਿਹਾ ਸੀ ਤੇ ਉਸ ਤੋਂ ਵੀ ਅੱਗੇ ਜਿਥੋਂ ਤੱਕ ਗੁਰੂ ਨਾਨਕ ਪਾਤਸ਼ਾਹ ਗਏ, ਚੀਨ ਦੇ ਲਾਮੇ ਵੀ ਤੁਰੇ ਆਉਂਦੇ ਸੀ, ਇਧਰੋਂ ਬਰ੍ਹਮਾ ਵਲੋਂ ਵੀ ਤੇ ਅੱਜ ਇਸ ਇਕੱਠ ਵਿਚ ਭਾਰਤਵਰਸ਼ ਦੇ ਨੁਮਾਇੰਦੇ ਇਕਠੇ ਹੋਏ ਸਾਰੇ। ਉਸ ਵੇਲੇ ਜ਼ਿਕਰ ਪਿਆਰ ਦਾ ਚੱਲ ਰਿਹਾ ਸੀ।

ਮਹਾਰਾਜ ਕਹਿੰਦੇ, "ਪਿਆਰਿਓ! ਪਿਆਰ ਦੀ ਕੀਮਤ ਦੇਣੀ ਪੈਂਦੀ ਹੈ, ਪਿਆਰ ਗੱਲਾਂ ਨਾਲ ਨਹੀਂ ਹੁੰਦਾ ਤੇ ਜਿਸ ਦੇ ਅੰਦਰ ਪਿਆਰ ਨਹੀਂ ਹੈ ਉਹ ਬੰਦਾ ਜਿਹੜਾ ਹੈ ਉਹ ਜੀਉਂਦਾ ਨਹੀਂ ਹੋਇਆ ਕਰਦਾ, ਉਹ ਮਰਿਆ ਹੋਇਆ ਹੋਇਆ ਕਰਦਾ ਹੈ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਪੰਨਾ - 253***

ਪੰਜ ਸਿਫਤਾਂ ਨੇ ਅਤਿ ਦੀਆਂ, ਅਤੀ ਕਹਿੰਦੇ ਨੇ ਬਹੁਤ ਜ਼ਿਆਦਾ (ਆਖਿਰੀ) ਜਿਸ ਤੋਂ ਅੱਗੇ ਗੱਲ ਹੀ ਕੋਈ ਨਾ ਹੋਵੇ ਤੇ ਸਾਰੀ ਦੁਨੀਆਂ ਨਾਲੋਂ ਸੋਹਣਾ ਹੋਵੇ, ਸਭ ਦੀ ਕੁਲਾਂ ਵਿਚੋਂ ਉਚੀ ਕੁਲ ਹੋਵੇ, ਚਤੁਰ ਹੋਵੇ ਤੇ ਉਸ ਦੇ ਮੁਕਾਬਲੇ ਦਾ ਕੋਈ ਚਤੁਰ ਨਾ ਹੋਵੇ ਤੇ ਗੱਲਾਂ ਬਾਤਾਂ ਦਾ ਧਨੀ ਹੋਵੇ, ਗਿਆਨੀ ਹੋਵੇ ਬ੍ਰਹਮ ਗਿਆਨ ਦੀਆਂ ਵੀ ਗੱਲਾਂ ਕਰੇ, ਦੂਸਰੀਆਂ ਵੀ ਕਰੇ ਪਰ ਹੋਵੇ ਮੂੰਹ ਦਾ ਗਿਆਨੀ, ਅਨੁਭਵ ਦਾ ਗਿਆਨੀ ਨਹੀਂ ਤੇ ਧਨ ਉਸ ਦੇ ਕੋਲ ਸਾਰੀ ਦੁਨੀਆਂ ਤੋਂ ਜਿਆਦਾ ਹੋਵੇ। ਦੁਨੀਆਂ ਦੇ ਗਜਾਂ (ਪੈਮਾਨਿਆਂ) ਦੇ ਨਾਲ ਉਹ ਬਹੁਤ ਵੱਡਾ ਬੰਦਾ ਹੈ। ਉਹ ਨਾਪਿਆ ਨਹੀਂ ਜਾ ਸਕਦਾ ਪਰ ਜਦੋਂ ਅਸੀਂ ਰੂਹਾਨੀ ਗਜ ਪਾਉਂਦੇ ਹਾਂ ਤਾਂ ਮਹਾਰਾਜ ਕਹਿੰਦੇ -

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਉਹ ਮਿਰਤਕ ਹੈ ਮਰਿਆ ਹੋਇਆ। ਹੋਰ ਥਾਂ ਮਹਾਰਾਜ ਜੀ ਦਸਦੇ ਨੇ ਕਿ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਪੰਨਾ - 142***

ਜੀਉਂਦਾ ਉਹੀ ਹੈ ਜਿਸ ਦੇ ਮਨ ਵਿਚ ਵਸ ਗਿਆ, ਬਾਕੀ ਸਭ ਮੁਰਦਾ ਸਰੀਰ ਨੇ। ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ। ਇਕ ਮੁਰਦੇ ਤਾਂ ਉਹ ਨੇ ਜਿਨ੍ਹਾਂ ਵਿਚੋਂ ਚੇਤਨ ਕਲਾ ਨਿਕਲ ਗਈ, ਸਰੀਰ ਗਿਰ ਗਿਆ ਤੇ ਉਸ ਦਾ ਸਾਨੂੰ ਸਸਕਾਰ ਕਰਨਾ ਪੈਂਦਾ ਹੈ, ਦੱਬਣਾ ਪੈਂਦਾ ਹੈ, ਪਾਣੀ ਵਿਚ ਰੋੜ੍ਹਨਾ ਪੈਂਦਾ ਹੈ, ਬੇਅੰਤ ਤਰੀਕੇ ਨੇ ਲੋਕਾਂ ਦੇ ਆਪਣੀ ਮਰਜ਼ੀ ਦੇ ਹਿਸਾਬ ਨਾਲ। ਉਹ ਚੇਤਨ ਤੋਂ ਬਿਨਾ ਮੁਰਦਾ ਹੋ ਜਾਂਦਾ ਹੈ।

ਦੂਸਰਾ ਮੁਰਦਾ ਉਹ ਹੈ ਜਿਸ ਦੇ ਵਿਚ ਪ੍ਰਾਣ ਤਾਂ ਚਲਦੇ ਨੇ, ਰੋਟੀ ਵੀ ਖਾਂਦਾ ਹੈ, ਗੱਲਾਂ ਵੀ ਕਰਦਾ ਹੈ, ਪੜ੍ਹਦਾ-ਲਿਖਦਾ ਵੀ ਹੈ, ਨੌਕਰੀ ਵੀ ਕਰਦਾ ਹੈ, ਪੈਸੇ ਵੀ ਜੋੜਦਾ ਹੈ ਪਰ ਉਸ ਦੇ ਵਿਚ ਨਾਮ ਦੀ ਧਾਰਾ ਨਹੀਂ ਹੈ। ਨਾਮ ਦੀ ਰੌਂ ਨਾ ਹੋਣ ਕਰਕੇ ਉਹ ਮੁਰਦਿਆਂ ਵਿਚ

ਗਿਣਿਆ ਜਾਂਦਾ ਹੈ। ਇਹ ਦੂਸਰੀ ਕਿਸਮ ਦੇ ਮੁਰਦੇ ਨੇ ਜਿਨ੍ਹਾਂ ਦੇ ਅੰਦਰ ਹਰਕਤ ਤਾਂ ਹੈ ਲੇਕਿਨ ਜੀਉਂਦੇ ਨਹੀਂ ਹਨ ਕਿਉਂਕਿ ਨਾਮ ਦੀ ਰੌ ਨਹੀਂ, ਨਾਮ ਦੀ ਸ਼ਕਤੀ ਉਸ ਦੇ ਵਿਚ ਨਹੀਂ ਚੱਲ ਰਹੀ। ਕਹਿੰਦੇ–

***ਜੇ ਜੀਵੈ ਪਤਿ ਲਥੀ ਜਾਇ॥*** ***ਪੰਨਾ – 142***

ਜੇ ਉਹ ਕਹਿੰਦਾ ਹੈ ਕਿ ਮੈਂ ਜੀਉਂਦਾ ਹਾਂ ਤਾਂ ਉਸਦੀ ਪੱਤ ਲਹਿ ਰਹੀ ਹੈ।

***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਪੰਨਾ – 142***

ਇਥੇ ਧਿਆਨ ਦੇਵੋ ਸਾਧ ਸੰਗਤ ਜੀ! ਇਸ ਦੇ ਅਰਥ ਬੜੇ ਗਲਤ ਕਰੇ ਹੋਏ ਨੇ ਕਿਤਾਬਾਂ ਵਾਲਿਆਂ ਨੇ। ਇਕ ਵਿਦਵਾਨ ਜਿਨ੍ਹਾਂ ਜ਼ਿਆਦਾ ਅਰਥ ਕੀਤੇ ਸੀ ਪ੍ਰਿੰਸੀਪਲ ਸੀ ਬੜੇ ਮੰਨੇ ਹੋਏ, ਸ਼੍ਰੋਮਣੀ ਕਮੇਟੀ ਨੇ ਵੀ ਬੜੇ ਇਨਾਮ ਦਿੱਤੇ ਉਸ ਨੂੰ। ਉਹ ਲੁਧਿਆਣੇ ਮਿਲ ਗਿਆ ਇਕ ਦਿਨ ਮੈਨੂੰ, ਸੰਤ ਸੁਚਾ ਸਿੰਘ ਦੇ ਪ੍ਰੋਗਰਾਮ ਤੇ।

ਮੈਂ ਕਿਹਾ, "ਪ੍ਰਿੰਸੀਪਲ ਸਾਹਿਬ! ਠਹਿਰ ਜਾਓ! ਗੱਲ ਕਰਨੀ ਹੈ ਤੁਹਾਡੇ ਨਾਲ। ਤੁਹਾਡੇ ਅਰਥ ਦੇ ਜਿਹੜੇ ਅਨਰਥ ਕਰੇ ਹੋਏ ਨੇ, ਆਹ ਰੌਲਾ ਜਿਹੜਾ ਪਿਆ ਹੋਇਆ ਹੈ ਆਹ ਸੰਤਾਪ, ਆਹ ਤੁਸੀਂ ਪੁਆਇਆ ਹੈ। ਤੁਸੀਂ ਜ਼ੁੰਮੇਵਾਰ ਹੋ, ਤੁਹਾਨੂੰ ਦਰਗਾਹ ਵਿਚ ਲੇਖਾ ਦੇਣਾ ਪੈਣਾ ਹੈ। ਤੁਸੀਂ ਆਹ ਪੜ੍ਹਨ ਵਾਲੇ ਮੁੰਡਿਆਂ ਨੂੰ ਭੜਕਾ ਦਿੱਤਾ ਕਿ ਜਿਸ ਦੀ ਪਤ ਲਹਿੰਦੀ ਹੋਵੇ ਉਸ ਦੇ ਨਾਲੋਂ ਮਰ ਜਾਣਾ ਚੰਗਾ ਹੈ ਤੇ ਤੁਸੀਂ ਉਤੇ ਤੁਕ ਲਿਖ ਦਿੱਤੀ। ਤੁਹਾਨੂੰ ਪਤਾ ਨਹੀਂ ਹੈ ਕਿ ਪਤ ਤਾਂ ਜਿਹੜੀ ਲਹਿੰਦੀ ਹੈ –

***ਵਿਣੁ ਨਾਵੈ ਪਤਿ ਗਇਆ ਗਵਾਇ॥*** ***ਪੰਨਾ – 142***

ਇਹ ਤਾਂ ਨਾਮ ਤੋਂ ਬਿਨਾ ਪਤ ਕਹਿੰਦੇ ਨੇ ਮਹਾਰਾਜ। ਬਾਕੀ ਚਾਹੇ ਸਭ ਕੁਝ ਹੈ ਉਸ ਦੇ ਕੋਲ, ਜੇ ਨਾਮ ਨਹੀਂ ਹੈ ਤਾਂ ਉਸ ਦੀ ਪਤ ਲੱਥੀ ਹੋਈ ਹੈ, ਨਾਮ ਤੋਂ ਬਗੈਰ ਪਤ ਨਹੀਂ ਹੈ। ਤੁਸੀਂ ਪਤਾਂ ਲੁਹਾ ਦਿੱਤੀਆਂ। ਦੇਖੋ ਹੁਣ ਹਉਮੈ ਦੀਆਂ ਪਤਾਂ ਮੈਂ ਤੁਹਾਨੂੰ ਦਸਦਾ ਹਾਂ। ਬਾਪ ਕਹਿੰਦਾ ਹੈ ਮੁੰਡੇ ਨੇ ਮੇਰੀ ਪਰ੍ਹੇ ਵਿਚ ਬੇਇਜ਼ਤੀ ਕਰ ਦਿੱਤੀ, ਮੇਰੀ ਪਤ ਲਹਿ ਗਈ। ਲੜਕੀ ਮੇਰੇ ਕਹੇ ਤੇ ਵਿਆਹ ਨਹੀਂ ਕਰਾਉਂਦੀ ਮੇਰੀ ਪਤ ਲਹਿ ਗਈ। ਭਾਈਚਾਰੇ ਨੇ, ਮੇਰੇ ਭਰਾਵਾਂ ਨੇ ਬਹੁਤ ਔਖੇ ਬਚਨ ਬੋਲ ਦਿੱਤੇ ਮੇਰੀ ਪਤ ਲਹਿ ਗਈ।

ਮੈਂ ਕਿਹਾ, "ਕਿਥੇ–ਕਿਥੇ ਪਤ ਸਾਂਭੇਗਾ? ਇਹ ਤਾਂ ਫੇਰ ਮਰਨਾ ਹੀ ਪੈਣਾ ਹੈ ਹਰ ਥਾਂ ਤੇ ਜਾਂ ਆਪਣੇ ਮੁੰਡੇ ਨੂੰ ਮਾਰ ਦੇਵੇ ਜਾਂ ਆਪ ਮਰ ਜਾਵੇ ਕਿਉਂਕਿ ਪਤ ਲਾਹ ਦਿੱਤੀ ਉਸ ਨੇ। ਆਹ ਕਿੱਡਾ ਤੂੰ ਅਰਥ ਦਾ ਅਨਰਥ ਕਰਿਆ ਹੈ। ਜਿੰਨੀਆਂ ਤੇਰੀਆਂ ਕਿਤਾਬਾਂ ਲਿਖੀਆਂ ਨੇ ਉਨ੍ਹਾਂ ਸਾਰੀਆਂ ਵਿਚ ਤੁਸੀਂ ਅੰਨ੍ਹੇ ਵਾਹ ਲਿਖ ਦਿੱਤਾ।"

ਮੇਰੇ ਕੋਲ ਇਕ ਵੱਡੇ ਅਫਸਰ ਦੀ ਕਿਤਾਬ ਆਈ ਕਿ ਇਸ ਦੇ ਉਤੇ ਲਿਖ ਦਿਓ ਤੁਸੀਂ ਥੋੜ੍ਹਾ। ਜਦੋਂ ਮੈਂ ਪੜ੍ਹੀ ਤਾਂ ਮੈਂ ਉਸ ਦੇ ਉਤੇ ਲਿਖ ਦਿੱਤਾ ਕਿ ਇਹ ਪ੍ਰਸੰਗਕ ਅਰਥ ਨਹੀਂ ਕਰੇ ਹੋਏ। ਇਹ ਕਿਤਾਬ ਸੁਤੰਤਰ ਅਰਥ ਕਰਕੇ ਲਿਖੀ ਹੋਈ ਹੈ, ਇਸ ਤਰ੍ਹਾਂ ਅਰਥ ਨਹੀਂ ਹਨ। ਮੈਂ ਕਿਹਾ, "ਦੂਜੀ ਇਕ ਹੋਰ ਵੱਡੀ ਭਾਰੀ ਗਲਤੀ ਕੀਤੀ ਹੋਈ ਹੈ।"

ਕਹਿੰਦਾ, "ਉਹ ਕਿਹੜੀ?"

ਮੈਂ ਕਿਹਾ, "ਉਹ ਇਹ ਹੈ ਕਿ ਜਦੋਂ ਯੁੱਧ ਹੋਇਆ ਏਮਨਾਬਾਦ ਦਾ। ਤੁਸੀਂ ਇਹ ਲਿਖਦੇ ਹੋ ਕਿ ਗੁਰੂ ਨਾਨਕ ਪਾਤਸ਼ਾਹ ਨੇ ਰੱਬ ਨੂੰ ਵੀ ਉਲਾਂਭਾ ਦਿੱਤਾ, ਜਬਰਦਸਤ protest (ਵਿਰੋਧ) ਕੀਤਾ। ਤੁਸੀਂ protest ਕਰਵਾਉਣਾ ਹੈ ਗੁਰੂ ਤੋਂ? ਆਹੀ ਸਿਖਾਇਆ ਗਿਆ ਹੈ ਤੈਨੂੰ?"

ਕਹਿੰਦਾ, "ਕਿਹੜਾ protest?"

ਮੈਂ ਕਿਹਾ, "ਤੇਰੀ ਕਿਤਾਬ ਵਿਚ ਲਿਖਿਆ ਹੋਇਆ ਕਿ–

***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥***
***ਕਰਤਾ ਤੂੰ ਸਭਨਾ ਕਾ ਸੋਈ॥***
***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥***
***ਪੰਨਾ – 360***

ਕਹਿੰਦਾ, "ਫੇਰ ਇਸ ਦੇ ਅਰਥ ਤਾਂ ਏਹੀ ਨੇ।"

ਮੈਂ ਕਿਹਾ, "ਫੇਰ ਤੁਹਾਡਾ ਸਿਧਾਂਤ ਹੀ ਗਲਤ ਹੋ ਗਿਆ, ਬਿਲਕੁਲ ਗਲਤ ਹੋ ਗਿਆ। ਜਿਸ ਅਚਾਰੀਆ ਦਾ ਸਿਧਾਂਤ ਆਪਣੇ ਆਪ ਹੀ ਉਸ ਨੇ ਗਲਤ ਕਰ ਦਿੱਤਾ ਉਹ ਕਿਤੇ ਖੜ੍ਹਾ ਹੀ ਨਹੀਂ ਹੈ। ਮੈਂ ਇਹ ਮੰਨਦਾ ਹਾਂ ਕਿ ਉਹ ਸਿੱਖ ਹੀ ਨਹੀਂ ਹੈ। ਦੋ ਘੜੀਆਂ ਮੇਰੇ ਨਾਲ ਗੱਲ ਕਰ ਲੈ ਮੈਂ ਤੇਰੇ ਤੇ ਤਰਕ ਕਰਾਂਗਾ।"

ਮੈਂ ਕਿਹਾ, "ਗੁਰੂ ਨਾਨਕ ਦੀ ਸਿਧਾਂਤ ਹੈ ਜਿਹੜੀ ਸਭ ਤੋਂ ਪਹਿਲੀਆਂ ਲਾਈਨਾਂ ਉਨ੍ਹਾਂ ਨੇ ਦੱਸੀ ਹੈ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥***
***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥***
***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥***
***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥***
***ਪੰਨਾ – 1***

ਗੁਰੂ ਜੀ ਤੇ ਸਵਾਲ ਹੋਇਆ ਕਿ ਹੇ ਨਾਨਕ ਫੇਰ ਤੂੰ ਰਾਹ ਦਸ ਕੋਈ –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥***
***ਪੰਨਾ – 1***

ਗੁਰੂ ਨਾਨਕ ਨੇ ਰਾਹ ਦੱਸਿਆ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***
***ਪੰਨਾ – 1***

ਹੁਕਮ ਤੇ ਰਜ਼ਾ ਵਿਚ ਚੱਲ ਕੇ ਇਸ ਹਉਮੈ ਦਾ ਨਾਸ਼ ਹੋਵੇਗਾ ਤੇ ਕੂੜ ਦੀ ਪਾਲ ਟੁਟੇਗੀ। ਹੁਣ ਗੁਰੂ ਨਾਨਕ ਦੇਵ

ਨੇ ਇਸ ਥਾਂ ਦੇ ਉਤੇ ਹੁਕਮ ਦੀ ਕਰ ਦਿੱਤੀ ਵਿਰੋਧਤਾ ਤੇ ਰੱਬ ਨੂੰ ਦੇ ਦਿੱਤਾ ਉਲਾਂਭਾ ਤਾਂ ਇਸ ਦਾ ਮਤਲਬ ਸੀ ਉਨ੍ਹਾਂ ਦਾ ਸਿਧਾਂਤ ਗਲਤ ਹੈ।

ਹੁਣ ਮੈਨੂੰ ਇਸ ਦਾ ਜਵਾਬ ਦੇ ਕਿ ਤੂੰ ਇਸ ਦਾ ਅਨਰਥ ਕਰਕੇ ਦੁਨੀਆਂ ਨੂੰ ਕੁਰਾਹੇ ਪਾਇਆ।"

ਮੈਂ ਕਿਹਾ, "ਗੱਲ ਪ੍ਰਸੰਗ ਨਾਲ ਕਰੀਦੀ ਹੈ। ਬਾਬਰ ਆ ਗਿਆ ਗੁਰੂ ਨਾਨਕ ਪਾਤਸ਼ਾਹ ਕੋਲ ਖਿਮਾ ਲੈਣ ਵਾਸਤੇ। ਉਹ ਪੜ੍ਹ ਇਤਿਹਾਸ ਦੇ ਅੰਦਰ ਕੀ ਕਹਿੰਦੇ ਨੇ। ਗੁਰੂ ਨਾਨਕ ਦੇ ਸਿਰ ਤੇ ਗਠੜੀ ਬੰਨ੍ਹ ਕੇ ਰੱਖ ਦਿੱਤੀ। ਉਹ ਗਠੜੀ ਉਪਰ ਉਪਰ ਜਾ ਰਹੀ ਹੈ।"

ਬਾਬੇ ਫਰੀਦ ਜੀ ਦਾ ਵੀ ਇਸੇ ਤਰ੍ਹਾਂ ਹੋਇਆ। ਉਸ ਨੂੰ ਫੜ੍ਹ ਕੇ ਕਿਲ੍ਹਾ ਬਣਾਉਂਦੇ ਸੀ ਫਰੀਦਕੋਟ ਦਾ। ਉਹ ਜਿਹੜਾ ਤਸਲਾ ਚੁਕਦੇ ਸੀ ਜਾਂ ਇੱਟਾਂ ਚੁਕਦੇ ਸੀ ਉਹ ਉਤੇ-ਉਤੇ ਹੀ ਰਹਿੰਦੀਆਂ ਸੀ।

ਕਈ ਪ੍ਰੇਮੀ ਕਿੰਤੂ ਕਰ ਦਿੰਦੇ ਨੇ ਕਿ ਇਹ ਵੀ ਹੁੰਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ ਵਿਚ ਲਿਖਿਆ ਹੋਇਆ ਹੈ। ਆਹ ਬੀਬੀ ਜੀ ਦੇ ਬਾਪੂ ਜੀ ਦਾਊਦਪੁਰ ਵਾਲੇ। ਜਦੋਂ ਉਹ ਚੱਕ ਵਿਚ ਰਹਿੰਦੇ ਸੀ ਆਪਣੇ ਬਾਰ ਵਿਚ। ਉਦੋਂ ਅੱਧਾ ਪਿੰਡ ਇਕ ਪਾਸੇ ਖੜ੍ਹਦਾ ਸੀ। ਇਸ ਗੱਲ ਦਾ ਨਿਰਣਾ ਨਹੀਂ ਸੀ ਹੋ ਰਿਹਾ ਕਿ ਜਦੋਂ ਉਹ ਪੱਠੇ ਲੈ ਕੇ ਆਉਂਦੇ ਸੀ ਸਿਰ ਦੇ ਉਤੇ ਭਰੀ ਚੁਕ ਕੇ ਤਾਂ ਪਿੰਡ ਵਾਲੇ ਦੇਖਦੇ ਸੀ ਕਿ ਭਰੀ ਸਿਰ ਨਾਲ ਨਹੀਂ ਲੱਗ ਰਹੀ ਇਕ ਗਿੱਠ ਉਚੀ ਹੈ।

ਭਾਈ ਸਾਹਿਬ ਨੇ ਦੇਖ ਕੇ ਅੱਖਾਂ ਨਾਲ ਲਿਖਿਆ ਹੈ ਕਿ ਉਨ੍ਹਾਂ ਦੇ ਸਿਰ ਤੇ ਕੋਈ ਵੀ ਚੀਜ਼ ਨਹੀਂ ਸੀ ਲਗਦੀ। ਕਿਉ ਨਹੀਂ ਲਗਦੀ ਨਾਮ ਦੀ ਧਾਰਾ ਐਨੀ ਜਬਰਦਸਤ ਸੀ ਕਿ ਕੋਈ ਚੀਜ਼ ਛੋਹ ਨਹੀਂ ਸੀ ਸਕਦੀ।

ਭਾਈ ਸਾਹਿਬ ਆਪਣੇ ਬਾਰੇ ਲਿਖਦੇ ਨੇ ਕਿ ਜਦੋਂ ਸਾਨੂੰ ਜ਼ਹਿਰ ਦੇਣ ਲੱਗੇ ਹਜ਼ਾਰੀ ਬਾਗ ਜੇਲ੍ਹ ਵਿਚ, ਮੈਨੂੰ ਆ ਕੇ ਫੜ ਲਿਆ ਡਾਕਟਰਾਂ ਨੇ। ਸਾਰੇ ਜਾ ਕੇ ਕੰਧਾਂ ਨਾਲ ਵੱਜੇ। ਉਹ ਕਿਉਂ ਵੱਜੇ ਕਿਉਂਕਿ ਅੰਦਰ ਨਾਮ ਦੀ ਧਾਰਾ ਚੱਲ ਰਹੀ ਸੀ। ਨਾਮ ਵਿਚ ਕਿਤੇ ਥੋੜ੍ਹੀ ਸ਼ਕਤੀ ਹੈ। ਨਾਮ ਵਾਲਾ ਚਾਹੇ ਤਾਂ ਗਰਕ ਕਰ ਦਿੰਦਾ ਹੈ ਨਿਗ੍ਹਾ ਨਾਲ ਸ਼ਹਿਰ ਨੂੰ। ਤੁਸੀਂ ਇਸ ਤਰ੍ਹਾਂ ਦੀਆਂ ਕਿੰਤੂਆਂ ਕਰਦੇ ਹੋ ਮਹਾਂਪੁਰਸ਼ਾਂ ਤੇ।

ਗੁਰੂ ਨਾਨਕ ਪਾਤਸ਼ਾਹ ਦੇ ਉਤੇ ਰਹਿੰਦੀ ਹੈ ਗਠੜੀ। ਮਹਾਰਾਜ ਕਹਿੰਦੇ, "ਮਰਦਾਨਿਆ! ਰਬਾਬ ਸੁਰ ਕਰ।"

ਕਹਿੰਦਾ, "ਮਹਾਰਾਜ! ਚਾਰ ਘੋੜੇ ਫੜਾਏ ਹੋਏ ਨੇ, ਮੈਂ ਰਬਾਬ ਸੁਰ ਕਰਾਂ ਜਾਂ ਘੋੜੇ ਫੜਾਂ?

ਐਮਨਾਬਾਦ ਵਿਖੇ ਬਾਬਰ ਦੀ ਕੈਦ ਵਿਚ ਗੁਰੂ ਨਾਨਕ ਦੇਵ ਜੀ

ਮਹਾਰਾਜ ਕਹਿੰਦੇ, "ਆਪਾਂ ਘੋੜੇ ਫੜਨ ਵਾਸਤੇ ਆਏ ਹੋਏ ਹਾਂ ਇਥੇ? ਛੱਡ ਦੇ ਘੋੜੇ।"

ਘੋੜੇ ਛੱਡ ਦਿੱਤੇ। ਘੋੜੇ ਮਗਰ-ਮਗਰ ਜਿਧਰ ਨੂੰ ਮਰਦਾਨਾ ਜਾਂਦਾ ਹੈ ਪਿਛੇ-ਪਿਛੇ ਤੁਰੀਂ ਜਾਂਦੇ ਨੇ। ਅੱਗੇ ਗਏ ਤਾਂ ਚੱਕੀਆਂ ਤੇ ਬਠਾ ਲਏ ਸਾਰੇ ਕਿ ਆਟਾ ਪੀਸੋ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸ਼ਬਦ ਦੀ ਧੁਨ ਉਠਾਈ, ਜਿੰਨੀਆਂ ਚੱਕੀਆਂ ਸੀ ਸਾਰੀਆਂ ਹੀ ਘੁੰਮਣ ਲੱਗ ਪਈਆਂ।

ਮਹਾਰਾਜ ਕਹਿੰਦੇ, "ਹੱਛ ਛੱਡ ਦਿਓ, ਪ੍ਰਮੇਸ਼ਰ ਵੱਲ ਧਿਆਨ ਕਰੋ ਸਾਰੇ।"

ਬਾਬਰ ਕੋਲ ਦੌੜਿਆ ਗਿਆ ਜਿਹੜਾ ਪਹਿਰੇਦਾਰ ਸੀ ਬਾਕੀ ਪਹਿਰੇਦਾਰ ਮਸਤ ਹੋ ਗਏ ਸਾਰੇ। ਸੁਧ ਬੁਧ ਭੁੱਲ ਗਈ ਜਦੋਂ ਗੁਰੂ ਨਾਨਕ ਦਾ ਸ਼ਬਦ ਸੁਣਿਆ। ਉਸ ਵੇਲੇ ਬਾਬਰ ਕੋਲ ਗਏ। ਬਾਬਰ ਦੌੜਿਆ ਆਇਆ ਕਿ ਹੈਂ! ਇਹੋ ਜਿਹਾ ਕਾਮਲ ਫਕੀਰ ਮੈਂ ਬੰਦ ਕਰ ਦਿੱਤਾ। ਆ ਕੇ ਖਿਮਾ ਮੰਗਦਾ ਹੈ, ਖਿਮਾ ਮੰਗ ਕੇ ਨਾਲ ਲੈ ਗਿਆ। ਲਿਜਾ ਕੇ ਗੁਰੂ ਮਹਾਰਾਜ ਨੂੰ ਆਪਣੇ ਖੇਮੇ ਦੇ ਵਿਚ ਉਚੇ ਪਲੰਘ ਤੇ ਬਿਠਾਇਆ ਤੇ ਆਪ ਕੁਰਸੀ ਤੇ ਬੈਠਾ ਹੈ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ, "ਬਾਬਰ! ਤੈਨੂੰ ਦਰਗਾਹ ਵਿਚ ਜਾ ਕੇ ਲੇਖੇ ਦੇਣੇ ਪੈਣਗੇ, ਤੇਰੀ ਮਦਦ ਕਰੀ –

***ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥***
***ਪੰਨਾ – 360***

ਤੈਥੋਂ ਹਿੰਦੋਸਤਾਨ ਫਤਹਿ ਕਰਾ ਦਿੱਤਾ ਪਰ ਪਿਆਰਿਆ ਇਕ ਗੱਲ ਦਾ ਜਵਾਬ ਦੇਹ ਕਿ ਵਾਹਿਗੁਰੂ ਸਾਰਿਆਂ ਦਾ ਹੈ ਤੇਰੇ ਵੀ ਇਸਲਾਮ ਵਿਚ ਲਿਖਿਆ ਹੋਇਆ ਹੈ ਕਿ ਸਾਰੇ ਅੱਲ੍ਹਾ ਦੀ ਜੋਤ ਹੈ।"

ਜਿਵੇਂ ਕਬੀਰ ਜੀ ਨੇ ਕਿਹਾ ਹੈ –

***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਪੰਨਾ – 1350***

ਤੇ ਇਹ ਸਾਰੇ ਇਕੋ ਨੂਰ ਤੋਂ ਪੈਦਾ ਹੋਏ ਹੋਏ ਹਨ, ਤੈਨੂੰ ਤਰਸ ਨਾ ਆਇਆ ਜਦੋਂ ਤੂੰ ਮਾਰ, ਮਾਰ ਰਿਹਾ ਸੀ। ਜਦੋਂ ਤੁਹਾਡੀਆਂ ਫੌਜਾਂ ਲੜਦੀਆਂ ਸੀ ਉਦੋਂ ਸਾਨੂੰ ਕੋਈ ਰੰਜ ਨਹੀਂ ਸੀ, ਉਹ ਵੀ ਰਾਜੇ ਤੁਸੀਂ ਵੀ ਰਾਜੇ। ਜਿਹੜਾ ਤਕੜਾ ਉਹ ਜਿੱਤ ਜਾਏਗਾ, ਜਿਹੜਾ ਮਾੜਾ ਹੈ ਉਹ ਹਾਰ ਜਾਏਗਾ ਤੇ ਜਿਸ ਵਕਤ ਤੁਸੀਂ ਲੜ ਹਟੇ ਉਸ ਤੋਂ ਬਾਅਦ ਮੈਨੂੰ ਇਸ ਤਰ੍ਹਾਂ ਦੱਸ ਕਿ ਕਦੇ ਰਾਜਾਂ ਵਿਚ ਵੀ ਅੱਜ ਤੱਕ gap (ਵਿੱਥ) ਪਿਆ ਹੈ। "

ਇਕ ਰਾਜ ਖਤਮ ਹੁੰਦਾ ਹੈ ਦੂਜਾ ਸ਼ੁਰੂ ਹੋ ਜਾਂਦਾ ਹੈ। ਜਿਸ ਵਕਤ ਅੰਗਰੇਜ਼ ਗਏ ਉਦੋਂ ਜਿਹੜਾ ਅੰਗਰੇਜ਼ਾਂ ਦਾ ਝੰਡਾ ਸੀ ਉਹ ਥੱਲੇ ਨੂੰ ਉਤਰਨ ਲੱਗ ਗਿਆ ਤੇ ਭਾਰਤ ਵਰਸ਼ ਦਾ ਉਤੇ ਨੂੰ ਚੜ ਗਿਆ। ਇਕ ਸਕਿੰਟ ਦੀ ਵੀ ਵਿੱਥ ਨਹੀਂ ਪਈ। ਉਹ ਝੰਡਾ ਉਤਰ ਗਿਆ ਥੱਲ੍ਹੇ ਆ ਲੱਗਿਆ ਧਰਤੀ ਨਾਲ ਤੇ ਭਾਰਤ ਦਾ ਝੰਡਾ ਉਤੇ ਚਲਿਆ ਗਿਆ। ਇਸ ਦਾ ਮਤਲਬ ਹੈ ਕਿ power (ਸ਼ਕਤੀ) transfer (ਬਦਲੀ) ਹੋ ਗਈ। ਉਸ ਵੇਲੇ ਜੇ ਕੋਈ ਰੌਲਾ ਗੌਲਾ ਮਚਦਾ ਹੈ ਤਾਂ ਉਸ ਦੀ ਜਿੰਮੇਵਾਰ ਭਾਰਤ ਸਰਕਾਰ ਸੀ ਕਿਉਂਕਿ ਝੰਡਾ ਉਨ੍ਹਾਂ ਦਾ ਲਹਿ ਗਿਆ ਤੇ ਜਿਸ ਦਾ ਝੰਡਾ ਚੜ੍ਹਿਆ ਉਹ ਜਿੰਮੇਵਾਰ ਹੈ।

ਮਹਾਰਾਜ ਕਹਿੰਦੇ, "ਜਦੋਂ ਲੋਧੀ ਹਾਰ ਗਏ ਉਨ੍ਹਾਂ ਦੀਆਂ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ ਤਾਂ ਮੈਨੂੰ ਇਹ ਦੱਸ ਤੂੰ ਕਿ ਕਤਲੇਆਮ ਕਿਉਂ ਕਰਾਈ? ਤੇਰਾ ਰਾਜ ਹੋਇਆ ਕਿ ਨਹੀਂ?"

ਕਹਿੰਦਾ, "ਹਾਂ ਮੇਰਾ ਹੋਇਆ।"

ਕਹਿੰਦੇ, ਫੇਰ ਤੈਨੂੰ ਤਰਸ ਨਾ ਆਇਆ ਆਪਣੀ ਜਨਤਾ ਨੂੰ ਮਾਰਦੇ ਨੂੰ?"

***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥***
***ਪੰਨਾ – 360***

ਤੈਨੂੰ ਦਰਦ ਨਾ ਆਇਆ ਤੇ ਜਦੋਂ ਲੜਦੇ ਸੀ ਤਾਂ ਸਾਡੇ ਮਨ ਵਿਚ ਕੋਈ ਰੋਸ ਨਹੀਂ। ਜਦੋਂ ਤੂੰ ਸਕਤਾ ਹੋ ਕੇ, ਹਥਿਆਰਬੰਦ ਹੋਕੇ, ਬਾਦਸ਼ਾਹ ਹੋ ਕੇ ਇਹ ਸ਼ੇਰ ਰੂਪੀ ਫੌਜਾਂ ਨੂੰ, ਪਰਜਾ ਨੂੰ ਖਵਾਉਣ ਵਾਸਤੇ ਭੇਜਿਆ ਹੁਣ ਫੇਰ ਪਿਆਰਿਆ ਤੈਥੋਂ ਜਵਾਬ ਹੋਏਗਾ ਦਰਗਾਹ ਵਿਚ।"

ਢਲ ਗਿਆ, ਡਰ ਗਿਆ, ਚਰਨ ਫੜ ਲਏ।

ਮੈਂ ਕਿਹਾ, "ਇਨ੍ਹਾਂ ਤੁਕਾਂ ਦਾ ਤਾਂ ਆਹ ਅਰਥ ਹੈ ਤੂੰ ਹੋਰ ਹੀ ਕੱਢੀ ਜਾਂਦਾ ਹੈ।"

ਗੁਰੂ ਨਾਨਕ ਦਾ ਸਿਧਾਂਤ ਹੈ –

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਪੰਨਾ – 469***

ਵਾਹਿਗੁਰੂ ਕਰ ਰਿਹਾ ਹੈ ਜੋ ਕੁਝ ਕਰਨਾ ਹੈ ਤੇ ਵਾਹਿਗੁਰੂ ਨੂੰ ਉਲਾਂਭਾ, ਓਲਾਂਭਾ ਤਾਂ ਕੋਈ ਦਿੰਦਾ ਨਹੀਂ। ਗੁਰਮਤਿ ਵਿਚ ਨਹੀਂ ਹੈ ਪਹਿਲਿਆਂ ਸਮਿਆਂ ਵਿਚ ਓਲਾਂਭੇ ਦਿੰਦੇ ਸੀ ਕਿ ਮੈਂ ਤੇਰਾ ਭਜਨ ਕਰਿਆ –

***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥***
***ਪੰਨਾ – 858***

ਤਿੰਨ ਓਲਾਂਭੇ ਦਿੱਤੇ ਉਸ ਨੇ ਲੇਕਿਨ ਜਦੋਂ ਕਿਹਾ –

***ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥***
***ਪੰਨਾ – 858***

ਰਾਹ ਦੇ ਉਤੇ ਆ ਗਿਆ ਉਸੇ ਵੇਲੇ ਸੱਚੇ ਤੇ। ਸੋ ਗੁਰਮਤਿ ਦੇ ਵਿਚ ਤਾਂ ਓਲਾਂਭਾ ਹੈ ਹੀ ਨਹੀਂ ਇਥੇ ਤਾਂ ਏਹੀ ਹੈ ਕਿ –

***ਤੇਰੇ ਭਾਣੇ ਸਰਬਤ ਕਾ ਭਲਾ।***

ਦੂਸਰਾ ਹੈ ਕਿ ਹੇ ਵਾਹਿਗੁਰੂ! ਜੇ ਭਾਣਾ ਤੂੰ ਵਰਤਾਉਣਾ ਹੈ ਤਾਂ ਮਨਾ ਵੀ ਤੂੰ ਆਪ। ਉਬਲਦੀ ਦੇਗ ਵਿਚ ਓਲਾਂਭਾ ਨਹੀਂ ਦਿੱਤਾ ਕਿ ਮੈਂ ਤੇਰਾ ਭਜਨ ਕਰਿਆ, ਆਰੇ ਨਾਲ ਚੀਰਿਆ ਜਾਂਦਾ ਹੈ ਓਲਾਂਭਾ ਨਹੀਂ ਦਿੱਤਾ ਸਗੋਂ ਇਹ ਕਿਹਾ ਹੈ ਕਿ ਆਰਾ ਮੈਨੂੰ ਪਿਆਰਾ ਲਗਦਾ ਹੈ, ਜਿਉਂ-ਜਿਉਂ ਚੀਰਦਾ ਹੈ ਕਿਉਂਕਿ ਮੈਂ ਇਸ ਸਰੀਰ ਵਿਚੋਂ ਆਪਣੇ ਦੇਸ ਨੂੰ ਆ ਰਿਹਾ ਹਾਂ।

ਸੋ ਇਸ ਤਰ੍ਹਾਂ ਅਰਥਾਂ ਦੇ ਅਨਰਥ ਕਰਕੇ ਸਾਨੂੰ ਉਲਟਿਆਂ ਰਾਹਾਂ ਤੇ ਪਾ ਦਿੱਤਾ। ਸੋ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਪਿਤਾ ਸਾਰਿਆਂ ਨੂੰ ਕਹਿੰਦੇ ਨੇ ਕਿ–

ਪਿਆਰਿਓ! ਜਿਸ ਦੇ ਅੰਦਰ ਪਿਆਰ ਨਹੀਂ ਹੈ ਉਹ ਮੁਰਦਾ ਹੈ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ – 253***

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***
***ਪੰਨਾ – 1380***

ਜਿਸ ਦੀਆਂ ਅੱਖਾਂ ਵਿਚੋਂ ਪ੍ਰਮੇਸ਼ਰ ਦੀ ਯਾਦ ਵਿਚ ਹੰਝੂ ਨਹੀਂ ਗਿਰਦੇ ਉਹ ਤਾਂ ਮਸਾਨ ਹੋਇਆ ਹੋਇਆ ਹੈ ਹਿਰਦਾ, ਜਾਲ ਦਿੱਤਾ ਆਸਾ ਤੇ ਤ੍ਰਿਸ਼ਨਾ ਨੇ। ਤ੍ਰਿਸ਼ਨਾ ਦੇ ਭਾਬੜ ਬਲਦੇ ਨੇ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥ ਪੰਨਾ – 213***

ਆਸਾ ਤੇ ਅੰਦੇਸਾ ਵਿਚ ਜਲ ਗਿਆ ਹਿਰਦਾ ਤੇ ਪਿਆਰ ਤੋਂ ਬਿਨਾਂ ਮਹਾਰਾਜ ਕਹਿੰਦੇ ਮਰਿਆ ਹੋਇਆ ਹੈ ਇਹ। ਇਸ ਦੇ ਪ੍ਰਾਣ ਚਲਦੇ ਨੇ, ਰੋਟੀ ਖਾਂਦਾ ਹੈ, ਕੰਮ ਕਰਦਾ ਹੈ ਪਰ ਇਹ ਮੁਰਦਾ ਕੰਮ ਕਰਦਾ ਹੈ ਸਾਰੇ। ਸੋ ਜੀਵਨ ਹੋਰ ਹੈ।

ਗੁਰੂ ਮਹਾਰਾਜ ਕਹਿੰਦੇ ਜੇ ਪਿਆਰ ਦਾ ਜੀਵਨ ਜੀਉਣਾ ਹੈ ਪਿਆਰਿਆ ਫੇਰ ਇਸ ਦਾ ਕੋਈ ਮੁੱਲ ਦੇਣਾ ਪੈਂਦਾ ਹੈ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰੇ ਨੇ ਪੜ੍ਹੋ ਪਿਆਰ ਨਾਲ –

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ – 1413***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਪੰਨਾ – 1102***

ਪਿਆਰਿਆ! ਜੇ ਪ੍ਰੇਮ ਕਰਨਾ ਹੈ ਤਾਂ ਪ੍ਰੇਮ ਵਿਚ ਹੰਗਤਾ ਤੇ ਮਮਤਾ, 'ਮੈਂ' ਭਾਵ, ਦੇਹ ਅਧਿਆਸ ਖਤਮ ਕਰਨਾ ਪੈਣਾ ਹੈ। ਜੇ ਤੂੰ ਵੀ ਹੈ ਤੇ ਰੱਬ ਵੀ ਹੈ ਤਾਂ ਪਿਆਰ ਦੇ ਵਿਚ ਦੋ ਨਹੀਂ ਹੋਇਆ ਕਰਦੇ, ਇਕ ਹੋਇਆ ਕਰਦਾ ਹੈ। ਜੇ ਮੇਰੀ ਤੇ ਤੇਰੀ ਤੇਰੇ ਅੰਦਰ ਹੈ ਤਾਂ ਅਜੇ ਪਿਆਰ ਤੋਂ ਬੜਾ ਦੂਰ ਹੈਂ ਤੂੰ ਤੇ ਇਸ ਦੀ ਕੁਰਬਾਨੀ ਦੇਣੀ ਪੈਂਦੀ ਹੈ। ਦੁਨੀਆਂ ਦੇ ਕੱਚੇ ਪਿਆਰ ਦੇਖ ਲਓ।

ਗੁਰੂ ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਬਠਿੰਡੇ ਦੇ ਕਿਲ੍ਹੇ ਵਿਚ ਠਹਿਰੇ ਹੋਏ ਨੇ। ਹੇਠਾਂ ਇਕ ਬਲੋਚਾਂ ਦਾ ਕਾਫਲਾ ਆ ਗਿਆ। ਉਨ੍ਹਾਂ ਨੇ ਰਾਤ ਨੂੰ ਸੱਸੀ ਪੁੰਨੂ ਦਾ ਗਾਣਾ ਗਾਉਣਾ ਸ਼ੁਰੂ ਕਰ ਦਿੱਤਾ। ਸਿੰਘ ਘਬਰਾ ਗਏ। ਮਹਾਰਾਜ ਕੋਲ ਆਏ। ਮਹਾਰਾਜ ਬੈਠੇ ਜਾਗਦੇ ਨੇ।

ਕਹਿੰਦੇ, "ਸੱਚੇ ਪਾਤਸ਼ਾਹ! ਆਹ ਬਲੋਚਾਂ ਦਾ ਕਾਫਲਾ ਆਇਆ ਹੈ, ਇਹ ਗਾਉਣ ਲੱਗ ਗਏ, ਹੁਕਮ ਹੋਵੇ ਤਾਂ ਇਨ੍ਹਾਂ ਨੂੰ ਦਬੱਲ ਦੇਈਏ ਇਥੋਂ?"

ਮਹਾਰਾਜ ਕਹਿੰਦੇ, ਨਾ–ਨਾ ਕੁਝ ਨਹੀਂ ਕਹਿਣਾ ਉਨ੍ਹਾਂ ਨੂੰ। ਸਵੇਰੇ ਜਿਹੜਾ ਇਹ ਗਾਉਂਦਾ ਹੈ ਉਸ ਨੂੰ ਸਾਡੇ ਕੋਲ ਲੈ ਕੇ ਆਇਓ।"

ਗੱਲ ਆਈ ਗਈ ਹੋ ਗਈ। ਸਵੇਰਾ ਹੋ ਗਿਆ।

ਜਾ ਕੇ ਬੜਾ ਘੂਰ ਕੇ ਸਿੰਘ ਬੋਲੇ, ਕਿਹੜਾ ਗਾਉਂਦਾ ਸੀ ਓ, ਤੁਹਾਡੇ ਵਿਚੋਂ। ਗੁਰੂ ਮਹਾਰਾਜ ਨੇ ਕਿਹਾ ਹੈ ਕਿ ਸਾਡੇ ਕੋਲ ਆਓ।"

ਉਹ ਜਿਹੜਾ ਵਿਚਾਰਾ ਗਾਉਂਦਾ ਸੀ ਉਸ ਨੂੰ ਲੈ ਗਏ। ਪੰਜ ਚਾਰ ਜਿਹੜੇ ਮੁਖੀ ਸੀ ਉਹ ਵੀ ਨਾਲ ਚਲੇ ਗਏ। ਮਹਾਰਾਜ ਜੀ ਦੇ ਕੋਲ ਗਿਆ, ਜਾ ਕੇ ਨਮਸ਼ਕਾਰ ਕਰੀ।

ਮਹਾਰਾਜ ਕਹਿੰਦੇ, "ਪ੍ਰੇਮੀਆ! ਤੂੰ ਗਾਉਂਦਾ ਸੀ?"

ਕਹਿੰਦਾ, ਜੀ ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਏਥੇ ਟਿਕੇ ਹੋਏ ਹੋ।"

ਕਹਿੰਦੇ, "ਨਹੀਂ ਨਹੀਂ, ਮੇਰੀ ਗੱਲ ਦਾ ਜਵਾਬ ਦੇਹ। ਇਹ ਨਾ ਕਹਿ।"

ਕਹਿੰਦਾ, "ਹਾਂ ਜੀ! ਮੈਂ ਗਾਉਂਦਾ ਸੀ।"

ਕਹਿੰਦੇ, ਹੁਣ ਅਸੀਂ ਸਾਰੇ ਖਾਲਸੇ ਨੂੰ ਇਥੇ ਬਲਾਉਂਦੇ ਹਾਂ ਇਥੇ ਬੈਠਦੇ ਹਾਂ ਅਸੀਂ। ਓਹੀ ਗਾਣਾ ਇਕ ਵਾਰੀ ਸੁਣਾ ਦੇ।"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤੁਹਾਡੇ ਸਾਹਮਣੇ ਤਾਂ ਗਾ ਨਹੀਂ ਸਕਦਾ।"

ਕਹਿੰਦੇ, "ਫੇਰ।"

ਕਹਿੰਦਾ, "ਕਨਾਤ ਲਗਵਾ ਦਿਓ।"

ਕਨਾਤ ਲਗਵਾ ਦਿੱਤੀ ਮਹਾਰਾਜ ਨੇ। ਉਸ ਨੇ ਪੂਰਾ ਸੱਸੀ–ਪੁਨੂੰ ਜਦੋਂ ਗਾਇਆ ਤਾਂ ਕਈ ਸਿੰਘ ਕਹਿਣ ਲੱਗੇ, "ਮਹਾਰਾਜ! ਕੱਚੀ ਬਾਣੀ ਆਪ ਦੇ ਦਰਬਾਰ ਵਿਚ ਪੜ੍ਹੀ ਗਈ ਹੈ।"

ਮਹਾਰਾਜ ਕਹਿੰਦੇ, "ਪਿਆਰਿਓ! ਤੁਸੀਂ ਗੱਲ ਨਹੀਂ

ਸਮਝੀ, ਮੈਂ ਤਾਂ ਗੱਲ ਸਮਝਾਉਣ ਵਾਸਤੇ ਕਰਿਆ ਹੈ। ਤੁਸੀਂ ਬਾਣੀ ਦੇ ਰੌਲੇ-ਗੌਲੇ ਵਿਚ ਪੈ ਗਏ। ਸਮਝ ਵਿਚ ਆਇਆ ਤੁਹਾਡੇ ਕੁਝ?"

ਕਹਿੰਦੇ, "ਨਾ ਮਹਾਰਾਜ! ਅਸੀਂ ਤਾਂ ਆਹੀ ਸਮਝੇ ਕਿ ਸੱਸੀ ਸੀ, ਪੁੰਨੂੰ ਚਲਿਆ ਗਿਆ ਉਸ ਨੂੰ ਲੈ ਗਏ ਤੇ ਉਹ ਥਲਾਂ ਦੇ ਵਿਚ ਤੜਫ-ਤੜਫ ਕੇ ਮਰ ਗਈ।"

ਮਹਾਰਾਜ ਕਹਿੰਦੇ, "ਤੁਹਾਡੇ ਸਮਝ ਵਿਚ ਨਹੀਂ ਆਇਆ ਕੁਝ? ਇਸ ਤੋਂ ਅੱਗੇ ਕੁਝ ਨਹੀਂ ਆਇਆ?"

ਮਹਾਰਾਜ ਕਹਿੰਦੇ, ਓ ਪਿਆਰਿਓ ਗੁਰਸਿਖੋ! ਉਹ ਕੱਚਾ ਪਿਆਰ ਦਰਗਾਹ ਵਿਚ ਉਸ ਨੇ ਨਿਭਣਾ ਨਹੀਂ, ਗੁਰੂ ਨੇ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥***
***ਪੰਨਾ - 1281***

ਗੁਰੂ ਨੇ ਦਰਗਾਹ ਦੇ ਵਿਚ ਜਾਣਾ ਹੈ। ਉਥੇ ਤੁਹਾਡੀ ਸਹਾਇਤਾ ਕਰਨੀ ਹੈ, ਜਮਾਂ ਨੂੰ ਨੇੜੇ ਨਹੀਂ ਆਉਣ ਦੇਣਾ ਤੇ ਉਸ ਦੇ ਨਾਲ ਤਾਂ ਪਿਆਰ ਹੈ ਨਹੀਂ।

ਉਹ ਇਕ ਬੀਬੀ, ਸੱਸੀ ਤੁਸੀਂ ਸੁਣੀ, ਉਸ ਦਾ ਇਕ ਬੰਦੇ ਨਾਲ ਕਿੰਨਾ ਪਿਆਰ ਪਿਆ ਹੋਇਆ ਹੈ ਕਿ ਉਹ ਥਲਾਂ ਦੇ ਵਿਚ ਤੜਫ-ਤੜਫ ਕੇ ਮਰ ਗਈ, ਪਿਛੇ ਨਹੀਂ ਹਟੀ ਤੇ ਤੁਸੀਂ ਚੌਥੇ ਕੁ ਦਿਨ ਕਹਿ ਦਿੰਦੇ ਹੋ ਕਿ ਜੀ! ਘਰੋਂ ਸੁਨੇਹਾ ਆਇਆ ਹੈ। ਗੁਰੂ ਦੇ ਪਿਆਰ ਦਾ ਪਤਾ ਨਾ ਕਦੇ ਵਾਸਤਾ ਹੈ ਕਹਿ ਦਿੰਦਾ ਹੈ ਜੀ! ਮੇਰੇ ਘਰੋਂ ਸੁਨੇਹਾ ਆਇਆ ਹੈ ਮੈਨੂੰ ਛੁਟੀ ਦੇ ਦਿਓ। ਤੁਹਾਡਾ ਪਿਆਰ ਹੈ ਕਿਸੇ ਦਾ?"

ਗਰਜ਼ ਦੇ ਵਿਚ ਨੇ, ਗੁਰੂ ਪਿਆਰ ਚਾਹੁੰਦਾ ਹੈ ਸੱਚਾ। ਪਿਆਰ ਦੇ ਨਾਲ ਕੀ ਹੁੰਦਾ ਹੈ ਆਪਾ ਕੁਰਬਾਨ ਹੁੰਦਾ ਹੈ ਤੇ ਅੱਜ ਦੀਵਾਨ ਲੱਗਿਆ ਹੋਇਆ ਹੈ ਗੁਰੂ ਮਹਾਰਾਜ ਨੇ ਸਿਖੀ ਦੀ ਪਰਖ ਕਰਨ ਵਾਸਤੇ ਕਸਵੱਟੀ ਲਾ ਦਿੱਤੀ ਬੜੀ ਸਖਤ। ਇਹ ਪਹਿਲਾਂ ਨਹੀਂ ਸੀ ਲੱਗੀ। ਗੁਰੂ ਨਾਨਕ ਪਾਤਸ਼ਾਹ ਵੇਲੇ ਜਦੋਂ ਕਸਵੱਟੀ ਲੱਗੀ ਆਪ ਨੇ ਧਾਣਕ ਰੂਪ ਧਾਰ ਲਿਆ। ਕਿਰਿਆ ਗੁਰੂ ਨਾਨਕ ਨੇ ਕਿਹੋ ਜਿਹੀ ਕਰ ਲਈ? ਉਸ ਵੇਲੇ ਬਸਤਰ ਦੋ ਹੀ ਰੱਖਣ ਲੱਗ ਗਏ ਇਕ ਤੇੜ ਸੀ ਪਰਨਾ ਤੇ ਦੂਸਰਾ ਸੀ ਸਿਰ ਦੇ ਉਤੇ ਤੇ ਰਹਿਣ ਵਾਸਤੇ ਸਾਢੇ ਤਿੰਨ ਫੁਟ ਉਚੀ ਝੌਂਪੜੀ ਬਣਾ ਲਈ ਤੇ ਤਿੰਨ ਫੁਟ ਚੌੜੀ ਉਸ ਦੇ ਵਿਚ ਥੱਲੇ ਰੋੜੇ ਵਿਛਾ ਦਿੱਤੇ। ਮਹਾਰਾਜ ਜੀ ਤੜਕੇ ਹੀ ਇਕ ਵਜੇ ਉਠ ਜਾਇਆ ਕਰਨ ਤੇ ਰਾਵੀ ਵਿਚ ਜਾ ਕੇ ਖੜ੍ਹ ਜਾਇਆ ਕਰਨ, ਗੁਰੂ ਅੰਗਦ ਸਾਹਿਬ ਨਾਲ ਹੁੰਦੇ।

ਇਕ ਦਿਨ ਗੁਰੂ ਅੰਗਦ ਪਾਤਸ਼ਾਹ ਨੇ ਕਿਹਾ ਕਿ ਦੇਖੋ ਕਿੰਨਾ ਠੰਢਾ ਪਾਣੀ ਹੈ ਬਰਫ ਵਰਗਾ, ਤੜਕੇ ਦੇ ਪਾਣੀ ਵਿਚ ਖੜ੍ਹੇ ਨੇ ਮੈਂ ਵੀ ਨਾਲ ਹੀ ਖੜ੍ਹਦਾ ਹਾਂ। ਜਦੋਂ ਆਪ ਥੋੜ੍ਹੀ ਦੇਰ ਖੜ੍ਹੇ ਤਾਂ ਬੇ-ਹੋਸ਼ ਹੋ ਗਏ। ਇਕ ਦਮ ਗੁਰੂ ਨਾਨਕ ਪਾਤਸ਼ਾਹ ਨੱਠ ਕੇ ਆਏ, ਆ ਕੇ ਬਾਹਰ ਕੱਢੇ, ਆਪਣੇ ਅਗੂੰਠੇ ਦੀ ਨਿੱਘ ਦੇ ਕੇ ਉਨ੍ਹਾਂ ਨੂੰ ਸੁਰਜੀਤ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਸਣੇ ਕਰਤਾਰਪੁਰ ਵਿਖੇ ਖੇਤੀ ਕਰਦੇ ਹੋਏ।

ਕਹਿੰਦੇ, "ਪੁਰਖਾ! ਤੂੰ ਕਿਉਂ ਇਹ ਗੱਲਾ ਕਰਦਾ ਹੈਂ? ਅਸੀਂ ਜੋ ਕੁਝ ਕਰ ਰਹੇ ਹਾਂ ਉਹ ਤੁਹਾਡੇ ਵਾਸਤੇ ਕਰ ਰਹੇ ਹਾਂ। ਜਿੰਨਿਆ ਨੇ ਆਉਣਾ ਹੈ ਉਨ੍ਹਾਂ ਵਾਸਤੇ ਕਰ ਰਹੇ ਹਾਂ।"

ਫੇਰ 4 ਮੀਲ ਰਾਤ ਨੂੰ ਘੁੰਮੀ ਜਾਣਾ। 4 ਮੀਲ ਚਲੇ ਜਾਣਾ ਉਥੋਂ ਮੁੜ ਆਉਣਾ। ਗੁਰੂ ਅੰਗਦ ਸਾਹਿਬ 2 ਮੀਲ ਤੇ ਖੜ੍ਹ ਜਾਂਦੇ ਸੀ। ਜਦੋਂ ਗੁਰੂ ਜੀ ਨੇ ਇਧਰ (ਸੱਜੇ) ਨੂੰ ਜਾਣਾ ਤਾਂ ਇਧਰ ਨੂੰ ਝਾਕੀਂ ਜਾਣਾ ਜਦੋਂ ਉਧਰ (ਖੱਬੇ) ਨੂੰ ਜਾਣਾ ਤਾਂ ਇਧਰ ਨੂੰ ਦੇਖੀ ਜਾਣਾ। ਫੇਰ ਆਪ ਨੇ ਉਸ ਝੌਂਪੜੀ ਵਿਚ ਜਾ ਵੜਨਾ, ਕਰਤਾਰਪੁਰ ਤੋਂ ਥੋੜ੍ਹਾ ਹਟ ਕੇ ਸੀ। ਉਨ੍ਹਾਂ ਦੀ ਐਸੀ ਕਿਰਿਆ ਦੇਖ ਕੇ ਸਿੱਖਾਂ ਦੇ ਮਨਾਂ ਵਿਚ ਸ਼ੱਕ ਹੋ ਗਿਆ ਕਿ ਇਹ ਗੁਰੂ ਮਹਾਰਾਜ ਕੀ ਕਰਨ ਲੱਗ ਗਏ। ਉਸ ਵੇਲੇ 20,000 ਦੀ ਗਿਣਤੀ ਉਥੇ ਸੀ, ਕਰਤਾਰਪੁਰ।

ਮਹਾਰਾਜ ਕਹਿੰਦੇ, "ਲੰਗਰ ਇਕ ਵਕਤ ਚੱਲਿਆ ਕਰੇਗਾ।"

ਇਕ ਵਕਤ ਚੱਲਣ ਲੱਗ ਗਿਆ।

ਫੇਰ ਕਹਿੰਦੇ, "ਇਕ ਦਿਨ ਬੰਦ, ਮਸਤਾਨਾ ਤੇ ਇਕ ਦਿਨ ਚਲਿਆ ਕਰੇਗਾ।"

ਫੇਰ ਦੋ ਦਿਨ ਕਰ ਦਿੱਤਾ ਮਸਤਾਨਾ ਕਿ ਤੀਜੇ ਦਿਨ ਚਲੇਗਾ। ਉਥੇ 1000 ਕੁ ਬੰਦਾ ਰਹਿ ਗਿਆ। 19,000 ਬੰਦਾ ਨੱਠ ਗਿਆ ਕਿ ਅਸੀਂ ਤਾਂ ਭੁੱਖੇ ਹੀ ਮਰ ਜਾਵਾਂਗੇ। ਫੇਰ ਮਹਾਰਾਜ ਜੀ ਨੇ ਕਿਹਾ ਕਿ ਕਣਕ ਬੀਜੋ 500 ਹਲ ਲੈ ਕੇ ਕਣਕ ਬੀਜ ਦਿੱਤੀ, ਸਾਰਾ ਹੀ ਚੱਕ ਖਾਲੀ ਪਿਆ ਸੀ। ਆਸ ਹੋ ਗਈ ਕਿ ਚਲੋ ਹੁਣ ਕਣਕ ਹੋ ਜਾਏਗੀ, ਲੰਗਰ ਫੇਰ ਚਲਣਗੇ।

ਜਦੋਂ ਕਣਕ ਵੱਢ ਲਈ, ਮਹਾਰਾਜ ਕਹਿੰਦੇ ਕਿ ਢੇਰ ਲਾ ਲਓ। ਢੇਰ ਲਾ ਲਏ, ਗਰੇ ਲਾ ਲਏ।

ਕਹਿੰਦੇ, "ਮਹਾਰਾਜ! ਹੁਣ ਹੁਕਮ ਕੀ ਹੈ? ਫਲ੍ਹੇ ਜੋੜੀਏ?"

ਕਹਿੰਦੇ, "ਨਹੀਂ! ਅੱਗ ਲਾ ਦਿਓ ਇਸ ਨੂੰ।"

ਉਸ ਵੇਲੇ ਸਾਰੇ ਝਿਜਕ ਗਏ। ਮਹਾਰਾਜ ਨੇ ਗੁਰੂ ਅੰਗਦ ਪਾਤਸ਼ਾਹ ਵੱਲ ਦੇਖਿਆ।

ਕਹਿੰਦੇ, "ਪੁਰਖਾ! ਤੂੰ ਲਾ ਦੇ।" ਉਨ੍ਹਾਂ ਨੇ ਆ ਕੇ ਮਿੰਟਾਂ ਦੇ ਅੰਦਰ ਹੀ ਸਾਰੇ ਸਾੜ ਦਿੱਤੇ।

ਉਨ੍ਹਾਂ ਨੇ ਸੋਚਿਆ ਕਿ ਅੱਗੇ ਹੀ ਭੁਖੇ ਮਰਦੇ ਹਾਂ ਤੇ ਕਣਕ ਵੀ ਗਈ। ਮਹਾਰਾਜ ਨੂੰ ਪਤਾ ਨਹੀਂ ਕੀ ਹੋ ਗਿਆ। ਮਹਾਰਾਜ ਨੇ ਧਾਨਕ ਰੂਪ ਧਾਰ ਲਿਆ, ਸ਼ਿਕਾਰੀਆਂ ਵਾਲਾ, ਕੁੱਤੇ ਵਗੈਰਾ ਨਾਲ ਲੈ ਲੈਣੇ ਤੇ ਇਧਰ ਉਧਰ ਫਿਰੀ ਜਾਣਾ। ਸਿੱਖ ਜਿਹੜਾ ਨੇੜੇ ਆਉਣਾ ਸਲੋਤਰ (ਡੰਡਾ) ਰੱਖ ਲਿਆ ਹੱਥ ਵਿਚ ਨੱਠ ਕੇ ਜਾ ਕੇ ਮਾਰਨਾ ਪਿੱਠ ਤੇ। ਉਹ ਖਿੰਡ ਗਏ ਸਾਰੇ 100 ਕੁ ਬੰਦਾ ਰਹਿ ਗਿਆ, ਬਾਕੀ ਸਾਰਾ ਹੀ ਨੱਠ ਗਿਆ। ਹੁਣ 100 ਨੂੰ ਮਹਾਰਾਜ ਕਹਿੰਦੇ ਕਿ ਇਨ੍ਹਾਂ ਨੂੰ ਵੀ ਕਿਵੇਂ ਕਰੀਏ। ਜਦੋਂ ਡੰਡਾ ਲੈ ਕੇ ਨਠਦੇ ਹਨ ਤਾਂ ਹੁਣ ਸਿਖ ਹੋ ਗਏ ਹੁਸ਼ਿਆਰ, ਦੂਰੋਂ ਹੀ ਮੱਥਾ ਟੇਕਣ ਤੇ ਨਾਲ ਖਿਆਲ ਰੱਖਣ ਕਿ ਡੰਡਾ ਨਾ ਆ ਜਾਵੇ ਕਿਤੇ, ਨੱਠ ਜਾਣ ਪਹਿਲਾਂ ਹੀ। ਇਕ ਵਾਰੀ ਮਹਾਰਾਜ ਜੀ ਨੇ ਨੱਠ ਨੱਠ ਕੇ ਕੁੱਟੇ। ਬਹੁਤ ਸਾਰੇ ਨੱਠ ਗਏ। ਆਪ ਪਿਛੇ ਪਿਛੇ ਜਾ ਰਹੇ ਨੇ 20-25 ਰਹਿ ਗਏ। ਮਹਾਰਾਜ ਨੇ ਆਪਣੀਆਂ ਜੇਬਾਂ ਵਿਚੋਂ ਰੁਪਈਆਂ ਦੀਆਂ ਮੁਠੀਆਂ ਭਰ-ਭਰ ਕੇ ਸੁਟਣੀਆਂ ਸ਼ੁਰੂ ਕਰ ਦਿਤੀਆਂ ਤੇ ਐਨੀ ਸੁਟੀਆਂ ਕਿ ਧਰਤੀ ਚਿੱਟੀ ਹੋ ਗਈ। ਲੋਕ ਰੁਪਈਏ ਚੁਕਣ ਲੱਗ ਗਏ, ਗਠੜੀਆਂ ਬੰਨ੍ਹ ਲਈਆਂ ਤੇ ਤੁਰਦੇ ਲੱਗੇ। ਅੱਗੇ ਮਹਾਰਾਜ ਨੇ ਮੋਹਰਾਂ ਸੁਟਣੀਆਂ ਸ਼ੁਰੂ ਕਰ ਦਿੱਤੀਆਂ। ਉਹ ਲੈ ਕੇ ਵੀ ਚਲੇ ਗਏ ਕਿਉਂਕਿ ਮਹਾਰਾਜ ਮਾਰਨ ਵੀ ਆਉਂਦੇ ਸੀ ਨਾਲ।

ਉਸ ਤੋਂ ਬਾਅਦ ਕੀ ਹੋਇਆ, ਕੋਈ ਵੀ ਨਾ ਰਿਹਾ। ਦੋ ਰਹਿ ਗਏ। ਬਾਬਾ ਬੁਢਾ ਜੀ ਰਹਿ ਗਏ ਤੇ ਭਾਈ ਲਹਿਣਾ ਜੀ (ਗੁਰੂ ਅੰਗਦ ਪਾਤਸ਼ਾਹ) ਰਹਿ ਗਏ। ਮਹਾਰਾਜ ਜੰਗਲ ਵਿਚ ਚਲੇ ਗਏ। ਕਹਿੰਦੇ ਤੁਸੀਂ ਹਟਦੇ ਹੋ ਕਿ ਨਹੀਂ? ਉਨ੍ਹਾਂ ਦੇ ਵੀ ਡੰਡੇ ਮਾਰੇ ਤੇ ਉਹ ਚੁਪ ਕਰਕੇ ਖੜ੍ਹੇ ਰਹੇ, ਹਿਲਣ ਹੀ ਨਾ ਕਿਸੇ ਪਾਸੇ। ਕਹਿੰਦੇ, "ਪਿਛੋਂ ਮੇਰੇ ਹਟਣਾ ਹੈ ਜਾਂ ਨਹੀਂ?"

ਭਾਈ ਲਹਿਣਾ ਜੀ (ਗੁਰੂ ਅੰਗਦ ਪਾਤਸ਼ਾਹ) ਹੱਥ ਬੰਨ੍ਹ ਕੇ ਕਹਿਣ ਲੱਗੇ, "ਪਾਤਸ਼ਾਹ! ਜਿਨ੍ਹਾਂ ਦੇ ਸੰਸਾਰ ਵਿਚ ਥਾਂ ਸੀ ਉਹ ਸਾਰੇ ਚਲੇ ਗਏ, ਸਾਡੇ ਵਾਸਤੇ ਤਾਂ ਤੇਰੇ ਚਰਨਾਂ ਤੋਂ ਬਿਨਾਂ ਹੋਰ ਕੋਈ ਥਾਂ ਹੀ ਨਹੀਂ ਹੈ। ਦੱਸੋ ਕਿਥੇ ਜਾਈਏ। ਜਿਸ ਨੇ ਸਾਰੇ ਥਾਂ ਮੁਕਾ ਲਏ ਹੋਣ ਉਹ ਕਿਥੇ ਜਾਵੇ ਮਹਾਰਾਜ। ਮਾਰੋ-ਰੱਖੋ ਅਸੀਂ ਤਾਂ ਤੁਹਾਡੇ ਨਾਲ ਹੀ ਰਹਿਣਾ ਹੈ।"

ਕਹਿੰਦੇ, "ਚੰਗਾ! ਔਹ ਸਾਹਮਣੇ ਦੇਖੋ ਕੀ ਹੈ?" ਕੀ ਦ੍ਰਿਸ਼ਟੀ ਆਇਆ ਕਿ ਇਕ ਮੁਰਦਾ ਪਿਆ ਹੈ, ਨੰਗਾ ਹੀ ਤੇ ਸੜਿਆ ਹੋਇਆ ਹੈ।

ਮਹਾਰਾਜ ਗੁਰੂ ਅੰਗਦ ਸਾਹਿਬ ਜੀ ਕਹਿੰਦੇ, "ਸੱਚੇ ਪਾਤਸ਼ਾਹ! ਮੁਰਦਾ ਹੈ।"

ਕਹਿੰਦੇ, "ਜਾਓ ਖਾਓ।"

ਦੋਏ ਚੱਲ ਪਏ। ਚਲ ਕੇ ਹੁਣ ਖੜ੍ਹ ਗਏ ਤੇ ਹੁਣ ਖਾਂਦੇ ਨਹੀਂ ਹਨ।

ਮਹਾਰਾਜ ਕਹਿੰਦੇ, "ਖਾਂਦੇ ਕਿਉਂ ਨਹੀਂ ਹੋ?"

ਗੁਰੂ ਅੰਗਦ ਸਾਹਿਬ ਕਹਿਣ ਲੱਗੇ, "ਮਹਾਰਾਜ! ਹੁਕਮ ਕਰੋ ਕਿਧਰੋਂ ਖਾਈਏ?"

ਕਹਿੰਦੇ, "ਸਿਰ ਵਲੋਂ ਖਾਓ।"

ਹੁਣ ਸਿਰ ਵੱਲ ਤਾਂ ਵਾਲ ਹੁੰਦੇ ਨੇ ਕਿਵੇਂ ਖਾਣ, ਫੇਰ ਖੋਪਰੀ ਹੈ। ਕੋਈ ਤਰੀਕਾ ਹੀ ਨਹੀਂ ਹੈ ਕਿ ਖਾਣ ਪੈਰਾਂ ਵਲੋਂ ਤਾਂ ਦੰਦੀਆਂ ਵਗੈਰਾ ਵੱਢਣ ਲੱਗ ਜਾਂਦੇ ਤਾਂ ਗੁਰੂ ਅੰਗਦ ਪਾਤਸ਼ਾਹ ਤਾਂ ਸਕਿੰਟ ਦੇ ਅੰਦਰ ਸਿਰ ਵੱਲ ਖੜ੍ਹ ਗਏ। ਬਾਬਾ ਬੁੱਢਾ ਜੀ ਉਥੇ ਹੀ ਪੈਰ ਮਲ ਲਿਆ ਉਨ੍ਹਾਂ ਨੇ ਕਿ ਪਹਿਲਾਂ ਇਹ ਬੁਰਕੀ ਮਾਰੂ ਫੇਰ ਦੇਖਾਂਗੇ।

ਜਿਸ ਵਕਤ ਗੁਰੂ ਅੰਗਦ ਪਾਤਸ਼ਾਹ ਉਥੇ ਗਏ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਬੁਕਲ ਵਿਚ ਲੈ ਲਿਆ ਤੇ ਕਹਿੰਦੇ, "ਦੇਖੋ ਪੁਰਖਾ!"

ਕੀ ਦੇਖਦੇ ਨੇ ਤਿਹੋਲੇ ਦਾ ਗਰਮ ਗਰਮ ਪ੍ਰਸ਼ਾਦ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਸ਼ੰਕੇ ਆਉਂਦੇ ਨੇ ਬੜੇ ਜਬਰਦਸਤ, ਜਿਹੜੇ ਅੱਜ ਕੱਲ੍ਹ ਦੇ ਵਿਦਵਾਨ ਨੇ ਕਿ ਇਹ ਕਿਵੇਂ ਹੋ ਸਕਦਾ ਹੈ? ਜਾਂ ਤਾਂ ਉਹ ਗੱਲ ਝੂਠੀ ਹੈ ਜਾਂ ਉਹ ਝੂਠੀ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਇਕ ਸਾਖੀ ਆਉਂਦੀ ਹੈ ਕਿ ਉਨ੍ਹਾਂ ਕੋਲ ਕੁਰੂਕਸ਼ੇਤਰ ਇਕ ਰਾਜ ਕੁਮਾਰ ਹਾਰਿਆ ਹੋਇਆ ਆ ਗਿਆ। ਉਸ ਦੇ ਕੋਲ ਹਿਰਨ ਸੀ ਕਹਿੰਦੇ ਇਹ ਧਰ ਦੇ। ਬਰਤਨ ਮੰਗਾ ਲਏ ਤੇ ਉਸ ਦੇ ਵਿਚ ਹਿਰਨ ਨੂੰ ਕੱਟ ਕੇ ਉਸ ਦਾ ਮਾਸ ਪਾ ਦਿੱਤਾ। ਜਦੋਂ ਗ੍ਰਹਿਣ ਲੱਗਿਆ ਤਾਂ ਜਿਹੜਾ ਮਾਸ ਅੱਗ ਤੇ ਧਰਿਆ ਹੋਇਆ ਸੀ ਉਸ ਅੱਗ ਦਾ ਧੂੰਆਂ ਉਠਣ ਲੱਗਿਆ ਤੇ ਸਾਰੇ ਚਿੜ੍ਹ ਗਏ ਤੇ ਨਾਲ ਇਸ ਗੱਲ ਦੇ ਉਤੇ ਕਿ ਉਹ ਮਾਸ ਬਣਾ ਰਹੇ ਨੇ।

ਉਥੇ ਫੇਰ ਆ ਕੇ ਨਾਨੂ ਨੇ ਗੁਰੂ ਨਾਨਕ ਪਾਤਸ਼ਾਹ ਨਾਲ ਚਰਚਾ ਕੀਤੀ, ਉਹ ਹਾਰ ਗਿਆ।

ਮਹਾਰਾਜ ਕਹਿੰਦੇ, "ਤੁਸੀਂ ਤਾਂ ਸਾਰੇ ਹੀ ਮਾਸ ਖਾਂਦੇ ਹੋ ਤੁਹਾਨੂੰ ਤਾਂ ਪਤਾ ਹੀ ਨਹੀਂ ਮਾਸ ਦਾ। ਸਭ ਮਾਸ ਖਾ ਰਹੇ ਹੋ ਤੁਸੀਂ। ਜਗ ਕਰਦੇ ਹੋ, ਜਗ ਦਾ ਮਾਸ ਖਾਂਦੇ ਹੋ ਤੁਸੀਂ। ਔਰਤਾਂ ਉਤੇ ਮਾੜੀਆਂ ਨਿਗ੍ਹਾ ਰਖਦੇ ਹੋ, ਮਾਸ ਖਾਂਦੇ ਹੋ ਜੀਉਂਦਾ।"

ਸਾਰੇ ਮਹਾਰਾਜ ਨੇ ਗਿਣ ਦਿੱਤੇ। ਉਸ ਤੋਂ ਬਾਅਦ ਨਿਰਉਤਰ ਹੋ ਗਏ ਕਿ ਹਾਂ ਇਨ੍ਹਾਂ ਨਾਲ ਨਹੀਂ ਹੋ ਸਕਦਾ, ਨਮਸ਼ਕਾਰ ਕਰ ਦਿੱਤੀ।"

ਮਹਾਰਾਜ ਕਹਿੰਦੇ, "ਹੁਣ ਲੰਗਰ ਛੱਕ ਕੇ ਜਾਇਓ।"

ਹੁਣ ਬ੍ਰਾਹਮਣ ਬੈਠੇ ਨੇ ਉਹ ਇਕ ਦੂਜੇ ਨੂੰ ਕਹਿਣ, "ਓਹ ਮਾਸ ਬਣਿਆ ਹੈ, ਖੱਲ ਆਹ ਪਈ ਹੈ ਤੇ ਹੁਣ ਸਾਡਾ ਤਾਂ ਧਰਮ ਹੀ ਨਹੀਂ ਰਹਿਣਾ ਕਿ ਹੁਣ ਕੀ ਹੋਏਗਾ?"

ਇਕ ਮੈਂ ਤੁਹਾਨੂੰ ਹੁਣ ਦੀ ਗੱਲ ਦਸਦਾ ਹਾਂ, ਡਾਕਟਰ ਸਵਾਮੀ ਰਾਮ ਜੀ ਨਾਲ ਵਰਤੀ। ਆਪ ਨੂੰ ਸ੍ਰੀ ਨਗਰ ਗੜ੍ਹਵਾਲ ਤੋਂ ਇਹ ਪਤਾ ਲੱਗਿਆ ਕਿ ਇਥੇ ਇਕ ਸਾਧੂ ਰਹਿੰਦਾ ਹੈ ਬਹੁਤ ਪੜ੍ਹਿਆ ਲਿਖਿਆ। ਉਹ ਰਸਤਾ ਜਾਣਦੇ ਨਹੀਂ ਸੀ ਉਹ ਇਕ ਬ੍ਰਾਹਮਣ ਨੂੰ ਨਾਲ ਲੈ ਕੇ ਚਲੇ ਗਏ। ਸਾਧੂ ਇਕ ਗੁਫਾ ਦੇ ਵਿਚ ਰਹਿੰਦਾ ਸੀ, ਗੰਗਾ ਤੋਂ ਪਾਰ। ਜਦੋਂ ਉਥੇ ਗੁਫਾ ਦੇ ਨੇੜੇ ਪਹੁੰਚੇ ਤਾਂ ਬ੍ਰਾਹਮਣ ਕਹਿਣ ਲੱਗਿਆ, "ਮਹਾਰਾਜ ਸੁਆਮੀ ਜੀ! ਮੈਂ ਤਾਂ ਨਹੀਂ ਜਾਣਾ, ਉਹ ਤਾਂ ਕੁਟਦੇ ਹੁੰਦੇ ਨੇ। ਡੰਡਾ ਹੈ ਉਨ੍ਹਾਂ ਕੋਲ ਬਹੁਤ ਮਜਬੂਤ ਤੇ ਹੈ ਵੀ ਉਨ੍ਹਾਂ ਦਾ ਕਦ ਬਹੁਤ ਵੱਡਾ ਤੇ ਜਿਹੜਾ ਨੇੜੇ ਜਾਂਦਾ ਹੈ ਉਸ ਦੀ ਕੁਟਾਈ ਹੁੰਦੀ ਹੈ। ਉਹ ਕਪੜਾ ਵੀ ਨਹੀਂ ਪਹਿਨਦੇ, ਇਕ ਬੋਰੀ ਦਾ ਟੁਕੜਾ ਵਲੇਟਿਆ ਹੋਇਆ ਹੈ, ਲੱਕ ਦੇ ਨਾਲ ਹੋਰ ਕੋਈ ਕਪੜਾ ਨਹੀਂ ਪਹਿਨਦੇ। ਮਹਾਰਾਜ ਉਹ ਤਾਂ ਭੂਤ ਹੈ, ਮੈਂ ਤਾਂ ਨਹੀਂ ਜਾਣਾ ਉਥੇ।"

ਸੁਆਮੀ ਜੀ ਕਹਿੰਦੇ, "ਕੋਈ ਨਹੀਂ ਤੂੰ ਮੇਰੇ ਨਾਲ ਹੈਂ ਚਲ।"

ਉਹ ਚਲੇ ਗਏ। ਜਦੋਂ ਜਾ ਕੇ ਨਮਸ਼ਕਾਰ ਕਰੀ ਉਸ ਬ੍ਰਾਹਮਣ ਨੇ ਤਾਂ ਸੰਤ ਜੀ ਕਹਿੰਦੇ, "ਓ ਤੂੰ ਸਾਰੇ ਰਾਹ ਤਾਂ ਮੈਨੂੰ ਗਾਲਾਂ ਕੱਢਦਾ ਆਇਆ ਹੈ ਤੇ ਹੁਣ ਆ ਕੇ ਮੱਥੇ ਟੇਕਦਾ ਹੈਂ। ਹੈਂ - ਗਾਲ੍ਹਾਂ ਨਹੀਂ ਕਢਦਾ ਆਇਆ?"

ਚੁਪ ਕਰ ਗਿਆ। ਸੁਆਮੀ ਜੀ ਕਹਿੰਦੇ, "ਕਹਿ ਦੇਹ।"

ਕਹਿੰਦਾ, "ਹਾਂ ਜੀ।"

ਕਹਿੰਦੇ, "ਅੱਛਾ ਤਾਂ ਮਾਫ ਹੋਏਗੀ ਇਥੇ ਇਕ ਮੁਰਦਾ ਰੁੜ੍ਹਿਆ ਆਉਂਦਾ ਹੈ ਉਤੇ ਜਾਹ, ਉਸਦਾ 2 ਸੇਰ ਮਾਸ ਕੱਟ ਕੇ ਲਿਆ।"

ਛੁਰੀ ਫੜਾ ਦਿੱਤੀ, ਉਹ ਤੁਰਦਾ ਨਹੀਂ।

ਉਹ ਕਹਿੰਦੇ, "ਤੁਰਦਾ ਕਿਉਂ ਨਹੀਂ?"

ਕਹਿੰਦਾ, "ਮੈਂ ਕਦੇ ਮਾਸ ਨੂੰ ਹੱਥ ਹੀ ਨਹੀਂ ਲਾਇਆ।"

ਕਹਿੰਦੇ, "ਫੇਰ ਮੈਂ ਤੇਰਾ ਪੱਟ ਕੱਟ ਲੈਣਾ ਹੈ 2 ਕਿਲੋ ਦਾ। ਦੇਖ ਲੈ।"

ਉਹ ਸੁਆਮੀ ਜੀ ਵਲ ਦੇਖਣ ਲੱਗ ਗਿਆ।

ਸੁਆਮੀ ਜੀ ਕਹਿੰਦੇ, "ਦੇਖ ਲੈ ਹੁਣ ਤਾਂ ਪਿਆਰਿਆ ਫਸ ਗਏ। ਇਨ੍ਹਾਂ ਨੇ ਸਚਮੁਚ ਮਾਸ ਕਟ ਲੈਣਾ ਹੈ ਫੇਰ ਕੀ ਕਰਾਂਗੇ, ਫਸੇ ਹੋਏ ਹਾਂ ਆਪਾਂ, ਸਾਨੂੰ ਦੋਹਾਂ ਨੂੰ ਕਿਹਾ ਹੈ।"

ਉਹ ਜਾ ਕੇ ਗੰਗਾ ਦੇ ਕਿਨਾਰੇ ਬੈਠ ਗਿਆ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ ਕਿ ਮੁਰਦਾ ਰੁੜ੍ਹਿਆ ਆਉਂਦਾ ਹੈ ਤੇ ਕਿਨਾਰੇ ਲੱਗ ਗਿਆ। ਇਸ ਨੇ ਕਦੇ ਕੱਟਿਆ ਨਹੀਂ ਸੀ, ਕੱਟਣ ਲੱਗਿਆ ਤਾਂ ਆਪਣੀਆਂ ਦੋ ਉਗਲੀਆਂ ਵੱਢ ਲਈਆਂ, ਉਹ ਲਟਕਣ ਲੱਗ ਗਈਆਂ ਤੇ ਖੂਨ ਚੱਲਣ ਲੱਗ ਗਿਆ। ਇਹ ਲੈ ਕੇ ਆ ਗਿਆ ਨਾਲੇ ਰੋਂਦਾ ਹੈ।

ਕਹਿੰਦੇ, "ਤੈਨੂੰ ਕੀ ਹੋ ਗਿਆ?"

ਕਹਿੰਦਾ, "ਮੇਰੀਆਂ ਉਂਗਲੀਆਂ ਦੋ ਵੱਢ ਹੋ ਗਈਆਂ, ਲਟਕ ਰਹੀਆਂ ਹਨ।"

ਕਹਿੰਦੇ, "ਐਥੇ ਲਿਆ।" ਉਨ੍ਹਾਂ ਨੇ ਹੱਥ ਫੇਰ ਦਿੱਤਾ।

ਕਹਿੰਦੇ, "ਕਿਹੜੀਆਂ ਵੱਢ ਹੋਈਆਂ ਨੇ?"

ਕਹਿੰਦਾ, "ਹੁਣ ਤਾਂ ਕੋਈ ਨਹੀਂ, ਜੁੜ ਗਈਆਂ।"

ਕਹਿੰਦੇ, "ਕੱਟ ਇਸ ਨੂੰ ਛੋਟਾ-ਛੋਟਾ।"

ਕਹਿੰਦਾ, "ਮਹਾਰਾਜ ਕੀ ਕਰਨਾ ਹੈ?"

ਕਹਿੰਦੇ, "ਤੁਸੀਂ ਆਏ ਹੋ ਮੇਰੇ ਕੋਲ ਭੁੱਖੇ, ਤੁਹਾਨੂੰ ਖੁਆਉਣਾ ਹੈ। ਤੁਹਾਡੀ ਆਓ ਭਗਤ ਤਾਂ ਕਰਨੀ ਹੈ।"

ਸੁਆਮੀ ਜੀ ਕਹਿੰਦੇ, "ਅਸੀਂ ਤਾਂ ਸ਼ਾਕਾਹਾਰੀ ਹਾਂ ਮਹਾਰਾਜ।"

ਕਹਿੰਦੇ, "ਤੁਹਾਨੂੰ ਮਾਸ ਕੌਣ ਖੁਆਉਂਦਾ ਹੈ?"

ਕਹਿੰਦੇ, "ਉਧਰ ਰਿੱਝੀ ਜਾਂਦਾ ਹੈ ਮਾਸ ਪਰ ਸਾਡੀ ਸਮਝ ਵਿਚ ਨਹੀਂ ਆਉਂਦਾ।"

ਪੰਡਤ ਕਹਿਣ ਲੱਗਿਆ, "ਜੇ ਇਸ ਨੇ ਜਬਰਦਸਤੀ ਮਾਸ ਖੁਆ ਦਿੱਤਾ ਤਾਂ ਮੈਂ ਤਾਂ ਗੰਗਾ ਵਿਚ ਡੁਬ ਕੇ ਮਰ ਜਾਣਾ ਹੈ ਪਿੰਡ ਨਹੀਂ ਜਾਣਾ।"

ਉਸ ਦੇ ਕੋਲ ਗੱਲ ਪਹੁੰਚੀ ਜਾਂਦੀ ਹੈ ਸਾਰੀ ਅੰਦਰ ਹੀ ਅੰਦਰ।

ਏਨੇ ਨੂੰ ਕਹਿਣ ਲੱਗੇ, "ਪੱਤੇ ਲਿਆ ਤੋੜ ਕੇ।"

ਪੱਤੇ ਲਿਆਂਦੇ ਤੇ ਕਹਿੰਦੇ, "ਹੁਣ ਇਸ ਦੇ ਵਿਚੋਂ ਕੱਢ ਕੜਛੀ ਨਾਲ, ਇਕ ਤੇਰਾ ਹਿੱਸਾ, ਇਕ ਸੁਆਮੀ ਦਾ, ਇਕ ਮੇਰਾ।"

ਸੁਆਮੀ ਜੀ ਫੇਰ ਕਹਿਣ ਲੱਗੇ, "sir we are vegetarian." (ਜੀ, ਅਸੀਂ ਸ਼ਾਕਾਹਾਰੀ ਹਾਂ)

ਕਹਿੰਦੇ, "vegetarian! (ਸ਼ਾਕਾਹਾਰੀ) ਮੈਂ ਤੈਨੂੰ ਕੀ ਖੁਆਉਂਦਾ ਹਾਂ?"

ਜਦੋਂ ਉਸ ਦੇ ਵਿਚੋਂ ਕੱਢੇ ਤਾਂ ਰਸਗੁੱਲੇ। ਸੁਆਮੀ ਜੀ ਗਿਣਤੀ ਵਿਚ ਪੈ ਗਏ ਤੇ ਪੰਡਤ ਨੂੰ ਕਹਿਣ ਲੱਗੇ ਕਿ ਸਾਨੂੰ hypnotize (ਜਾਦੂ) ਤਾਂ ਨਹੀਂ ਕੀਤਾ। ਤੂੰ ਰਸਤੇ ਵਿਚ ਆਉਂਦਾ ਕਹਿੰਦਾ ਸੀ ਕਿ ਮੈਂ ਰਸਗੁੱਲੇ ਖਾਣੇ ਨੇ ਉਨ੍ਹਾਂ ਕੋਲ ਜਾ ਕੇ।"

ਉਨ੍ਹਾਂ ਨੇ ਰਸਗੁੱਲੇ ਖਾ ਲਏ ਤੇ ਕਾਫੀ ਸਾਰੇ ਬ੍ਰਾਹਮਣ ਨੂੰ ਦੇ ਦਿੱਤੇ।

ਕਹਿੰਦੇ, "ਜਾਹ! ਪਿੰਡ ਵਿਚ ਵੰਡ ਦੇਈਂ ਜਾ ਕੇ।"

ਸੁਆਮੀ ਜੀ ਰਾਤ ਨੂੰ ਉਥੇ ਠਹਿਰ ਗਏ।

ਸੁਆਮੀ ਜੀ ਕਹਿਣ ਲੱਗੇ, "ਮਹਾਤਮਾ ਜੀ! ਮੈਨੂੰ ਇਕ ਗੱਲ ਦੀ ਹੈਰਾਨੀ ਹੈ ਕਿ ਸਾਡੇ ਸਾਹਮਣੇ ਮਾਸ ਵੱਢਿਆ ਹੈ, ਉਹ ਰਿੰਨਿਆ ਹੈ ਤੇ ਤੁਸੀਂ ਕੱਢ ਰਹੇ ਹੋ ਰਸਗੁੱਲੇ।"

ਉਹ ਕਹਿੰਦੇ, "ਸੁਆਮੀ! ਮੈਨੂੰ 20 ਸਾਲ ਲੱਗੇ ਨੇ ਇਸ ਗੱਲ ਨੂੰ ਕਰਨ ਵਾਸਤੇ। ਮੈਂ D.lit ਹਾਂ Doctor of literature ਤੇ ਮੈਂ 'ਅਥਰਬਣ ਵੇਦ' ਵਿਚ ਪੜ੍ਹਿਆ ਸੀ ਕਿ ਜਿਹੜੇ elements (ਤੱਤ) ਨੇ, basic elements (ਬੁਨਿਆਦੀ ਤੱਤ) matter (ਪਦਾਰਥ) ਦੇ, ਜੇ ਆਹ ਸਾਧਨ ਕਰ ਲਏ ਜਾਣ ਤਾਂ ਜਦੋਂ ਚਾਹੋ ਤਾਂ ਜਿਹੜਾ ਕੁਝ ਬਣਾਉਣਾ ਹੈ ਤਾਂ ਬਣਾ ਲਵੋ।

ਹੁਣ ਤਾਂ ਮੈਂ ਮਾਸ ਜਾਣ ਬੁਝ ਕੇ ਵਢਾਇਆ ਸੀ ਪਰ ਜੇ ਮੈਂ ਤੈਨੂੰ ਕਹਿ ਦਿੰਦਾ ਕਿ ਇਥੋਂ ਰੋੜੇ ਰਿੰਨ੍ਹ ਦੇ ਤਾਂ ਜਿਹੜਾ ਕੁਝ ਕਹਿਣਾ ਸੀ ਉਹ ਬਣ ਜਾਣਾ ਸੀ।

ਸੁਆਮੀ ਜੀ ਉਥੇ ਰਾਤ ਰਹੇ ਤੇ ਉਹ ਸਾਧੂ ਸੁਆਮੀ ਜੀ ਨੂੰ ਕਹਿਣ ਲੱਗਿਆ ਕਿ "ਦੇਖ! ਇਸ ਵੇਲੇ ਭਾਰਤਵਰਸ਼ ਵਿਚ ਅਸੀਂ ਤਿੰਨ ਹਾਂ। ਇਕ ਤਾਂ ਮੈਂ ਇਥੇ ਬੈਠਾ ਹਾਂ, ਇਕ ਆਸਾਮ ਵਿਚ ਹੈ ਤੇ ਇਕ ਤਿੱਬਤ ਦੀ ਸੀਮਾ, ਹਦ ਤੇ ਰਹਿੰਦਾ ਹੈ। ਸਾਡੇ ਤਿੰਨਾਂ ਕੋਲ ਇਹ ਵਿਦਿਆ ਹੈ ਕਿ ਤੁਸੀਂ ਕੁਝ ਵੀ ਅੱਗ ਤੇ ਧਰ ਦਿਓ, ਜਿਹੜੀ ਸਾਡੀ ਮਰਜ਼ੀ ਹੋਏਗੀ ਓਹੀ ਭਾਂਡੇ ਵਿਚੋਂ ਨਿਕਲੇਗਾ, ਹੋਰ ਕੋਈ ਚੀਜ਼ ਨਿਕਲ ਹੀ ਨਹੀਂ ਸਕਦੀ।

ਸੋ ਇਹ ਵਿਦਿਆ ਤੂੰ ਲੈ ਲੈ।"

ਸੁਆਮੀ ਜੀ ਕਹਿਣ ਲੱਗੇ, "ਤੁਸੀਂ ਵੀਹ ਸਾਲ ਲਾਏ ਨੇ, ਮੇਰੇ ਕੋਲ ਤਾਂ ਇੰਨਾ ਸਮਾਂ ਹੀ ਨਹੀਂ ਹੈ 20 ਸਾਲ ਦਾ। ਮੈਂ ਤਾਂ ਇਹ ਵਿਦਿਆ ਨਹੀਂ ਲੈਣੀ।"

ਅਜੇ ਕੱਲ੍ਹ ਦੀਆਂ ਗੱਲਾਂ ਨੇ। ਹੁਣੇ ਸੁਆਮੀ ਜੀ ਨੇ ਸਰੀਰ ਛੱਡਿਆ ਹੈ (ਬ੍ਰਹਮਲੀਨ ਹੋਏ ਨੇ) ਮੈਂ ਕਿਹਾ ਕਿ ਆਹ ਤਾਂ ਸੁਆਮੀ ਜੀ ਨੇ ਸਾਨੂੰ ਬਹੁਤ ਹੀ ਵਧੀਆ ਗੱਲ ਦੱਸ ਦਿੱਤੀ ਕਿ ਓਧਰਲੇ ਪਾਸੇ ਤਾਂ ਹਿਰਨ ਰਿੰਨ੍ਹਿਆ ਹੈ ਤੇ ਇਧਰਲੇ ਪਾਸੇ ਪੰਗਤਾਂ ਲਗਾ ਦਿੱਤੀਆਂ ਤੇ ਬ੍ਰਾਹਮਣ ਡਰਦੇ ਨੇ ਕਿ ਅਸੀਂ ਸੁੱਟ ਦਿਆਂਗੇ ਜੇ ਮਾਸ ਸਾਡੇ ਅੱਗੇ ਆਇਆ। ਆ ਕੀ ਰਿਹਾ ਹੈ? ਖੀਰ ਆ ਰਹੀ ਹੈ ਸਾਰਿਆਂ ਦੇ ਸਾਹਮਣੇ।

ਇਹ ਵਿਦਵਾਨ ਲੋਕ ਕਿੰਤੂ ਕਰਦੇ ਨੇ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਇਹ ਗੱਲਾਂ ਵੀ ਇਸ ਤਰ੍ਹਾਂ ਹੋ ਜਾਇਆ ਕਰਦੀਆਂ ਨੇ।

ਸੋ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਖਾਓ ਮੁਰਦਾ। ਮੁਰਦਾ ਤਾਂ ਹੈ ਹੀ ਨਹੀਂ, ਉਥੇ ਪ੍ਰਸ਼ਾਦ ਪਿਆ ਹੈ। ਉਹ ਚਾਹੇ ਕੁਝ ਬਣਾ ਦਿੰਦੇ। ਐਸੀ ਬਾਤ ਨਹੀਂ ਹੈ। ਇਹ ਸਭ ਵਿਗਿਆਨਕ ਬਾਤਾਂ ਨੇ, ਕੋਈ ਐਸੀਆਂ ਬਾਤਾਂ ਨਹੀਂ ਹਨ।

ਸੋ ਇਸ ਤਰ੍ਹਾਂ ਨਾਲ ਪਰਖ ਦੇ ਵਿਚ ਨੰਬਰ ਕਿੰਨੇ ਲਏ? ਗੁਰੂ ਅੰਗਦ ਸਾਹਿਬ ਨੇ ਤਾਂ ਲੈ ਲਏ 100 ਨੰਬਰ। ਬਾਬਾ ਬੁਢਾ ਜੀ ਨੇ 99.9 ਨੰਬਰ ਲਏ। ਸਿਰਫ 1 ਇਸ਼ਾਰੀਆ ਦਾ ਫਰਕ ਰਹਿ ਗਿਆ। ਕਹਿੰਦੇ, "ਗੁਰੂ ਅੰਗਦ ਸਾਹਿਬ ਨੂੰ ਤਾਂ ਆਪਣਾ ਅੰਗ ਬਣਾ ਲਿਆ। ਬਾਬਾ ਬੁਢਾ ਜੀ ਤੁਸੀਂ ਵੀ ਪਾਸ ਹੀ ਸਮਝੋ ਪਰ ਰੂਹਾਨੀਅਤ ਵਿਚ 100 ਨੰਬਰ ਲੈਣ ਵਾਲਾ ਪਾਸ ਹੋਇਆ ਕਰਦਾ ਹੈ, 99.99 ਵਾਲਾ ਪਾਸਾਂ ਵਿਚ ਨਹੀਂ ਗਿਣਿਆ ਜਾਂਦਾ, ਰਿਆਇਤੀ ਪਾਸ ਹੁੰਦਾ ਹੈ। ਜਾਓ ਟਿੱਕਾ ਤੁਸੀਂ ਲਾਇਆ ਕਰੋਗੇ ਤਾਂ ਗੁਰੂ ਗੱਦੀ ਬੈਠੇਗਾ, ਪ੍ਰਵਾਣ ਹੋਇਆ ਕਰੇਗਾ।"

ਇਸ ਤਰ੍ਹਾਂ ਗੁਰੂ ਪ੍ਰੀਖਿਆ ਲੈਂਦੇ ਨੇ। ਸਾਰੇ ਮਹਾਤਮਾ ਲੈਂਦੇ ਨੇ, ਕਸਵੱਟੀ ਲਾਉਂਦੇ ਨੇ। ਜਦੋਂ ਕਸਵੱਟੀ ਲਗਦੀ ਹੈ,

ਪਾਸ ਕੋਈ ਕੋਈ ਹੀ ਹੁੰਦੇ ਨੇ ਜਿਨ੍ਹਾਂ ਨੇ ਆਪਣਾ ਆਪ ਸਾਰਾ ਹੀ ਗੁਰੂ ਨੂੰ ਅਰਪਨ ਕੀਤਾ ਹੋਵੇ।

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***

***ਪੰਨਾ - 948***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਪੰਨਾ - 1413***

ਉਹ ਤਾਂ ਪਾਸ ਹੋ ਜਾਂਦੇ ਨੇ ਬਾਕੀ ਸਭ ਫੇਲ ਹੋ ਜਾਂਦੇ ਨੇ। ਸਾਰੇ ਮਹਾਤਮਾ ਇਮਤਿਹਾਨ ਲੈਂਦੇ ਨੇ। ਜਦੋਂ ਪੂਰਨ ਪਦ ਵਿਚ ਪਹੁੰਚਾਉਣਾ ਹੈ ਤਾਂ ਪਹਿਲਾਂ ਪ੍ਰੀਖਿਆ ਹੁੰਦੀ ਹੈ। ਰੂਹਾਨੀ ਇਮਤਿਹਾਨ ਬਹੁਤ ਸਖਤ ਹੁੰਦਾ ਹੈ।

ਨਿਜ਼ਾਮੁਦੀਨ ਔਲੀਆ ਦਿੱਲੀ ਵਿਚ ਬਹੁਤ ਵੱਡੇ ਮਹਾਤਮਾ ਹੋਏ ਨੇ। ਬਾਬਾ ਫਰੀਦ ਜੀ ਤੋਂ ਉਨ੍ਹਾਂ ਨੇ ਸ਼ਿਕਸ਼ਾ ਲਈ ਸੀ, ਬਾਬਾ ਫਰੀਦ ਜੀ ਨੇ ਬਖਤਿਆਰ ਕਾਕੀ ਤੋਂ, ਬਖਤਿਆਰ ਕਾਕੀ ਨੇ ਮੋਇਓਨਦੀਨ ਤੋਂ। ਉਹ ਪਹਿਲਾਂ ਈਰਾਨ ਵਿਚ ਰਹਿੰਦੇ ਹੁੰਦੇ ਸੀ। ਇਨ੍ਹਾਂ ਕੋਲ ਇਕ ਬਹੁਤ ਹੀ ਪਿਆਰਾ ਇਨ੍ਹਾਂ ਦਾ ਮੁਰੀਦ ਸੀ ਜਿਸ ਦਾ ਨਾਂ ਅਮੀਰ ਖੁਸਰੋ ਸੀ। ਅਮੀਰ ਖੁਸਰੋ ਦੀਆਂ ਕਵਿਤਾਵਾਂ ਅੱਜ ਤੱਕ ਮਿਲਦੀਆਂ ਨੇ, ਬਹੁਤ ਹੀ ਕਮਾਲ ਦੀਆਂ, ਮਾਰਫਤ ਦੀਆਂ ਨੇ। ਉਹ ਇਨ੍ਹਾਂ ਦੀ ਸੰਗਤ ਕਰਿਆ ਕਰਦਾ ਸੀ। ਰਾਜ ਕਵੀ ਸੀ, ਸੱਤ ਰਾਜਿਆਂ ਦਾ ਉਹ ਰਾਜ ਕਵੀ ਰਿਹਾ। ਬੜੇ ਇਨਾਮ ਉਸ ਨੂੰ ਦਿੱਤੇ, ਜਦੋਂ ਇਹ ਸੇਵਾ ਮੁਕਤ ਹੋਇਆ ਤਾਂ ਆ ਕੇ ਮਹਾਂਪੁਰਸ਼ਾਂ ਨੂੰ ਕਿਹਾ।

ਕਹਿੰਦਾ, "ਔਲੀਆ! ਮੇਰੀ ਸੇਵਾ ਮੁਕਤੀ ਹੋ ਗਈ। ਜੇ ਆਗਿਆ ਦੇਵੋ ਤਾਂ ਮੈਂ ਘਰ ਜਾ ਆਵਾਂ। ਜਿਹੜਾ ਇਨਾਮ ਲੈ ਕੇ ਘਰ ਜਾ ਰਿਹਾ ਹਾਂ, ਉਹ 200 ਊਠਾਂ ਤੇ ਲੱਦਿਆ ਹੈ।

ਕਹਿੰਦੇ, "ਜਾਓ! ਖੁਸ਼ੀਆਂ ਨੇ ਸਾਡੀਆਂ।"

ਉਹ ਬਦਾਯੂੰ ਦੇ ਰਹਿਣ ਵਾਲਾ ਸੀ। ਬਦਾਯੂੰ ਤੋਂ ਇਕ ਗਰੀਬ ਆਦਮੀ ਆ ਗਿਆ। ਆ ਕੇ ਬੇਨਤੀ ਕੀਤੀ ਕਹਿੰਦਾ, ਔਲੀਆ! ਮੇਰੀ ਲੜਕੀ ਦੀ ਸ਼ਾਦੀ ਹੈ, ਜੇ ਤੂੰ ਮੈਨੂੰ ਇਕ ਦਿਨ ਦੀ ਚੜ੍ਹਤ ਦੇ ਦੇਵੇਂ, ਤੇਰੇ ਕੋਲ ਐਨੀ ਚੜ੍ਹਤ ਆਉਂਦੀ ਹੈ ਕਿ ਮੇਰੀ ਲੜਕੀ ਦਾ ਕਾਰਜ ਹੋ ਸਕਦਾ ਹੈ।"

ਕਹਿੰਦੇ, "ਲੈ ਲੈ, ਕੱਲ੍ਹ ਦੀ ਜਿੰਨੀ ਚੜ੍ਹਤ ਆਏਗੀ ਲੈ ਜਾਈਂ। ਨਾਲੇ ਛੁੱਟੀ ਹੈ ਤੇ ਨਾਲੇ ਆਉਣਾ ਬਹੁਤ ਸੰਗਤ ਨੇ ਹੈ।"

ਕੁਦਰਤ ਐਸੀ ਹੋਈ ਕਿ ਕਿਸੇ ਨੇ ਵੀ ਇਕ ਪੈਸਾ ਮੱਥਾ ਨਾ ਟੇਕਿਆ, ਜਿਵੇਂ ਗੁਰੂ ਸਾਹਿਬ ਨੇ ਖੇਡ ਵਰਤਾਇਆ ਸੀ। ਆਹ ਹੁਣ ਦੱਸ ਕੇ ਹਟੇ ਨੇ ਸੰਤ ਕਲਿਆਣ ਦਾਸ ਜੀ ਤੁਹਾਨੂੰ। ਉਹ ਹੈਰਾਨ ਹੋ ਗਿਆ। ਦੂਜੇ ਦਿਨ ਜਾਣਾ ਸੀ।

ਕਹਿਣ ਲੱਗਿਆ, "ਔਲੀਆ! ਤੁਸੀਂ ਜਾਣ ਕੇ ਨਹੀਂ ਆਉਣ ਦਿੱਤੀ ਚੜ੍ਹਤ।"

ਕਹਿੰਦੇ, "ਨਾ ਭਾਈ! ਅਸੀਂ ਤਾਂ ਕੁਝ ਨਹੀਂ ਕਰਿਆ।"

ਕਹਿੰਦਾ, "ਹੁਣ ਮੈਂ ਮੁੜਾਂ ਕਿਵੇਂ?"

ਕਹਿੰਦੇ, "ਮੇਰੇ ਕੋਲ ਜੁੱਤੀ ਹੈ ਆਹ ਵਧੀਆ ਇਹ 8 ਆਨੇ ਜਾਂ 10 ਆਨੇ ਦੀ ਆਈ ਹੈ।"

ਸਿੱਕਾ ਬੜਾ ਮਹਿੰਗਾ ਹੁੰਦਾ ਸੀ ਉਨ੍ਹਾਂ ਦਿਨਾਂ ਦਾ। ਉਸ ਨੇ ਕਿਹਾ ਕਿ ਚਲੋ ਚਲਦੇ ਹਾਂ ਤਾਂ ਜੁੱਤੀ ਹੀ ਲੈ ਚਲਦੇ ਹਾਂ। ਉਹ ਜੁੱਤੀ ਲੈ ਕੇ ਚਲਿਆ ਗਿਆ ਤੇ ਜਾ ਕੇ ਬਰੇਲੀ ਦੇ ਕੋਲ, ਉਹ ਅਮੀਰ ਖੁਸਰੋ ਨਾਲ ਰਲ ਗਿਆ ਤੇ ਕਾਫਲੇ ਵਿਚ ਜਾ ਰਲਿਆ, ਕਾਫਲਾ ਬੜਾ ਵੱਡਾ ਜਾਂਦਾ ਸੀ।

ਜਦੋਂ ਅਮੀਰ ਖੁਸਰੋ ਨੇੜੇ ਆਇਆ ਤਾਂ ਗੱਲਾਂ ਕਰਨ ਲੱਗ ਪਿਆ।

ਕਹਿੰਦਾ, "ਔਲੀਆ ਬੜਾ ਸ਼ੈਤਾਨ ਹੈ, ਦਿੱਲੀ ਵਾਲਾ।"

ਐਨੀ ਗੱਲ ਜਦੋਂ ਕਹੀ ਉਸ ਦੇ ਤਾਂ ਤਨ ਮਨ ਨੂੰ ਲੱਗ ਗਈ।

ਉਹ ਕਹਿੰਦਾ, "ਹੈਂ! ਇਹ ਤੂੰ ਗੱਲ ਕਿਵੇਂ ਕਹਿ ਦਿੱਤੀ?"

ਉਹ ਕਹਿੰਦਾ, "ਮੇਰੀ ਗੱਲ ਸੁਣ ਲੈ ਪਹਿਲਾਂ, ਮੈਂ ਇਸ ਤਰ੍ਹਾਂ ਭਾਵਨਾ ਧਾਰ ਕੇ ਗਿਆ ਸੀ ਤੇ ਮੈਨੂੰ ਆਹ ਜੁਤੀ ਦੇ ਦਿੱਤੀ, ਟਾਲ ਦਿੱਤਾ। ਚੜ੍ਹਤ ਹੀ ਨਹੀਂ ਚੜ੍ਹਨ ਦਿੱਤੀ।"

ਕਹਿੰਦਾ, "ਦੇਹ ਤਾਂ ਜੁਤੀ।"

ਜੋੜਾ ਲੈ ਲਿਆ ਸਿਰ ਤੇ ਰੱਖ ਲਿਆ, ਅੱਖਾਂ ਨਾਲ ਲਾ ਰਿਹਾ ਹੈ, ਚੁੰਮ ਰਿਹਾ ਹੈ, ਛਾਤੀ ਨਾਲ ਲਾ ਰਿਹਾ ਹੈ।

ਕਹਿੰਦਾ, "ਇਹ ਨੂੰ ਮੁੱਲ ਵੇਚਣਾ ਹੈ?"

ਕਹਿੰਦਾ, "ਇਸ ਦਾ ਕੀ ਮਿਲੇਗਾ?"

ਕਹਿੰਦਾ, "ਕਹੇ ਤਾਂ ਮੈਂ ਮੁੱਲ ਪਾ ਦਿਆਂ?"

ਕਹਿੰਦਾ, "ਚੰਗਾ ਤੂੰ ਹੀ ਪਾ ਦੇਹ।"

ਖੁਸਰੋ ਕਹਿੰਦਾ, "ਨੌਂ ਬਾਦਸ਼ਾਹਾਂ ਦੇ ਇਨਾਮ, ਸੋਨੇ ਦੇ ਬਰਤਨ, ਚਾਂਦੀ ਦੇ ਬਰਤਨ, 200 ਊਠ ਭਰਿਆ ਹੋਇਆ ਜਾ ਰਿਹਾ ਹੈ। ਇਹ ਇਸ ਜੋੜੇ ਦਾ ਪੂਰਾ ਮੁੱਲ ਨਹੀਂ ਹੈ। ਮੇਰੇ ਤੇ ਤਰਸ ਕਰਕੇ ਇਹ ਜੋੜਾ ਮੈਨੂੰ ਦੇ ਦੇਹ ਤੇ ਆਹ ਸਾਰਾ ਸਮਾਨ ਸਾਂਭ ਲੈ।"

ਗੁਰੂ ਦੇ ਜੋੜੇ ਦਾ ਕੋਈ ਮੁੱਲ ਹੁੰਦਾ ਹੈ? ਸਾਧ ਸੰਗਤ

ਜੀ! ਗੁਰੂ ਦਾ ਤਾਂ ਕੁਝ ਵੀ ਹੋਵੇ, ਇਕ ਰੋਮ ਵੀ ਹੋਵੇ ਦੋ ਜਹਾਨ ਵੀ ਉਸ ਦਾ ਮੁੱਲ ਨਹੀਂ ਪਾ ਸਕਿਆ ਕਰਦੇ। ਕਿੱਡੀ ਵੱਡੀ ਕੀਮਤ ਹੁੰਦੀ ਹੈ। ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ, ਦੋ ਸਾਲੇ ਜੰਗ ਵਿਚ, 300 ਮੁਰੀਦ ਸ਼ਹੀਦ ਹੋ ਗਿਆ। ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ, "ਬੁੱਧੂ ਸ਼ਾਹ! ਤੇਰੇ ਮੁਰੀਦ ਵੀ ਮਾਰੇ ਗਏ, ਪੁੱਤਰ ਵੀ ਤੇ ਸਾਲੇ ਵੀ। ਤੂੰ ਦੱਸ ਅਸੀਂ ਤੈਨੂੰ ਕੀ ਦੇਈਏ? ਮਹਾਰਾਜ ਜੀ ਉਸ ਵੇਲੇ ਕੰਘਾ ਕਰ ਰਹੇ ਸੀ।

ਕਹਿੰਦੇ, "ਪਾਤਸ਼ਾਹ! ਜੇ ਤੂੰ ਮੇਰੇ ਤੇ ਅਤੀ ਪ੍ਰਸੰਨ ਹੈਂ ਤਾਂ ਮੇਰੀ ਬੇਨਤੀ ਨਾ ਮੋੜੀਂ, ਮੈਨੂੰ ਇਹ ਕੰਘਾ ਸਮੇਤ ਕੇਸਾਂ ਦੇ ਦਿਓ।"

ਮਹਾਰਾਜ ਬੜੇ ਹੀ ਪ੍ਰਸੰਨ ਹੋਏ ਉਸ ਦੀ ਭਾਵਨਾ ਦੇਖ ਕੇ। ਉਹ ਕੇਸ ਕਿਤੇ ਐਵੇਂ ਮੁਰਦਾ ਕੇਸ ਤਾਂ ਨਹੀਂ ਸੀ। ਉਨ੍ਹਾਂ ਕੇਸਾਂ ਦਾ ਕਿੰਨਾ ਮੁੱਲ ਸੀ ਕੋਈ ਦੁਨੀਆਂ ਦਾ ਦੱਸ ਨਹੀਂ ਸਕਦਾ ਤੇ ਇਸੇ ਤਰ੍ਹਾਂ ਦੇ ਨਾਲ ਉਸ ਜੋੜੇ ਦਾ ਕੀ ਮੁੱਲ ਸੀ?

ਉਹ ਜੋੜਾ ਦੇ ਦਿੱਤਾ, ਵਾਪਸ ਔਲੀਆ ਵੱਲ ਨੂੰ ਆ ਗਿਆ।

ਔਲੀਆ ਕਹਿਣ ਲੱਗੇ, "ਕੀ ਗੱਲ ਖੁਸਰੋ ਜਲਦੀ ਆ ਗਿਆ?"

ਕਹਿੰਦਾ, "ਮਹਾਰਾਜ! ਤੁਸੀਂ ਆਹ ਜੋੜਾ ਭੇਜ ਕੇ ਮੰਗਾ ਲਿਆ ਮੈਨੂੰ। ਮੈਂ ਭੁੱਲ ਗਿਆ ਸੀ, ਮੈਂ ਮਾਇਆ ਦੇ ਅਸਰ ਵਿਚ ਆ ਗਿਆ ਸੀ। ਮਾਇਆ ਦੇ ਅਸਰ ਹੇਠ ਆ ਕੇ ਮੈਂ ਤੈਨੂੰ ਪਿੱਠ ਦੇ ਕੇ ਚਲਿਆ ਗਿਆ। ਤੂੰ ਮੇਰੇ ਤੇ ਬਹੁਤ ਕਿਰਪਾ ਕਰੀ। ਜੋੜਾ ਨਿਸ਼ਾਨੀ ਵਜੋਂ ਦੇ ਕੇ ਤੂੰ ਮੈਨੂੰ ਵਾਪਸ ਬੁਲਾ ਲਿਆ।"

ਉਸ ਵੇਲੇ ਕੋਲ ਰਹਿਣ ਲੱਗ ਪਿਆ। ਔਲੀਆ ਨੇ ਸਰੀਰ ਛੱਡਣਾ ਸੀ। ਉਨ੍ਹਾਂ ਨੇ ਇਨ੍ਹਾਂ ਵਿਚੋਂ ਦੇਖਣਾ ਸੀ, 32 ਮੁਰੀਦ ਸੀ ਜਿਹੜੇ ਇਕ ਤੋਂ ਇਕ ਵੱਧ ਕਹਿੰਦੇ ਸੀ ਮੈਂ ਹਾਂ ਵਾਰਸ, ਉਹ ਕਹਿੰਦਾ ਮੈਂ ਹਾਂ। ਬਾਕੀ ਲੋਕਾਂ ਨੂੰ ਕੋਈ ਪਤਾ ਨਹੀਂ ਸੀ ਲਗਦਾ। ਉਸ ਵੇਲੇ ਕਹਿਣ ਲੱਗੇ, 'ਅੱਜ ਸ਼ਹਿਰ ਚੱਲਣਾ ਹੈ।"

ਸਾਰੀ ਜ਼ਿੰਦਗੀ ਸ਼ਹਿਰ ਨਹੀਂ ਸੀ ਆਏ ਨਿਜ਼ਾਮੁਦੀਨ ਔਲੀਆ, ਨਾ ਬਾਦਸ਼ਾਹ ਨੂੰ ਮਿਲਿਆ ਸੀ। ਬੜਾ ਜੋਰ ਲਾਇਆ ਬਾਦਸ਼ਾਹਾਂ ਨੇ। ਸੱਤ ਬਾਦਸ਼ਾਹੀਆਂ ਲੰਘੀਆਂ, ਆਉਣ ਹੀ ਨਹੀਂ ਦਿੱਤੇ। ਕਹਿੰਦਾ, "ਬਾਦਸ਼ਾਹ ਨਾ ਮੇਰੇ ਕੋਲ ਆਵੇ ਕੋਈ ਵੀ, ਮੈਂ ਬਾਦਸ਼ਾਹ ਨੂੰ ਨਹੀਂ ਮਿਲਣਾ।"

ਉਸ ਦਿਨ ਆਪੇ ਹੀ ਕਹਿ ਦਿੱਤਾ ਕਿ ਸ਼ਹਿਰ ਜਾਣਾ ਹੈ। ਅੱਗੇ ਗਿਆ ਤਾਂ ਜਿਥੇ ਅਧਰਮ ਦਾ ਬਾਜ਼ਾਰ ਆ ਗਿਆ, ਅਧਰਮਪੁਰਾ ਕਹਿੰਦੇ ਨੇ। ਪਾਪ ਦਾ ਬਾਜ਼ਾਰ। ਜਿਥੇ ਵੇਸਵਾਵਾਂ ਬੈਠੀਆਂ ਸੀ, ਉਧਰ ਨੂੰ ਵੜ ਗਏ।

ਕਹਿਣ ਲੱਗੇ, "ਔਲੀਆ! ਆਹ ਤਾਂ ਵੇਸਵਾਵਾਂ ਦਾ ਬਾਜ਼ਾਰ ਹੈ।"

ਕਹਿੰਦੇ, "ਆਪਾਂ ਏਹੀ ਦੇਖਣਾ ਹੈ ਅੱਜ।"

ਕਈਆਂ ਦੇ ਮਨਾਂ ਵਿਚ ਸ਼ੰਕਾ ਹੋ ਗਿਆ ਕਿ ਇਹ ਉਥੇ ਹੀ ਔਲੀਆ ਸੀ ਇਥੇ ਆ ਕੇ ਐਵੇਂ ਹੀ ਡੋਲ ਗਿਆ। ਇਕ ਬਹੁਤ ਹੀ ਸੁੰਦਰ ਵੇਸਵਾ ਮਕਾਨ ਦੀਆਂ ਪੌੜੀਆਂ ਤੇ ਚੜ੍ਹ ਗਿਆ ਤੇ ਉਪਰ ਚਲਿਆ ਗਿਆ, ਹੇਠਾਂ ਖੜ੍ਹੇ ਨੇ ਸਾਰੇ ਮੁਰੀਦ। ਉਹ ਵੀ ਹੈਰਾਨ ਹੋ ਗਈ ਕਿ ਔਲੀਆ ਮੇਰੇ ਕੋਲ? ਮੇਰੇ ਦਰ ਤੇ?

ਔਲੀਆ ਨੇ ਐਸੀ ਦ੍ਰਿਸ਼ਟੀ ਕਰੀ ਕਿ ਉਸ ਦੀਆਂ ਸਾਰੀਆਂ ਮੰਦ ਵਾਸਨਾਵਾਂ ਖਤਮ ਕਰ ਦਿੱਤੀਆਂ ਤੇ ਉਸ ਨੇ ਚਰਨ ਫੜ ਲਏ, ਪਵਿੱਤਰ, ਸ਼ੁਧ ਕਰ ਦਿੱਤੀ।

ਕਹਿੰਦੀ, "ਮਹਾਰਾਜ! ਅੰਦਰ ਆਓ।"

ਕਹਿੰਦੇ, "ਬੀਬਾ! ਤੇਰੇ ਤੱਕ ਅੱਜ ਮੈਨੂੰ ਇਕ ਕੰਮ ਹੈ, ਇਹ ਤੂੰ ਤਕੜੀ ਹੋ ਕੇ ਕਰਨਾ ਹੈ।"

ਕਹਿਣ ਲੱਗੀ, " ਦੱਸੋ?"

ਕਹਿੰਦੇ, "ਮੈਂ ਆਪਣੇ ਮੁਰੀਦਾਂ ਦਾ ਇਮਤਿਹਾਨ ਲੈ ਰਿਹਾ ਹਾਂ। ਤੂੰ ਕੋਈ ਐਸੇ ਹਾਵ ਭਾਵ ਕਰ ਜਿਸ ਦੇ ਨਾਲ ਇਹ ਸਾਰੇ ਭੱਜ ਜਾਣ ਤੇ ਇਕ ਨਾ ਰਹੇ ਇਥੇ।"

ਅੰਦਰ ਲੈ ਗਏ ਔਲੀਆ ਨੂੰ ਤੇ ਨੌਕਰ ਉਸ ਦੇ ਬਹੁਤ ਸੀ।

ਉਹ ਹਰ ਵਾਰੀ ਕਹਿੰਦੇ ਨੇ, "ਮਾਲਕ! ਕਿਹੜੀ ਸ਼ਰਾਬ ਲਿਆਈਏ।"

ਉਹ ਨਵੇਂ ਤੋਂ ਨਵਾਂ ਨਾ ਲੈਂਦੀ ਹੈ, "ਫਲਾਣੀ ਲਿਆਓ, ਉਨ੍ਹਾਂ ਨੇ ਇਹ ਨਹੀਂ ਪੀਣੀ ਆਹ ਪੀਣੀ ਹੈ। ਕਬਾਬ ਲੈ ਕੇ ਆਓ, ਅੱਜ ਇਥੇ ਰਹਿਣਗੇ ਸਾਡੇ ਕੋਲ।"

ਮੁਰੀਦ ਡੋਲਣ ਲੱਗ ਗਏ, ਰਾਤ ਪੈ ਗਈ। ਅੱਧੀ ਰਾਤ ਨੂੰ 16 ਨੱਠ ਗਏ ਕਿ ਇਹ ਕਾਹਦਾ ਔਲੀਆ ਹੈ, ਫੇਰ ਜੋ ਵੇਸਵਾ ਦੇ ਹੀ ਆ ਕੇ ਬੈਠ ਗਿਆ। 4 ਵਜੇ 2 ਰਹਿ ਗਏ ਬਾਕੀ ਸਾਰੇ ਨੱਠ ਗਏ। ਖਬਰ ਮਿਲ ਗਈ।

ਕਹਿੰਦੀ, "ਮਹਾਰਾਜ! 30 ਤਾਂ ਨੱਠ ਗਏ 2 ਰਹਿ ਗਏ।"

ਕਹਿੰਦੇ, "ਇਨ੍ਹਾਂ ਨੂੰ ਵੀ ਨਠਾਓ। ਜੇ ਨਹੀਂ ਨਠਦੇ ਤਾਂ ਡੰਡੇ ਮਾਰ-ਮਾਰ ਨਠਾਓ।"

ਜਦੋਂ ਡੰਡੇ ਮਾਰਨ ਲੱਗੇ ਤਾਂ ਇਕ ਨੱਠ ਗਿਆ ਕਹਿੰਦਾ, "ਚੱਲ ਓ ਖੁਸਰੋ! ਇਥੇ ਕੀ ਬਣਨਾ ਹੈ?"

ਉਸ ਵੇਲੇ ਖੁਸਰੋ ਨਹੀਂ ਜਾਂਦਾ।

ਕਹਿੰਦੇ, "ਘੜੀਸ ਕੇ ਸੁੱਟ ਆਓ ਬਜ਼ਾਰ ਤੋਂ ਬਾਹਰ ।"

ਘੜੀਸ ਕੇ ਸੁੱਟ ਆਉਂਦੇ ਨੇ ਬਾਹਰ ਜਿਵੇਂ ਕੁੱਤਾ

ਘੜੀਸਦਾ ਹੁੰਦਾ ਹੈ। ਜ਼ਖਮ ਹੋ ਗਏ, ਕੱਪੜੇ ਪਾਟ ਗਏ। ਉਹ ਸੁੱਟ ਆਉਂਦੇ ਨੇ, ਉਹ ਫੇਰ ਆ ਜਾਂਦਾ ਹੈ। ਉਨ੍ਹਾਂ ਨੇ 4-5 ਵਾਰੀ ਇਸੇ ਤਰ੍ਹਾਂ ਕਰਿਆ।

ਅਖੀਰ ਉਹ ਜਾ ਕੇ ਕਹਿਣ ਲੱਗੇ, "ਔਲੀਆ! ਬਾਕੀ ਤਾਂ ਸਾਰੇ ਨੱਠ ਗਏ, ਇਕ ਨਹੀਂ ਜਾਂਦਾ।"

ਉਸ ਵੇਲੇ ਔਲੀਆ ਬਾਹਰ ਆ ਗਏ।

ਕੜਕ ਕੇ ਬੋਲੇ ਕਹਿੰਦੇ, "ਓਹ ਖੁਸਰੋ! ਜਿਥੇ 31 ਦੌੜ ਗਏ ਤੂੰ ਕਿਉਂ ਨਹੀਂ ਜਾਂਦਾ?"

ਉਸ ਵੇਲੇ ਉਸ ਨੇ ਅਧੀਨਗੀ ਨਾਲ ਬੇਨਤੀ ਕੀਤੀ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਕੋਈ ਕਿਸੇ ਦਾ ਕਿਸੇ ਦਾ ਹੈ ਕੋਈ,***
***ਮੇਰਾ ਤੂੰ ਹੈਂ ਇਕੋ ਮਾਲਕਾ -2, 2.***
***ਮੇਰਾ ਤੂੰ ਹੈ ਜੀ ਇਕੋ ਮਾਲਕਾ -2, 2.***
***ਕੋਈ ਕਿਸੇ ਦਾ ਕਿਸੇ ਦਾ ਹੈ ਕੋਈ,... -2.***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***
***(ਚੌਪਈ ਸਾਹਿਬ)***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***
***ਪੰਨਾ - 791***

ਕਹਿਣ ਲੱਗਿਆ, "ਔਲੀਆ! ਜਿਨ੍ਹਾਂ ਦੇ ਸੰਸਾਰ ਵਿਚ ਥਾਂ ਸੀ ਉਹ ਸਭ ਚਲੇ ਗਏ। ਮੇਰਾ ਤਾਂ ਤੇਰੇ ਚਰਨਾਂ ਤੋਂ ਅੱਗੇ ਹੋਰ ਥਾਂ ਹੀ ਕੋਈ ਨਹੀਂ ਹੈ। ਜੇ ਤੂੰ ਇਥੇ ਰਹਿਣਾ ਹੈ ਤਾਂ ਇਥੇ ਵੀ ਮੈਂ ਖੁਸ਼ ਹਾਂ। ਜੇ ਅੰਦਰ ਨਹੀਂ ਵੜਨ ਦੇਣਾ ਤਾਂ ਮੈਂ ਕੁੱਤੇ ਵਾਂਗ ਇਸ ਦਰਵਾਜੇ ਦੇ ਬਾਹਰ ਬੈਠਿਆ ਰਹਾਂਗਾ, ਮਾਰਨ, ਕੁੱਟਣ ਜੋ ਕਰਨਾ ਹੈ ਕਰਨ। ਮੈਂ ਤੇਰੇ ਬਗੈਰ ਨਹੀਂ ਜੀਉਂਦਾ ਰਹਿ ਸਕਦਾ।"

ਉਸ ਵੇਲੇ ਉਤਰ ਕੇ ਬੁਕਲ ਵਿਚ ਲੈ ਲਿਆ। ਬ੍ਰਹਮ ਗਿਆਨ ਦੀ ਦਾਤ ਦੇ ਦਿੱਤੀ, ਸ਼ਕਤੀਆਂ ਦਾ ਭੰਡਾਰਾ ਬਖਸ਼ ਦਿੱਤਾ।

ਕਹਿੰਦੇ,"ਖੁਸਰੋ! ਇਕ ਪਾਸ ਹੋਇਆ ਹੈ ਕਸਵੱਟੀ ਵਿਚੋਂ।"

ਕਸਵੱਟੀ ਕੋਈ ਸੁਖਾਲੀ ਚੀਜ਼ ਨਹੀਂ ਹੁੰਦੀ ਸਾਧ ਸੰਗਤ ਜੀ!

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਪੰਨਾ - 948***

ਸਿਰ ਦੇ ਉਤੇ ਜਿਸ ਨੇ ਬਾਜ਼ੀ ਲਾਈ ਹੋਈ ਹੈ ਉਹ ਕਸਵੱਟੀ ਸਹਿੰਦਾ ਹੈ, ਦੂਜਾ ਨਹੀਂ।

ਭਾਈ ਮੰਝ ਨੇ ਸਹੀ, ਹੋਰ ਬਹੁਤ ਗੁਰਸਿਖਾਂ ਨੇ ਸਹੀ। ਉਹ ਪੂਰੇ ਹੋ ਗਏ ਤੇ ਅੱਜ ਗੁਰੂ ਦਸਮੇਸ਼ ਪਿਤਾ ਨੇ ਕਸਵੱਟੀ ਲਾ ਦਿੱਤੀ ਦੀਵਾਨ ਲੱਗਿਆ ਹੋਇਆ ਹੈ ਤੇ ਇਕ ਦਮ ਉਠ ਕੇ ਖੜ੍ਹੇ ਹੋ ਗਏ, ਥੋੜ੍ਹੇ ਬਚਨ ਕੀਤੇ।

ਤੇ ਉਸ ਤੋਂ ਬਾਅਦ ਕਹਿਣ ਲੱਗੇ, "ਖਾਲਸਾ ਜੀ! ਅੱਜ ਸਾਨੂੰ ਬੜੀ ਜਰੂਰਤ ਪੈ ਗਈ ਇਕ ਸੀਸ ਦੀ, ਸਾਨੂੰ ਕੁਝ ਸੀਸਾਂ ਦੀ ਲੋੜ ਹੈ ਤੇ ਸਾਨੂੰ ਕੋਈ ਗੁਰਸਿਖ ਸੀਸ ਦੇਵੇ।"

ਉਸੇ ਵੇਲੇ ਸੁਣਦੀਸਾਰ ਭਾਈ ਦਇਆ ਸਿੰਘ ਜੀ ਇਕ ਸਕਿੰਟ ਵੀ ਜਾਇਆ ਨਾ ਕੀਤਾ ਕਿ ਮੈਥੋਂ ਪਹਿਲਾਂ ਕਿਤੇ ਕੋਈ ਹੋਰ ਨਾ ਚਲਿਆ ਜਾਵੇ ਗੁਰੂ ਮਹਾਰਾਜ ਦੇ ਕੋਲ ਚਲੇ ਗਏ।

ਇਥੇ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਇਤਿਹਾਸਕਾਰਾਂ ਦਾ ਗੁਰੂ ਤੇ ਨਿਸ਼ਚਾ ਹੀ ਨਹੀਂ ਹੈ। ਸਾਡੇ ਪ੍ਰਚਾਰਕ ਵੀ ਬੜੀਆਂ ਅਜੀਬ ਬਾਤਾਂ ਸੁਣਾਉਂਦੇ ਨੇ ਤੇ ਅਸਲੀਅਤ ਇਹ ਹੈ ਕਿ ਗੁਰੂ ਮਹਾਰਾਜ ਨੇ ਸਾਰਿਆਂ ਦੇ ਸਾਹਮਣੇ ਭਾਈ ਦਇਆ ਸਿੰਘ ਜੀ ਦਾ ਸੀਸ ਲਾਹ ਦਿੱਤਾ। ਸੀਸ ਲਾਹੁਣ ਦੀ ਦੇਰ ਸੀ ਕੰਬਣੀ ਛਿੜ ਗਈ ਜਿਹੜੇ ਕਮਜ਼ੋਰ ਬੰਦੇ ਸੀ ਉਨ੍ਹਾਂ ਦੇ ਅੰਦਰ। ਜਿਨ੍ਹਾਂ ਦੇ ਮਨ ਵਿਚ ਭਰੋਸਾ ਸੀ, ਚਾਓ ਸੀ ਉਹ ਇਕ ਤੋਂ ਇਕ ਅੱਗੇ ਹੋਣਾ ਚਾਹੁੰਦੇ ਸੀ ਕਿ ਗੁਰੂ ਸਾਹਿਬ ਫੇਰ ਸੀਸ ਮੰਗਣ। ਦੁਬਾਰਾ ਮੰਗਿਆ ਤਾਂ ਧਰਮ ਸਿੰਘ ਚਲੇ ਗਏ। ਇਸੇ ਤਰ੍ਹਾਂ ਪੰਜ ਮੰਗੇ, ਇੰਤਜ਼ਾਰ ਵਿਚ ਹੀ ਸੀ। ਭਾਈ ਹਿੰਮਤ ਸਿੰਘ ਜੀ ਬੜੀ ਛੋਟੀ ਉਮਰ ਦੇ ਸੀ 22 ਕੁ ਸਾਲ ਸੀ। ਸਮਾਨ ਉਨ੍ਹਾਂ ਕੋਲ ਸੀ ਘਰਵਾਲੀ ਨੇੜੇ ਹੀ ਬੈਠੀ ਸੀ। ਜਦੋਂ ਦੋ ਸੀਸ ਮੰਗ ਲਏ ਤਾਂ ਸਮਾਨ ਦੇਣ ਚਲੇ ਗਏ। ਕਹਿੰਦੇ ਆਹ ਸਮਾਨ ਸਾਂਭੀ ਮੈਂ ਤਾਂ ਗੁਰੂ ਨੂੰ ਸੀਸ ਦੇਣ ਚਲਿਆ ਹਾਂ। ਆਵਾਜ਼ ਆਉਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਮੈਨੂੰ ਇਕ ਸੀਸ ਦੀ ਲੋੜ ਹੈ, ਕਹਿੰਦੇ ਮੈਨੂੰ ਸੀਸਾਂ ਦੀ ਲੋੜ ਹੈ। ਗੁਰੂ ਦੇ ਲੇਖੇ ਜੇ ਸਾਡਾ ਜੀਵਨ ਲੱਗ ਜਾਵੇ ਤਾਂ ਕਿੰਨਾ ਸਫਲਾ ਹੈ-

***ਤਨ ਗੰਦਗੀ ਦੀ ਕੋਠੜੀ ਹਰਿ ਹੀਰਿਆਂ ਦੀ ਖਾਣ॥***
***ਸਿਰ ਦੀਤਿਆਂ ਜੇ ਹਰਿ ਮਿਲੇ ਤਾ ਵੀ ਸਸਤਾ ਜਾਣ॥***

ਸੀਸ ਕੀ ਮਾਇਨੇ ਰਖਦਾ ਹੈ? ਵਾਰੀ-ਵਾਰੀ ਪੰਜ ਸੀਸ ਲੈ ਲਏ। ਸੀਸ ਵੀ ਪਏ ਨੇ ਧੜ ਵੀ ਪਏ ਨੇ। ਇਕ ਉਸ ਵੇਲੇ ਜਸੂਸ ਔਰੰਗਜੇਬ ਦਾ ਅਬੁਲ ਤਰਾਨੀ ਜਿਸ ਦਾ ਨਾਂ ਸੀ। ਉਹ ਇਕ ਖਾਸ ਰਾਤਨੀਤਿਕ ਆਦੇਸ਼ ਦੇ ਕੇ ਭੇਜਿਆ ਸੀ ਕਿ ਗੁਰੂ ਨੇ ਕੋਈ ਕੌਤਕ ਕਰਨਾ ਹੈ ਸਾਰੀ ਖਬਰ ਸਾਨੂੰ ਦੇਵੀਂ। ਉਹ ਉਠਿਆ ਨਾ, ਬਾਕੀ ਕਮਜ਼ੋਰ ਜਿਹੜੇ ਨਵੇਂ-ਨਵੇਂ ਆਏ ਸੀ ਉਹ ਇਧਰ ਉਧਰ ਹੋ ਗਏ। ਉਹ ਕਹਿੰਦਾ ਹੈ ਕਿ ਮੈਨੂੰ ਡਰ ਲਗਦਾ ਸੀ ਜੇ ਗੁਰੂ ਸਾਹਿਬ ਥੱਲ੍ਹੇ ਆ ਗਏ, ਏਵੇਂ ਜਿਵੇਂ ਕਿਤੇ ਮੈਂ ਵੀ ਨਾ ਵੱਢਿਆ ਜਾਵਾਂ, ਪਰ ਮੈਂ ਕਾਫੀ ਪਿਛੇ ਬੈਠਾ ਸੀ। ਉਸ ਵੇਲੇ ਉਸ ਨੇ ਲਿਖਿਆ

ਇਹ ਰਾਮਗੜ੍ਹੀਆ ਇਤਿਹਾਸ ਵਿਚ ਆਉਂਦੀ ਹੈ ਕਿ ਮੈਂ ਦੇਖਦਾ ਸੀ ਕਿ ਗੁਰੂ ਨੇ ਸੀਸ ਚੁੱਕ ਕੇ ਜੋੜ ਦਿੱਤੇ। ਮੈਨੂੰ ਇਹ ਨਹੀਂ ਪਤਾ ਇਕ ਦੇ ਧੜ ਨਾਲ ਉਸ ਦਾ ਹੀ ਸੀਸ ਲੱਗਿਆ ਜਾਂ ਦੂਜਿਆਂ ਦਾ। ਕਹਿੰਦਾ ਜਿਸ ਦੇ ਉਤੇ ਛਿੱਟਾ ਮਾਰਨ ਉਠ ਕੇ ਖੜ੍ਹਾ ਹੋ ਜਾਵੇ। ਕਹਿੰਦਾ, ਪਹਿਲਾਂ ਤਾਂ ਸਾਰੇ ਡਰਦੇ ਸੀ ਕਿ ਇਹ ਨਵੀਂ ਰੀਤ ਚਲਾ ਰਿਹਾ ਹੈ, ਕੋਈ ਗੁਰੂ ਬੱਚਾ ਹੈ। ਜਿਹੜੇ ਵੱਡੇ ਵੱਡੇ ਮਸੰਦ ਸੀ ਉਹ ਮਾਤਾ ਜੀ ਕੋਲ ਨੂੰ ਜਾਂਦੇ ਸੀ ਭੱਜੇ ਕਿ ਗੁਰੂ ਸਾਹਿਬ ਨੂੰ ਫੜ ਲਈਏ, ਇਹ ਤਾਂ ਕੋਈ ਦੇਵੀ ਚੜ੍ਹ ਗਈ। ਬੜਾ ਕੁਝ ਲਿਖਿਆ ਹੈ ਇਹੋ ਜਿਹੀਆਂ ਊਟ ਪਟਾਂਗ ਗੱਲਾਂ ਲਿਖੀਆਂ ਨੇ।

ਹੁਣ ਇਸ ਦੇ ਵਿਚ ਜਿਹੜੀ ਮੈਂ ਗੱਲ ਕਹਿਣੀ ਹੈ ਉਹ ਇਹ ਹੈ ਕਿ ਜੋ ਵਿਦਵਾਨ ਲਿਖਦੇ ਨੇ ਕਿ ਗੁਰੂ ਸਾਹਿਬ ਨੇ ਬੱਕਰੇ ਬੰਨੇ ਹੋਏ ਸੀ ਤੰਬੂ ਦੇ ਅੰਦਰ। ਉਹ ਨਾ ਉਨ੍ਹਾਂ ਨੇ ਦੇਖੇ ਨੇ ਨਾਂ ਅਸੀਂ ਦੇਖੇ ਨੇ ਪਰ ਸਾਡੇ ਮਨ ਵਿਚ ਜਿਹੜੀ ਗੁਰੂ ਮਹਾਰਾਜ ਦੀ ਸ਼ਰਧਾ ਹੈ ਨਾਂ। ਜੋ ਕੁਝ ਉਨ੍ਹਾਂ ਦਾ ਜੀਵਨ ਸੀ ਉਸ ਦੇ ਚਾਨਣ ਵਿਚ ਬਾਤ ਕਰਦੇ ਹਾਂ।

***ਸਤਿਗੁਰ ਮੇਰਾ ਮਾਰਿ ਜੀਵਾਲੇ॥ ਪੰਨਾ - 1142***

ਗੁਰੂ ਵਾਸਤੇ ਮਾਰ ਕੇ ਜੀਉਂਦਾ ਕਰ ਦੇਣਾ ਮਾਮੂਲੀ ਗੱਲਾਂ ਹੁੰਦੀਆਂ ਨੇ। ਗੁਰੂ ਦੇ ਸਿੱਖਾਂ ਦੀਆਂ ਮੈਂ ਦਸਦਾ ਹਾਂ।

ਨਾਮਦੇਵ ਜੀ ਜਮਨਾ ਦੇ ਕੰਢੇ ਤੇ ਬੈਠੇ ਨੇ। ਬ੍ਰਾਹਮਣ ਦਾ ਬੱਚਾ ਮਰਿਆ ਹੋਇਆ ਅਰਥੀ ਤੇ ਜਾ ਰਿਹਾ ਹੈ ਘਰਵਾਲੀ ਸਤੀ ਹੋਣ ਜਾ ਰਹੀ ਹੈ ਤੇ ਉਸ ਨੇ ਆ ਕੇ ਨਾਮਦੇਵ ਜੀ ਨੂੰ ਸੀਸ ਨਿਵਾਇਆ। ਉਨ੍ਹਾਂ ਨੇ ਕਹਿ ਦਿੱਤਾ, "ਸੁਹਾਗ ਮਾਣ।"

ਬੜੀ ਹੁਸ਼ਿਆਰ ਸੀ, ਇਕ ਦਮ ਆਵਾਜ਼ ਦੇ ਕੇ ਅਰਥੀ ਮੰਗਾ ਲਈ।

ਕਹਿਣ ਲੱਗੀ, "ਮਹਾਰਜ! ਮੇਰਾ ਸੁਹਾਗ ਤਾਂ ਆਹ ਹੈ। ਹੁਣ ਤੁਹਾਡਾ ਸੰਤਾਂ ਦਾ ਬਚਨ ਹੋ ਗਿਆ ਤੇ ਹੁਣ ਤਾਂ ਮੈਂ ਸੁਹਾਗ ਮਾਨਣਾ ਹੀ ਹੈ। ਸੰਤਾਂ ਦਾ ਬਚਨ ਕਦੇ ਵੀ ਬਿਰਥਾ ਨਹੀਂ ਜਾਂਦਾ।"

ਆਪ ਘਬਰਾ ਗਏ। ਉਸ ਵੇਲੇ ਨਾਮਦੇਵ ਜੀ ਦੇ ਅੰਦਰੋਂ ਆਵਾਜ਼ ਆਈ ਕਹਿੰਦੇ, "ਨਾਮਦੇਵ! ਇਸ ਦੇ ਵਿਚ ਕੀ ਹੈ ਮੋਢੇ ਤੋਂ ਫੜ ਕੇ ਉਠਾ ਦੇ। ਆਪ ਉਠੇ ਤੇ ਮੋਢੇ ਤੋਂ ਫੜ ਉਸ ਨੂੰ ਉਠਾ ਦਿੱਤਾ। ਕਿੰਨਾ ਝਗੜਾ ਪਿਆ ਗਊ ਮਾਰ ਕੇ ਬਾਦਸ਼ਾਹ ਨੇ ਸਾਹਮਣੇ ਰੱਖ ਦਿੱਤੀ। ਉਹ ਬਿਸਮਲ ਕਰ ਦਿੱਤੀ ਸ਼ਾਹ ਰਗ ਵੱਢ ਦਿੱਤੀ। ਇਨ੍ਹਾਂ ਨੂੰ ਕਹਿੰਦੇ ਜੀਉਂਦਾ ਕਰ।

ਅਖੀਰ ਹੋਇਆ ਕੀ? ਗੁਰੂ ਗ੍ਰੰਥ ਸਾਹਿਬ ਵਿਚ ਹੈ ਕਿ ਮਰੀ ਹੋਈ ਗਊ ਉਨ੍ਹਾਂ ਨੇ ਜੀਉਂਦੀ ਕਰ ਦਿੱਤੀ।

ਭਾਈ ਜੀਵਨ ਜੀ ਗੁਰੂ ਸੱਤਵੇਂ ਪਾਤਸ਼ਾਹ ਦੇ ਗੁਰਸਿਖ ਸੀ, ਭਾਈ ਗਉਰੇ ਦੇ ਭਰਾ ਤੇ ਭਾਈ ਭਗਤੂ ਦੇ ਪੁੱਤਰ ਸੀ। ਇਧਰ ਧੀਰ ਮੱਲ ਨੇ ਐਸੀ ਸਾਜਸ਼ ਰਚੀ ਕਿ ਇਕ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਸ ਬ੍ਰਾਹਮਣ ਨੂੰ ਕਿਹਾ ਕਿ ਗੁਰੂ ਹਰਿ ਰਾਏ ਸਾਹਿਬ ਕੋਲ ਲੈ ਜਾਹ ਤੇ ਨਾਲ ਇਹ ਸੀ ਕਿ ਜੇ ਜੀਉਂਦਾ ਕਰਨਗੇ ਤਾਂ ਗੁਰੂ ਛੇਵੇਂ ਪਾਤਸ਼ਾਹ ਵੇਲੇ ਜਿਨ੍ਹਾਂ ਨੇ ਮਰਿਆ ਬਾਲ ਜੀਉਂਦਾ ਕਰਿਆ ਉਨ੍ਹਾਂ ਨੂੰ ਜਾਣਾ ਪਿਆ। ਜਾਂ ਤਾਂ ਇਹ ਹੁਕਮ ਅਦੂਲੀ ਕਰਨਗੇ ਤੇ ਉਹ ਬ੍ਰਾਹਮਣ ਕਹਿੰਦਾ ਕਿ ਮੈਂ ਤਾਂ ਜੀਉਂਦਾ ਜਲ ਜਾਣਾ ਹੈ ਜਾਂ ਇਕ ਹੱਤਿਆ ਉਨ੍ਹਾਂ ਨੂੰ ਲਗੇਗੀ। ਉਸ ਵੇਲੇ ਮਸੰਦ ਸਾਰੇ ਕਹੀ ਜਾਂਦੇ ਕਿ, "ਮਹਾਰਾਜ! ਜੀਉਂਦਾ ਕਰ ਦਿਓ, ਜੀਉਂਦਾ ਕਰ ਦਿਓ।"

ਮਹਾਰਾਜ ਕਹਿੰਦੇ, "ਜੀਉਂਦਾ ਕਰ ਦਿਓ? ਆਹ ਬਾਦਸ਼ਾਹ ਨੇ, ਇਨ੍ਹਾਂ ਦੇ ਜੀਅ ਮਰਨੇ ਨੇ। ਲਿਆ-ਲਿਆ ਧਰੀ ਜਾਣਗੇ, ਕਿੰਨੇ ਕੁ ਜੀਉਂਦੇ ਕਰੀ ਜਾਓਂਗੇ?"

ਜਦੋਂ ਹਟੇ ਹੀ ਨਾ ਤਾਂ ਕਹਿੰਦੇ, "ਚੰਗਾ! ਜਿਹੜਾ ਕਹਿੰਦਾ ਹੈ ਜੀਉਂਦਾ ਕਰ ਦਿਓ ਉਹ ਆਪਣੇ ਪ੍ਰਾਣ ਇਸ ਦੇ ਵਿਚ ਦੇ ਦਿਓ। ਆਪ ਜਾਵੇ, ਆਪ ਚਲਿਆ ਜਾਵੇ ਤੇ ਉਸ ਵੇਲੇ ਭਾਈ ਜੀਵਨ ਜੀ ਬਾਹਰ ਗਏ ਸਰੀਰ ਛੱਡ ਦਿੱਤਾ, ਲੜਕਾ ਜੀਉਂਦਾ ਹੋ ਗਿਆ।

ਮਹਾਰਾਜ ਕਹਿੰਦੇ, "ਮੇਰਾ ਕਿਹੜਾ ਸਿੱਖ ਪੁੱਤਰ ਗਿਆ? ਦੇਖੋ।"

ਜਾ ਕੇ ਪਤਾ, ਤਾਂ ਪਤਾ ਲੱਗਿਆ ਕਿ ਭਾਈ ਜੀਵਨ ਜੀ ਚਲੇ ਗਏ।

ਉਸ ਵੇਲੇ ਮਹਾਰਾਜ ਕਹਿੰਦੇ, "ਤੁਸੀਂ ਮੇਰਾ ਪਿਆਰਾ ਪੁੱਤਰ ਮਾਰ ਕੇ ਬ੍ਰਾਹਮਣ ਦਾ ਪੁੱਤਰ ਜੀਉਂਦਾ ਕਰਿਆ ਹੈ ਨਾਂਹ।"

ਇਸੇ ਤਰ੍ਹਾਂ ਮੋਹਨ ਨਾਲ ਬਾਬਾ ਅਟੱਲ ਰਾਏ ਜੀ ਖੇਡ ਰਹੇ ਸੀ। ਰਾਤ ਨੂੰ ਪਿੱਤ (ਵਾਰੀ) ਉਸ ਦੇ ਸਿਰ ਰਹਿ ਗਈ ਤੇ ਰਾਤ ਨੂੰ ਸੱਪ ਲੜ ਗਿਆ।

ਸਵੇਰੇ ਬਾਬਾ ਅਟੱਲ ਕਹਿਣ ਲੱਗੇ, "ਪਿੱਤ ਉਸ ਦੇ ਸਿਰ ਹੈ।"

ਜਦੋਂ ਕਿਹਾ ਕਿ ਮਹਾਰਾਜ! ਉਹ ਤਾਂ ਤੁਹਾਡਾ ਜਗਾਇਆ ਹੀ ਜਾਗੇਗਾ। ਘਰ ਵਾਲੇ ਕਹਿੰਦੇ ਕਿ ਉਹ ਤਾਂ ਸੁੱਤਾ ਪਿਆ ਹੈ, ਜੇ ਉਹ ਜਗਾਉਣਗੇ ਤਾਂ ਜਾਗੇਗਾ। ਇਹ ਗਏ ਤੇ ਜਾ ਕੇ ਜਿਥੇ ਉਹ ਰੱਖਿਆ ਹੋਇਆ ਸੀ, ਆਪਣੀ ਖੂੰਡੀ ਪਾਈ ਉਸ ਦੇ ਗੱਲ ਵਿਚ ਤੇ ਕਹਿੰਦੇ, "ਹੁਣ ਪਿੱਤ ਦੇਣ ਦਾ ਮਾਰਿਆ ਇਵੇਂ ਕਰਦਾ ਹੈ।" ਤੇ ਉਹ ਜੀਉਂਦਾ ਹੋ ਗਿਆ।

ਬਾਬਾ ਗੁਰਦਿੱਤਾ ਜੀ ਤੋਂ ਗਊ ਮਰ ਗਈ ਸ਼ੇਰ ਦੇ

ਭੁਲੇਖੇ। ਪਹਾੜੀਏ ਗੱਲ ਪੈ ਗਏ, ਤੀਰ ਸਾਰ ਪਾਰ ਲੰਘ ਗਿਆ ਤੇ ਆਂਦਰਾਂ ਕੱਟ ਕੇ ਨਾਲ ਲੈ ਗਿਆ ਤੇ ਜਦੋਂ ਬਹੁਤ ਗੱਲ ਪੈ ਗਏ। ਉਸ ਵੇਲੇ ਵਾਹਿਗੁਰੂ ਕਹਿ ਕੇ ਛਿੱਟਾ ਮਾਰ ਦਿੱਤਾ, ਗਊ ਉਠ ਕੇ ਖੜੀ ਹੋ ਗਈ।

ਇਹ ਤਾਂ ਗੱਲਾਂ ਹਨ ਇਤਿਹਾਸ ਦੀਆਂ ਇਕ ਨਹੀਂ ਬੇਅੰਤ ਜੇ ਮੈਂ ਦੱਸਣ ਲੱਗਾਂ।

ਸੁਆਮੀ ਜੀ ਲਿਖਦੇ ਨੇ ਕਿ ਮੈਂ ਪੜ੍ਹਾ ਰਿਹਾ ਸੀ ਕਲਾਸ ਨੂੰ, ਮੈਂ ਮੌਤ ਦੀ ਗੱਲ ਕਰ ਰਿਹਾ ਸੀ। ਇਕ ਸਾਧੂ ਆ ਗਿਆ ਤੇ ਹੱਸੀ ਜਾਵੇ, ਹੱਸੀ ਜਾਵੇ।

ਸੁਆਮੀ ਜੀ ਕਹਿੰਦੇ, "ਮੈਂ ਬੇਨਤੀ ਕਰੀ ਕਿ ਮਹਾਰਾਜ ਹੱਸੋ ਨਾ, ਮੈਂ ਪੜ੍ਹਾ ਰਿਹਾ ਹਾਂ।

ਜਦੋਂ ਕਲਾਸ ਨੂੰ ਮੈਂ ਪੜ੍ਹਾ ਹਟਿਆ ਤਾਂ ਮੈਂ ਕਿਹਾ ਕਿ ਤੁਸੀਂ ਹੱਸਦੇ ਕਿਉਂ ਸੀ?

ਉਹ ਕਹਿੰਦੇ, "ਮੈਂ ਤਾਂ ਹੱਸਦਾ ਸੀ ਕਿ ਤੇਰੇ ਵਰਗਾ ਅਣਜਾਣ ਬੰਦਾ ਪੜ੍ਹਾ ਰਿਹਾ ਹੈ। ਤੈਨੂੰ ਕੀ ਪਤਾ ਹੈ ਕਿ ਮੌਤ ਕੀ ਹੁੰਦੀ ਹੈ?"

ਕਹਿੰਦੇ, " ਮੈਂ ਡਰ ਗਿਆ ਕਿ ਇਹ ਤਾਂ ਕੋਈ ਤਕੜਾ ਹੀ ਆ ਗਿਆ।

ਕਹਿੰਦੇ, "ਮੈਨੂੰ ਤਾਂ ਪਤਾ ਨਹੀਂ, ਮੈਂ ਜੋ ਪੜ੍ਹਿਆ ਉਹ ਦੱਸ ਦਿੱਤਾ।"

ਸਾਧੂ ਕਹਿੰਦਾ, ਤੈਨੂੰ ਨਹੀਂ ਪਤਾ ਮੌਤ ਕੀ ਹੁੰਦੀ ਹੈ, ਜਾਹ! ਕੋਈ ਤੁਰਦਾ ਫਿਰਦਾ ਜੀਵ ਫੜ ਕੇ ਲਿਆ।"

ਇਕ ਮੋਟਾ ਕੀੜਾ ਉਥੇ ਤੁਰਿਆ ਫਿਰਦਾ ਸੀ ਮੈਂ ਰੁਮਾਲ ਨਾਲ ਚੁੱਕ ਲਿਆ, ਜਾ ਕੇ ਦੇ ਦਿੱਤਾ। ਉਸ ਨੇ ਚਾਕੂ ਕੱਢਿਆ ਤੇ ਦੋ ਹਿੱਸੇ ਕਰਕੇ ਅੱਧਾ ਇਧਰ ਸੁੱਟ ਦਿੱਤਾ ਤੇ ਅੱਧਾ ਉਧਰ ਸੁੱਟ ਦਿੱਤਾ। ਆਪ ਸਮਾਧੀ ਵਿਚ ਬਹਿ ਗਿਆ। ਜਦੋਂ ਉਹ ਬੈਠਾ ਤਾਂ ਮੈਂ ਹੈਰਾਨ ਹੋ ਗਿਆ ਕਿ ਕੀੜੇ ਦੇ ਦੋਵੇ ਹਿੱਸੇ ਇਕ ਦੂਜੇ ਵੱਲ ਨੂੰ ਵਧਦੇ ਆਉਂਦੇ ਨੇ ਤੇ ਉਹ ਜੁੜ ਗਿਆ ਜੁੜ ਕੇ ਅਰਾਮ ਨਾਲ ਤੁਰ ਗਿਆ।

ਕਹਿੰਦਾ, "ਆਹ ਹੁੰਦੀ ਹੈ ਮੌਤ। ਮੌਤ ਕੁਝ ਨਹੀਂ ਹੁੰਦੀ।"

ਜੇ ਇਕ ਸਾਧੂ ਇਸ ਤਰ੍ਹਾਂ ਕਰ ਸਕਦਾ ਹੈ ਤਾਂ ਫੇਰ ਗੁਰੂ ਦਸਵੇਂ ਪਾਤਸ਼ਾਹ ਦੇ ਉਤੇ ਸ਼ੱਕ ਕਰੀ ਜਾਂਦੇ ਨੇ ਕਿ ਜੀ! ਬੱਕਰੇ ਵੱਢੇ। ਉਹ ਬੱਕਰੇ ਗੁਰੂ ਸਾਹਿਬ ਕਿਵੇਂ ਫੜ ਲਿਆਏ। ਹੁਣ ਦੇਖੋ ਕਿ ਜਿਹੜਾ ਜ਼ਰਾ ਕੁ ਵੀ ਵੱਡਾ ਹੁੰਦਾ ਹੈ ਬੰਦਾ ਕੋਈ ਵੀ ਹੋਵੇ। ਉਸ ਦੇ ਉਤੇ ਹਰ ਵਕਤ ਚੌਕਸੀ ਤੇ ਪਹਿਰਾ ਰਹਿੰਦਾ ਹੈ ਤੇ ਗੁਰੂ ਦਸਵੇਂ ਪਾਤਸ਼ਾਹ ਦੇ ਕਿੰਨੇ ਪਹਿਰੇਦਾਰ, ਕਿੰਨੇ ਆਲੇ ਦੁਆਲੇ ਰਹਿਣ ਵਾਲੇ ਤੇ ਗੁਰੂ ਸਾਹਿਬ ਕਿਹੜੇ ਵਾੜੇ ਵਿਚੋਂ ਚੁਕ ਕੇ ਲਿਆਏ ਬੱਕਰੇ। ਕੀ ਉਹ ਆਪੇ ਹੀ ਚੁਕ ਕੇ ਲਿਆਏ? ਜੇ ਕਿਸੇ ਨੂੰ ਭੇਤ ਦਾ ਪਤਾ ਲੱਗ ਜਾਂਦਾ? ਬਾਅਦ ਵਿਚ ਵੀ ਪਤਾ ਲਗ ਜਾਣਾ ਸੀ ਕਿ ਉਹ ਬੱਕਰੇ ਚੁੱਕ ਚੁੱਕ ਲਿਆਈ ਜਾਂਦੇ ਨੇ ਤੇ ਮੂੰਹ ਬੰਨ੍ਹ ਕੇ ਤੰਬੂ ਵਿਚ ਬਿਠਾਈ ਜਾਂਦੇ ਨੇ।

ਜਦੋਂ ਬਾਅਦ ਵਿਚ ਸੀਸ ਭੇਟ ਹੋ ਚੁੱਕੇ ਤਾਂ ਕਿਸੇ ਇਤਿਹਾਸਕਾਰ ਨੇ ਨਹੀਂ ਲਿਖਿਆ ਕਿ ਉਹ ਬੱਕਰੇ ਕਿਧਰ ਗਏ ਨੇ ਜਿਹੜੇ ਵੱਢੇ ਸੀ। ਉਹ ਫੇਰ ਸਾਰਿਆਂ ਨੇ ਹੀ ਦੇਖਣੇ ਸੀ ਆ ਕੇ ਕਿ ਆਹ ਦੇਖ, ਆਹੀ ਗੱਲ ਸੀ।

ਇਹ ਨਹੀਂ ਹੈ ਗੱਲ। ਇਹ ਤਲਵਾਰ ਦੀ ਧਾਰ ਵਿਚੋਂ ਤੁਸੀਂ ਪੈਦਾ ਹੋਏ ਹੋ, ਬਕਰਿਆ ਦੀਆਂ ਗਰਦਨਾਂ ਵੱਢ ਕੇ ਨਹੀਂ ਪੈਦਾ ਹੋਏ। ਐਵੇਂ ਨਾ ਆਪਣੇ ਆਪ ਨੂੰ ਛੋਟਾ ਬਣਾ ਲਿਆ ਕਰੋ ਗੱਲਾਂ ਸੁਣ ਕੇ। ਇਹ ਗੁਰੂ ਦਸਮੇਸ਼ ਪਿਤਾ ਨੇ ਸਾਨੂੰ ਜੋ ਖਾਲਸਾ ਸ਼ਕਤੀ ਦਿੱਤੀ ਹੈ ਨਾਹ, ਉਹ ਤਲਵਾਰ ਦੀ ਧਾਰ ਵਿਚੋਂ ਦਿਤੀ ਹੈ, ਉਹ ਇਸ ਤਰ੍ਹਾਂ ਨਹੀਂ ਦਿੱਤੀ।

ਸੋ ਇਸ ਤਰ੍ਹਾਂ ਦੇ ਨਾਲ ਕਸਵੱਟੀ ਦੇ ਵਿਚ ਪੰਜ ਪਾਸ ਹੁੰਦੇ ਨੇ।

ਦੂਜੀ ਬਾਤ ਮੈਂ ਕਰਦਾ ਹਾਂ, ਉਹ ਸੰਤਾਂ ਨੇ ਵੀ ਕਿਹਾ ਹੈ। ਉਹ ਇਹ ਹੈ ਕਿ ਜਿਹੜਾ ਗੁਰੂ ਨਾਨਕ ਪਾਤਸ਼ਾਹ ਨੇ ਦਰਗਾਹ ਵਿਚੋਂ ਨਾਮ ਲਿਆਂਦਾ ਸੀ ਨਾਂਹ। ਅਕਾਲ ਪੁਰਖ ਨੇ ਕਿਹਾ, "ਹੇ ਨਾਨਕ ਤੂੰ ਨਾਮ ਦਾ ਪਿਆਲਾ ਪੀ, ਇਸ ਨੂੰ ਵੰਡ ਸੰਸਾਰ ਤੇ ਜਾ ਕੇ।"

ਉਥੇ ਤੱਕ ਪਹੁੰਚਣ ਦਾ ਜਿਹੜਾ ਮੰਤਰ ਹੈ ਉਹ ਪੰਜ ਪਿਆਰੇ ਦਿੰਦੇ ਨੇ। ਜਿੰਨਾ ਚਿਰ ਉਹ ਮੰਤਰ ਨਹੀਂ ਮਿਲਦਾ ਉਨਾ ਚਿਰ ਨਿਗੁਰਾ ਰਹਿ ਜਾਂਦਾ ਹੈ, ਗੁਰੂ ਨਾਲ ਨਹੀਂ ਜੁੜਦਾ, ਗੁਰੂ ਨਾਲ ਸੰਧੀ ਨਹੀਂ ਹੁੰਦੀ ਉਸ ਦੀ। ਸਹਿਜਧਾਰੀਆਂ ਵਾਸਤੇ ਉਨ੍ਹਾਂ ਨੇ ਕਿਹਾ ਹੈ ਕਿ ਹੌਲੀ-ਹੌਲੀ ਸਹਿਜ ਦੇ ਵਿਚ ਆਈ ਜਾਣਗੇ, ਕੋਈ ਨਾ, ਇਹ ਪਨੀਰੀ ਹੈ ਇਸ ਨੂੰ ਨਫਰਤ ਨਾ ਕਰਿਓ। ਗੁੰਜ਼ਾਇਸ਼ ਰੱਖ ਦਿੱਤੀ ਲੇਕਿਨ Order of Khalsa (ਖਾਲਸਾ ਪੰਥ) ਜਿਹੜਾ ਸੀ ਉਸ ਦੇ ਵਿਚ ਕੋਈ ਦਾਖਲ ਨਹੀਂ ਹੋ ਸਕਦਾ ਜਦੋਂ ਤੱਕ ਉਹ ਅੰਮ੍ਰਿਤ ਨਹੀਂ ਛਕਦਾ। ਜਦੋਂ ਤੱਕ ਅੰਮ੍ਰਿਤ ਨਹੀਂ ਛਕਦਾ ਉਦੋਂ ਤੱਕ ਉਸ ਦਾ ਵਾਲੀ ਵਾਰਸ ਕੋਈ ਨਹੀਂ ਕਿਉਂਕਿ ਉਸ ਨੇ ਗੁਰੂ ਨਹੀਂ ਧਾਰਿਆ। ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ ਉਸ ਦੇ ਬਾਰੇ ਐਸਾ ਹੁਕਮ ਹੈ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***

***ਪੰਨਾ - 1357***

ਕੁਤਿਆ, ਬਿੱਲਿਆ, ਸੂਰਾਂ, ਸੱਪਾਂ ਵਰਗਾ ਉਸ ਦਾ ਜੀਵਨ ਹੈ। ਜਦੋਂ ਜੀਉਂਦੇ ਦਾ ਇਹ ਜੀਵਨ ਹੈ ਤਾਂ ਮਰ ਕੇ ਵੀ ਇਨ੍ਹਾਂ ਜੂਨਾਂ ਵਿਚ ਜਾਏਗਾ। ਸੋ ਇਸ ਕਰਕੇ ਮੰਤਰ ਲੈਣਾ ਜਰੂਰੀ ਹੁੰਦਾ ਹੈ। ਗੁਰੂ ਨਾਨਕ ਦੇ ਘਰ ਦਾ ਬਾਬਾ

ਜੀ ਨੇ ਦੱਸਿਆ ਸੀ ਕਿ ਸਰੋਵਰ ਨੂੰ ਛੱਡ ਕੇ ਛੱਪੜੀਆਂ ਵਿਚ ਨਾ ਜਾਓ। ਗੁਰੂ ਨਾਨਕ ਦੇ ਲੜ ਨਾਲ ਜੁੜੋ। ਬੜਾ ਵੱਡਾ ਇਤਿਹਾਸ ਹੈ। ਬਹੁਤ ਵੱਡਾ ਸਿਧਾਂਤ ਹੈ ਗੁਰੂ ਗ੍ਰੰਥ ਸਾਹਿਬ ਦਾ। ਸਾਰੀ ਦੁਨੀਆਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਮੰਨੇਗੀ ਇਕ ਦਿਨ ਕਿਉਂਕਿ ਵੱਡੇ-ਵੱਡੇ ਮਹਾਂਪੁਰਸ਼ਾਂ ਦਾ ਇਹ ਮੱਤ ਹੈ।

ਸੁਆਮੀ ਜੀ ਕਹਿਣ ਲੱਗੇ ਕਿ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੋਈ ਹੈ ਹੀ ਨਹੀਂ। ਮੈਂ ਸਭ ਪੜ੍ਹ ਕੇ ਦੇਖੇ ਨੇ, ਸ੍ਰੇਸ਼ਠ ਏਹੀ ਹੈ।

ਇਨ੍ਹਾਂ ਨੂੰ ਛੱਡ ਕੇ, ਪਿੱਠ ਦੇ ਕੇ ਅਸੀਂ ਨੱਠੀਏ ਨਾਹ, ਪਿਆਰਿਓ! ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕਣ ਨਾਲ ਨਹੀਂ ਗੱਲ ਬਣਦੀ। ਮੈਂ ਇਕ ਹੋਰ ਦਸਦਾ ਹਾਂ।

ਚੰਡੀਗੜ੍ਹ 19 ਸੈਕਟਰ ਦੀਵਾਨ ਲੱਗੇ ਹੋਏ ਸੀ ਸਾਡੇ। ਉਥੋਂ ਦੀ ਕਮੇਟੀ ਦੀਵਾਨ ਵਿਚ ਆਵੇ ਹੀ ਨਾ, ਆਪਣੇ ਦਫਤਰ ਵਿਚ ਹੀ ਬੈਠੇ ਰਹਿਣ, ਉਥੇ ਹੀ ਗਿਟਮਿਟ ਕਰੀ ਜਾਣ। ਮੈਂ ਦੀਵਾਨ ਬੰਦ ਕਰ ਦਿੱਤਾ। ਮੈਂ ਕਿਹਾ ਕਮੇਟੀ ਵਲਿਆਂ ਨੂੰ ਲਿਆਓ ਪਹਿਲਾਂ। ਉਹ ਲੈ ਆਂਦੇ ਸਿੰਘਾਂ ਨੇ ਜਾ ਕੇ, ਸਿੰਘ ਬਹੁਤ ਨਾਲ ਰਹਿੰਦੇ ਸੀ ਮੇਰੇ। ਮੈਂ ਕਿਹਾ, "ਭਾਈ! ਤੁਸੀਂ ਅੰਮ੍ਰਿਤ ਛਕਿਆ ਹੋਇਆ ਹੈ?" ਇਕ ਨਾ ਨਿਕਲਿਆ। ਮੈਂ ਕਿਹਾ, ਤੁਹਾਡਾ ਕੀ ਸੰਬੰਧ ਹੈ ਗੁਰੂ ਨਾਲ? ਗੁਰਦਵਾਰਾ ਖਾਲੀ ਕਰੋ।

ਗੁਰੂ ਗ੍ਰੰਥ ਸਾਹਿਬ ਤੁਹਾਡੇ ਗੁਰੂ ਬਣ ਕਿਵੇਂ ਗਏ? ਜਦੋਂ ਤੱਕ ਤੁਸੀਂ ਮੰਤਰ ਨਹੀਂ ਲਿਆ। ਤੁਸੀਂ ਕਹਿੰਦੇ ਹੋ ਅਸੀਂ ਮੰਨਦੇ ਹਾਂ, ਤੁਹਾਡੇ ਮੰਨਣ ਨਾਲ ਕੀ ਹੁੰਦਾ ਹੈ। ਮੈਂ ਸਾਰੇ ਮਹਾਤਮਾਵਾਂ ਨੂੰ ਮੰਨਦਾ ਹਾਂ, ਦੱਸੋ ਕਿਸ ਦਾ ਨਾਉ ਲਓਗੇ? ਇਸਲਾਮ ਦੇ ਮਹਾਤਮਾ ਨੂੰ ਮੈਂ ਮੰਨਦਾ ਹਾਂ, ਹਿੰਦੂ ਮਹਾਤਮਾ ਦੀ ਮੇਰੇ ਦਿਲ ਵਿਚ ਬੜੀ ਭਾਰੀ ਕਦਰ ਹੈ, ਜਿਹੜੀਆਂ ਸੰਪਰਦਾਵਾਂ ਨੇ ਇਨ੍ਹਾਂ ਮਹਾਤਮਾਵਾਂ ਨੂੰ ਮੈਂ ਮੰਨਦਾ ਹਾਂ ਕਿਉਂਕਿ ਇਹ ਬਹੁਤ ਆਪਣੇ-ਆਪਣੇ ਥਾਵਾਂ ਤੇ ਕੰਮ ਕਰ ਰਹੇ ਨੇ, ਉਨ੍ਹਾਂ ਨਾਲ ਮੇਰਾ ਪਿਆਰ ਹੈ। ਉਹ ਪਿਆਰ ਦਾ ਮਤਲਬ ਇਹ ਤਾਂ ਨਹੀਂ ਹੈ ਕਿ ਮੈਂ ਉਨ੍ਹਾਂ ਦਾ ਚੇਲਾ ਬਣ ਗਿਆ। ਮੰਨਦੇ ਹਾਂ, ਸਤਿਕਾਰ ਕਰਦੇ ਹਾਂ, ਮੁਰੀਦ ਤਾਂ ਬਣਦਾ ਹੈ ਜੇ ਸੰਧੀ ਹੋ ਜਾਵੇ ਜੁੜ ਜਾਵੇ ਤੇ ਪੰਜ ਪਿਆਰੇ ਨਾਮ ਦਿੰਦੇ ਨੇ ਮੰਤਰ, ਤੁਸੀਂ ਮੰਤਰ ਲਿਆ ਹੈ ਕਿਸੇ ਨੇ?"

ਕਹਿੰਦੇ, "ਅਸੀਂ ਆਪੇ ਹੀ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ।"

ਮੈਂ ਕਿਹਾ, "ਤੁਸੀਂ ਤਾਂ ਨਿਗੁਰੇ ਹੋ।"

ਜਦੋਂ 5-4 ਵਾਰੀ ਕਿਹਾ ਤਾਂ ਉਹ ਕਹਿੰਦੇ, "ਜੀ ਸਾਨੂੰ ਹੁਣ ਸਾਰੀ ਸੰਗਤ ਵਿਚ ਨਾ ਛਿੱਥੇ ਕਰੋ, ਅਸੀਂ ਅੰਮ੍ਰਿਤ ਛਕਾਂਗੇ।"

ਉਸ ਸਾਰੀ ਕਮੇਟੀ ਨੂੰ ਅੰਮ੍ਰਿਤ ਛਕਾਇਆ। ਮੈਂ ਕਿਹਾ,"ਤੁਹਾਡਾ ਹੱਕ ਕੀ ਹੈ ਉਥੇ ਜਾ ਕੇ ਕੰਮ ਕਰਨ ਦਾ, ਜਦੋਂ ਤੁਸੀਂ ਗੁਰੂ ਜੀ ਦੇ ਚੇਲੇ ਹੀ ਨਹੀਂ ਹੋ। ਉਨ੍ਹਾਂ ਨੂੰ ਗੁਰੂ ਧਾਰਿਆ ਹੀ ਨਹੀਂ (ਉਚਿਤ, ਯੋਗ) ਵਿਧੀ ਦੇ ਨਾਲ ਤੇ ਤੁਸੀ ਕਿਵੇਂ ਕਹਿ ਦਿੰਦੇ ਹੋ ਕਿ ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਹਨ। ਆਪੇ ਹੀ ਮੰਨੀਂ ਜਾਂਦੇ ਹੋ। ਤੁਹਾਨੂੰ ਮੰਤਰ ਤਾਂ ਕਿਸੇ ਨੇ ਦਿੱਤਾ ਨਹੀਂ ਕਿਸੇ ਗੁਰੂ ਪੀਰ ਨੇ ਤੁਹਾਡੀ ਬਾਂਹ ਨਹੀਂ ਫੜੀ।"

ਜਦੋਂ 22 ਸੈਕਟਰ ਦੀਵਾਨ ਲੱਗਿਆ ਉਥੇ ਬੜੇ ਪੜ੍ਹੇ ਲਿਖਿਆਂ ਦੀ ਕਮੇਟੀ ਸੀ। ਮੇਰੇ ਘਰ ਆ ਗਏ। ਕਹਿੰਦੇ, "ਜੀ ਸਾਨੂੰ ਸੰਗਤ ਵਿਚ ਛਿੱਥੇ ਨਾ ਕਰਿਓ, ਅਸੀਂ ਅੰਮ੍ਰਿਤ ਛਕਲਾਂਗੇ ਸਾਰੇ। ਦੀਵਾਨ ਵਿਚ ਨਾ ਸਾਨੂੰ ਕਹਿਓ। 432 ਪ੍ਰੇਮੀਆਂ ਨੇ ਅੰਮ੍ਰਿਤ ਛਕਿਆ ਉਥੇ। ਕਹਿੰਦੇ, "ਇਕ ਦੀਵਾਨ ਸਾਨੂੰ ਹੋਰ ਦੇ ਦਿਓ। ਯੂਨੀਵਰਸਿਟੀ ਦੇ ਕਾਫੀ ਪ੍ਰੋਫੈਸਰਾਂ ਨੇ ਫੈਸਲਾ ਕਰ ਲਿਆ ਕਿ ਅਸੀਂ ਵੀ ਅੰਮ੍ਰਿਤ ਛਕਾਂਗੇ, ਪੁਲਿਸ ਦੇ ਅਫਸਰਾਂ ਨੇ ਵੀ ਸਾਰਿਆਂ ਨੇ ਵੀ ਫੈਸਲਾ ਕਰ ਲਿਆ।"

ਨਿਗੁਰੀ ਦੁਨੀਆਂ ਤੁਰੀ ਫਿਰਦੀ ਹੈ।

ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਬਣਾਓ, ਫੇਰ ਅੰਮ੍ਰਿਤ ਛਕੋ, ਮੰਤਰ ਦੇਣਗੇ ਪੰਜ ਪਿਆਰੇ। ਪੰਜ ਪਿਆਰੇ ਉਹ 'ਪਾਹੁਲ' ਮੰਤਰਿਆ ਹੋਇਆ ਜਲ ਛਕਾਉਂਦੇ ਨੇ। ਜਲ ਦੇ ਵਿਚ ਕਿੰਨੀ ਸ਼ਕਤੀ ਹੈ? ਮੈਂ ਕੱਲ੍ਹ ਹੀ ਦੱਸਿਆ ਸੀ ਕਿ ਆਹ ਸਾਡੇ ਕੋਲ ਕੁਝ ਵੀ ਨਹੀਂ ਹੈ ਅਸੀਂ ਕਹਿੰਦੇ ਹਾਂ ਕਿ ਇਸ ਸ਼ਬਦ ਦਾ ਪਾਠ ਕਰ ਲੈ, ਜਲ ਸਾਹਮਣੇ ਰੱਖ ਲੈ ਇਹ ਸ਼ਕਤੀ ਇਸ ਦੇ ਵਿਚ ਪ੍ਰਵੇਸ਼ ਹੋ ਜਾਵੇਗੀ, ਤੂੰ ਰਾਜ਼ੀ ਹੋ ਜਾਏਂਗਾ। ਇਕ ਤਾਂ ਨਹੀਂ ਰਾਜ਼ੀ ਹੋਇਆ, ਸੈਂਕੜਿਆਂ ਦੀ ਤਾਦਾਦ ਵਿਚ ਰਾਜ਼ੀ ਹੋਏ ਨੇ।

ਮੈਂ ਕਿਹਾ ਦੇਖੋ ਕਿੰਨੀ ਇਸ ਦੇ ਵਿਚ ਸੱਤਿਆ ਹੈ। ਬਾਣੀ ਇਕ ਦਮ ਪਾਣੀ ਦੇ ਵਿਚ ਅਸਰ ਕਰ ਦਿੰਦੀ ਹੈ। ਦੋ ਚੀਜ਼ਾਂ ਵਿਚ ਅਸਰ ਛੇਤੀ ਕਰ ਦਿੰਦੀ ਹੈ। ਇਕ ਤਾਂ ਕਰਦੀ ਹੈ ਧਰਤੀ ਦੇ ਉਤੇ। ਜਿਹੜਾ ਬਾਣੀ ਪੜ੍ਹਦਾ ਹੈ ਉਸਦਾ ਜੋ ਸ਼ਕਤੀ ਦਾ ਵਹਾ ਹੈ ਸਭ ਤੋਂ ਵੱਡਾ ਪ੍ਰਵਾਹ ਪੈਰਾਂ ਵਿਚੋਂ ਦੀ ਨਿਕਲਦਾ ਹੁੰਦਾ ਹੈ। ਉਸ ਤੋਂ ਘਟ ਹੱਥ ਦੀ ਹਥੇਲੀ ਵਿਚੋਂ ਨਿਕਲਦਾ ਹੈ। ਮਹਾਤਮਾ ਹਥੇਲੀ ਕਰਦੇ ਨੇ ਇਸ ਤਰ੍ਹਾਂ (ਜਿਵੇਂ ਅਸ਼ੀਰਵਾਦ ਦਿੰਦੇ ਨੇ) ਉਸ ਦਾ ਮਤਲਬ ਕੀ ਹੁੰਦਾ ਹੈ ਉਹ ਲਹਿਰ ਹੁੰਦੀ ਹੈ ਉਹ ਉਸ ਦੇ ਅੰਦਰ ਆਰ-ਪਾਰ ਧੱਸ ਜਾਂਦੀ ਹੈ। ਗੁਰੂਆਂ ਨੂੰ ਦੇਖ ਲਓ, ਸੰਤਾਂ ਨੂੰ ਦੇਖ ਲਓ ਜਿਸ ਦੇ ਅੰਦਰ ਸ਼ਕਤੀ ਦੀ ਰੌ ਚਲਦੀ ਹੈ ਉਹ ਇਸ ਤਰ੍ਹਾਂ ਕਰੇਗਾ।

ਤੀਸਰਾ ਉਹ ਨੇਤਰਾਂ ਵਿਚੋਂ ਦੀ ਜਾਂਦੀ ਹੈ, ਨੇਤਰਾਂ ਦੇ ਵਿਚ ਕਸ਼ਿਸ਼ ਪੈਂਦੀ ਹੈ ਇਨ੍ਹਾਂ ਦੇ ਵਿਚ magnetic power (ਚੁੰਬਕੀ ਸ਼ਕਤੀ) ਹੈ ਸਾਰਿਆਂ ਦੇ ਅੰਦਰ, ਨਾਮ ਜੱਪਣ

ਵਾਲਿਆਂ ਵਿਚ ਆ ਜਾਂਦੀ ਹੈ। ਪਿਛੇ ਲੱਗ ਜਾਂਦੇ ਨੇ, ਜਾਨਵਰ ਵੀ ਪਿਛੇ ਲੱਗ ਜਾਂਦੇ ਨੇ। ਉਹ ਜਦੋਂ ਬੈਠ ਕੇ ਮੰਤਰ ਪੜ੍ਹਦੇ ਨੇ, ਬਾਣੀ ਮੰਤਰ ਰੂਪ ਵਿਚ ਹੈ ਪੂਰੇ ਜਲਾਲ ਵਿਚ ਆ ਕੇ ਨੇਤਰਾਂ ਨਾਲ ਉਸ ਦੇ ਧੁਰ ਅੰਦਰ ਪ੍ਰਵੇਸ਼ ਕਰਦੇ ਨੇ ਉਸ energy (ਸ਼ਕਤੀ) ਨੂੰ। ਫੇਰ ਉਹ ਆਮ ਪਾਣੀ ਨਹੀਂ ਰਹਿੰਦਾ ਉਹ ਮੰਤਰਿਆ ਹੋਇਆ ਜਲ ਹੋ ਜਾਂਦਾ ਹੈ। ਜਿਹੜਾ ਅਸੀਂ ਕਹਿੰਦੇ ਹਾਂ ਇਕੱਲੇ ਨੂੰ ਕਿ ਤੂੰ ਆਹ ਸ਼ਬਦ ਦਾ ਪਾਠ ਕਰ ਲੈ ਕਿਰਪਾਨ ਫੇਰ ਲਈਂ ਬਾਅਦ ਵਿਚ ਪਾਣੀ ਵਿਚ, ਲੈ ਓਹੀ ਰਾਜ਼ੀ ਕਰੀ ਜਾਂਦਾ ਹੈ। ਇਸ ਅੰਮ੍ਰਿਤ ਵਿਚ ਤਾਂ ਪਤਾ ਨਹੀਂ ਕਿੰਨੀ ਕੁ ਤਾਕਤ ਹੈ।

ਮਹਾਰਾਜ ਨੇ ਜਦੋਂ ਅੰਮ੍ਰਿਤ ਤਿਆਰ ਕਰ ਲਿਆ ਤਾਂ ਥੱਲੇ ਕੁਝ ਕਤਰੇ ਡੁੱਲ੍ਹ ਗਏ, ਆ ਕੇ ਦੋ ਚਿੜੇ ਪੀ ਗਏ ਪੀਂਦੀ ਸਾਰ ਲੜਨ ਲੱਗ ਪਏ। ਜਲ ਵਿਚ ਕੋਈ ਸ਼ਕਤੀ ਆ ਗਈ ਤਾਂ ਉਨ੍ਹਾਂ ਦੀ ਇਹ ਹਾਲਤ ਹੋ ਗਈ, ਜੇ ਨਾ ਆਉਂਦੀ ਫੇਰ ਕੀ ਹੁੰਦਾ? ਆਮ ਜਲ ਉਹ ਪੀਂਦੇ ਹੀ ਨੇ, ਉਸ ਨੇ ਤਾਂ ਕਦੇ ਅਸਰ ਨਹੀਂ ਕਰਿਆ।

ਸੋ ਇਸ ਕਰਕੇ ਜਿਹੜੀ ਗੁਰੂ ਦਸਮੇਸ਼ ਪਿਤਾ ਨੇ ਇਹ ਮਰਿਆਦਾ ਚਲਾਈ ਹੈ, ਸਾਧ ਸੰਗਤ ਜੀ! ਮੰਨ ਲਓ ਉਸ ਨੂੰ, ਨਾ ਆਪਨਾ ਜੀਵਨ ਬਰਬਾਦ ਕਰੋ। ਇਥੋਂ ਦੀ ਲੰਘਣਾ ਹੀ ਪੈਣਾ ਹੈ ਹਰੇਕ ਨੂੰ। ਗੁਰੂ ਗ੍ਰੰਥ ਸਾਹਿਬ ਦਾ ਮੁਕਾਬਲਾ ਨਹੀਂ ਕਿਸੇ ਨੇ ਕਰਨਾ। ਇਸ ਵੇਲੇ ਗੁਰੂ ਨਾਨਕ ਦਰਗਾਹਾਂ ਦੇ ਮਾਲਕ ਨੇ।

ਆਹ ਜਿਹੜਾ ਸੁਲੇਮਾਨ ਪ੍ਰੇਤ ਹੈ ਨਾਂਹ ਉਸ ਦੀ ਮੇਰੇ ਨਾਲ ਗੱਲ ਬਾਤ ਹੋਈ ਸੀ। ਜਦੋਂ ਮਹਾਂਪੁਰਸ਼ਾਂ ਨੇ ਬਚਨ ਕਰ ਦਿੱਤਾ ਕਿ ਤੈਨੂੰ ਜਨਮ ਦਿਵਾ ਦਿੰਦੇ ਹਾਂ, ਦਸ ਕਿਹੜੇ ਘਰ ਜਾਣਾ ਹੈ ਤੂੰ? ਤਾਂ ਜਵਾਬ ਦੇ ਦਿੱਤਾ ਜੀ ਮੈਂ ਇਸਲਾਮ ਵਾਲਿਆਂ ਦੇ ਤਾਂ ਜਾਣਾ ਨਹੀਂ ਹੈ ਤੇ ਪੁਛਿਆ ਕਿ ਸਿੱਖਾਂ ਦੇ ਘਰ ਜਨਮ ਲੈਣ ਨੂੰ ਤੂੰ ਕਿਉਂ ਕਹਿੰਦਾ ਹੈ?

ਮੇਰਾ ਨਾਂ ਲੈ ਕੇ ਕਹਿੰਦਾ, "ਤੁਹਾਨੂੰ ਪਤਾ ਨਹੀਂ ਇਸ ਵੇਲੇ ਅਕਾਸ਼ਾਂ ਤੇ ਸਾਰੇ ਬ੍ਰਹਿਮੰਡਾਂ ਤੇ ਗੁਰੂ ਨਾਨਕ ਦਾ ਰਾਜ ਚਲ ਰਿਹਾ ਹੈ ਤੇ ਮੈਂ ਗੁਰੂ ਨਾਨਕ ਦੇ ਘਰ ਆਉਣਾ ਚਾਹੁੰਦਾ ਹਾਂ। ਉਸ ਨੂੰ ਤਾਂ ਹੁਣ ਦਿਸਦਾ ਸੀ ਭੂਤ ਨੂੰ। ਅਸੀਂ ਕਹੀ ਹੋਈ ਗੱਲ ਨਹੀਂ ਮੰਨਦੇ। ਘਰ ਛਡ-ਛਡ ਕੇ ਅਸੀਂ ਦੌੜੇ ਹੀ ਜਾਂਦੇ ਹਾਂ ਕਿ ਫਲਾਣੇ ਥਾਂ ਚਲੋ, ਫਲਾਣੇ ਥਾਂ। ਏਦਾਂ ਪਾਰ ਉਤਾਰਾ ਨਹੀਂ ਹੁੰਦਾ। ਜਿਹੜੇ ਗੁਰੂ ਘਰ ਦੇ ਸੱਚੇ ਸੰਤ ਨੇ ਉਹ ਆਪਣੇ ਪਿਛੇ ਨਹੀਂ ਲਾਉਂਦੇ, ਉਹ ਗੁਰੂ ਦੇ ਲੜ ਲਾਉਂਦੇ ਨੇ, ਗੁਰੂ ਗ੍ਰੰਥ ਸਾਹਿਬ ਦੇ।

ਜਦੋਂ ਤੋਂ ਇਕ ਸਾਲ ਤੋਂ ਮੈਂ ਗਿਆ ਕਿੰਨੇ ਬੰਦੇ ਵਿਛੁੜ ਗਏ ਧਮੋਟ ਦੇ ਹੀ। ਸਾਰੇ ਵਿਛੜਦੇ ਹੀ ਜਾਂਦੇ ਨੇ। ਪਿਛਲੇ ਸਾਲ ਜਦੋਂ ਮੈਂ ਆਇਆ ਸੀ ਤਾਂ ਸਵਰਨ ਸਿੰਘ ਦਾ ਲੜਕਾ ਕਿਵੇਂ ਸੇਵਾ ਕਰਦਾ ਸੀ ਤੇ ਹੁਣ ਕੀ ਹੋਇਆ? ਹੁਣ ਉਹ ਨਜ਼ਰ ਨਹੀਂ ਆਉਂਦਾ।

ਸੋ ਇਸ ਤਰ੍ਹਾਂ ਦੇ ਨਾਲ ਸਮਾਂ ਨਾ ਅੱਗੇ ਕਰੋ। ਗੁਰੂ ਦੇ ਲੜ ਜਿੰਨੀ ਛੇਤੀ ਲਗ ਸਕਦੇ ਹੋ ਲੱਗੋ। ਕੋਈ ਬੋਝ ਨਹੀਂ ਹੈ, ਕੋਈ ਮਜਬੂਰੀ ਨਹੀਂ ਹੈ ਇਸ ਦੇ ਵਿਚ। ਜੇ ਸਿੰਘ ਕਹਿੰਦੇ ਨੇ ਕਿ ਸਾਦੀ ਖੁਰਾਕ ਖਾਓ ਤਾਂ ਇਸ ਦੇ ਨਾਲ ਰਾਜ਼ੀ ਰਹਾਂਗੇ, ਬਿਮਾਰੀਆਂ ਨਹੀਂ ਲਗਣਗੀਆਂ, ਸ਼ਰਾਬ ਤੋਂ ਹਟਾਉਂਦੇ ਨੇ, ਨਾ ਪੀਓ। ਸ਼ਰਾਬ ਕੈਂਸਰ ਕਰਦੀ ਹੈ, ਤੰਬਾਕੂ ਤੋਂ ਹਟਾਉਂਦੇ ਨੇ। 72% ਤੰਬਾਕੂ ਵਾਲੇ ਕੈਂਸਰ ਦੇ ਮਰੀਜ ਹੁੰਦੇ ਨੇ, 20% ਸ਼ਰਾਬ ਵਾਲੇ ਹੁੰਦੇ ਨੇ, ਉਹ ਭਲਾ ਹੀ ਕਰਦੇ ਨੇ ਮਾੜੀ ਗੱਲ ਤਾਂ ਨਹੀਂ ਨਾ ਕਹਿੰਦੇ।

ਆਹ ਇਕ ਸੰਤ ਦਸਦੇ ਹੁੰਦੇ ਸੀ ਕਲੇਰਾਂ ਵਾਲੇ ਉਹ ਕਹਿੰਦੇ ਪਿਆਰਿਓ! ਦੋ ਤਰ੍ਹਾਂ ਦੇ ਕੁੱਤੇ ਹੁੰਦੇ ਨੇ। ਇਕਨਾਂ ਦੇ ਗੱਲ ਵਿਚ ਪਟਾ ਹੁੰਦਾ ਹੈ, ਇਕ ਆਹ ਲੰਡਰ ਫਿਰਦੇ ਨੇ। ਸ਼ਹਿਰਾਂ ਵਿਚ ਅਵਾਰਾ ਕੁੱਤੇ ਜਦੋਂ ਵਧ ਜਾਂਦੇ ਨੇ ਉਨ੍ਹਾਂ ਨੂੰ ਗੋਲੀਆਂ ਪਾ ਪਾ ਕੇ ਮਾਰ ਦਿੰਦੇ ਨੇ। ਜੇ ਕਿਸੇ ਪਟੇ ਵਾਲੇ ਕੁੱਤੇ ਦੇ ਕੋਈ ਡੰਡਾ ਮਾਰੇ ਤਾਂ ਮੁਕਦਮਾ ਹੋ ਜਾਂਦਾ ਹੈ, ਸਜ਼ਾ ਹੋ ਜਾਂਦੀ ਹੈ ਡੰਡਾ ਮਾਰਨ ਤੇ ਹੀ। ਮਾਲਕ ਕਹਿੰਦਾ ਹੈ ਕਿ ਮੇਰੇ ਕੁੱਤੇ ਦੇ ਮਾਰਿਆ ਹੈ। ਜਦੋਂ ਅਸੀਂ ਗੁਰੂ ਦੀ ਮਾਲਕੀ ਵਿਚ ਆ ਗਏ ਫੇਰ ਜਮਦੂਤਾਂ ਦੀ ਕੀ ਤਾਕਤ ਹੈ ਕਿ ਸਾਨੂੰ ਛੇੜ ਜਾਣ। ਜਮਦੂਤ ਉਨ੍ਹਾਂ ਤੇ ਅਫਸਰੀ ਕਰਦੇ ਨੇ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***

***ਪੰਨਾ - 38***

ਨਗੁਰਿਆਂ ਦੇ ਉਤੇ ਧਰਮਰਾਇ ਦੀ ਹਕੂਮਤ ਹੈ, ਮਨਮੁਖਾਂ ਤੇ, ਗੁਰੂ ਦੇ ਸਿਖਾਂ ਨੂੰ ਨਹੀਂ ਤੂੰ ਛੁਹਣਾ। ਗੁਰੂ ਦੇ ਸਿਖ ਗੁਰੂ ਨਾਨਕ ਦੀ ਦਰਗਾਹ ਵਿਚ ਜਾਂਦੇ ਨੇ ਤੇ ਧਰਮਰਾਇ ਦੇ ਤਾਂ ਭੁੱਲ ਕੇ ਵੀ ਨਹੀਂ ਜਾਂਦੇ, ਜੇ ਧਰਮਰਾਇ ਦੇ ਚਲੇ ਵੀ ਜਾਣ ਤਾਂ ਧਰਮਰਾਜਾ ਸੇਵਾ ਕਰਦਾ ਫਿਰਦਾ ਹੈ -

***ਸਾਧਸੰਗਿ ਧਰਮ ਰਾਇ ਕਰੇ ਸੇਵਾ॥    ਪੰਨਾ - 271***

ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ ਹੈ ਹੁਣ ਸਾਰੇ ਪ੍ਰੇਮੀ ਸਤੋਤਰ ਵਿਚ ਬੋਲੋ।

ਗੁਰ ਸਤੋਤਰ

ਅਨੰਦ ਸਾਹਿਬ

ਅਰਦਾਸਿ

(ਪੰਨਾ 15 ਦੀ ਬਾਕੀ)

ਨਹੀਂ ਧਾਰਦਾ, ਤੈਨੂੰ ਮੇਰੇ ਸਰੂਪ ਵਿਚ ਵਾਸਾ ਨਹੀਂ ਮਿਲਣਾ। ਬਾਹਰ ਰਹਿ ਜਾਏਗਾ, ਹੇਠਾ ਰਹਿ ਜਾਏਗਾ। ਸੋ ਗੁਰੂ ਰਾਮਾਨੰਦ ਨੂੰ ਧਾਰਿਆ ਉਸਨੇ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਇਸ ਨੂੰ ਪੂਰਨ ਭਗਤ ਜਾਣਕੇ, ਪੂਰਨ ਮਹਾਤਮਾ ਜਾਣਕੇ ਇਹਨਾਂ ਦੀ ਬਾਣੀ ਦਰਜ ਹੈ। ਸਾਧ ਸੰਗਤ ਜੀ! ਮੈਂ ਬੇਨਤੀ ਕਰੀ ਸੀ, ਪ੍ਰਤੀਤ ਦੀ, ਭਰੋਸੇ ਦੀ, ਗੁਰੂ ਦੀ ਬਾਤ ਤੇ ਜੋ ਸਾਨੂੰ ਭਰੋਸਾ ਆ ਜਾਵੇ ਸਾਡੇ ਸਾਰੇ ਹੀ ਸੰਕਟ ਦੂਰ ਹੋ ਜਾਣ, ਸੋ ਆਪਾਂ ਸ਼ਬਦ ਪੜਿਆ ਸੀ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਪਹਿਲਾਂ ਵੀ ਵਾਹਿਗੁਰੂ ਸੀ।

***ਆਦਿ ਸਚੁ.............॥*** ***ਪੰਨਾ - 1***

ਸਮਾਂ ਸ਼ੁਰੂ ਹੋਇਆ, ਤਦ ਵੀ ਵਾਹਿਗੁਰੂ ਸੀ,

*............ **ਜੁਗਾਦਿ ਸਚੁ॥***

***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*** ***ਪੰਨਾ - 1***

ਐਥੇ ਉਸ ਤੋਂ ਬਗੈਰ ਕੋਈ ਹੈ ਹੀ ਨਹੀਂ। ਦੂਜਾ ਕੋਈ ਨਹੀਂ ਹੈ।

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ ਪੰਨਾ - 1291***

ਸੋ ਇਹ ਸਚ ਦੀ ਆਵਾਜ਼ ਹੈ ਜਿਸਨੂੰ ਆਪਾਂ ਨੇ ਵਿਚਾਰਿਆਂ ਹੈ ਚਾਰ ਪੰਜ ਦਿਨਾਂ ਦੇ ਅੰਦਰ। ਸੋ ਆਪਾਂ ਸਾਰੇ ਬੜੇ ਪਿਆਰ ਨਾਲ ਆਉਂਦੇ ਰਹੇ। ਪਿਛਲੇ ਸਾਲ ਵੀ ਆਪਾਂ ਸਾਰੇ ਇਕੱਠੇ ਹੋਏ ਸੀ। ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਤੇ ਤੁਹਾਡੇ ਦਰਸ਼ਨ ਹੋਏ। ਪੰਜ ਦਿਨ ਸਤਸੰਗ ਕਰਿਆ ਹੈ। ਸੋ ਅਗੇ ਜਿਵੇਂ ਵਾਹਿਗੁਰੂ ਨੂੰ ਭਾਵੇਗਾ ਹੋ ਜਾਏਗਾ।

ਬੇਨਤੀ ਇਹ ਹੈ ਕਿ ਸਿਧੀਆਂ ਸਿਧੀਆਂ ਗੱਲਾਂ ਆਪਾਂ ਕਰੀਆਂ, ਔਖੀਆਂ ਵੀ ਕਰੀਆਂ। ਇਹ ਇਕ ਰਸਤਾ ਹੈ, ਰੂਹਾਨੀ ਮਾਰਗ ਦਾ, ਇਸ ਵਿਚ ਧੋਖਾ ਨਹੀਂ, ਕਿਸੇ ਨਾਲ ਨਫਰਤ ਨਹੀਂ ਕੋਈ ਕਾਹਲ ਨਹੀਂ, ਸਿਧਾ ਰਾਹ ਜਾਂਦਾ ਹੈ। ਜਿਸ ਨੂੰ ਗਾਡੀ ਰਾਹ ਕਹਿੰਦੇ ਨੇ। ਭਰਮਾਂ-ਭੁਲੇਖਿਆਂ ਵਿਚ ਨਾ ਪਇਆ ਕਰੋ। ਜਿਹੜੀ ਗੁਰੂ ਦੀ ਬਾਣੀ ਹੈ ਉਸਦੇ ਮੁਤਾਬਿਕ ਚਲੋ, ਹੋਰ ਕਿਸੇ ਦੀ ਗੱਲ ਨਾ ਸੁਣੋ। ਕਿਉਂਕਿ ਕੱਚਾ ਮਨੁੱਖ ਹੈ, ਗੁਰੂ ਦੀ ਬਾਣੀ ਤੋਂ ਬਗੈਰ ਕੱਚੀ ਗੱਲ ਸੁਣਾਏਗਾ, ਅਸੀਂ ਉਲਝ ਜਾਵਾਂਗੇ। ਜਿਹੜਾ ਬਚਨ ਗੁਰੂ ਗ੍ਰੰਥ ਸਾਹਿਬ ਦੇ ਨਾਲ ਮਿਲਦਾ ਹੈ, ਉਹ ਤਾਂ ਪੱਕਾ ਹੈ। ਜਿਹੜਾ ਮਿਲਦਾ ਨਹੀਂ, ਆਪਣੀ ਮਨ ਦੀ ਮੱਤ ਤੋਂ ਆਉਂਦਾ ਹੈ, ਉਹ ਸਾਨੂੰ ਭਟਕਾ ਦਿੰਦਾ ਹੈ। ਸੋ ਜੋ ਆਪਨੇ ਸਾਰੀਆਂ ਬੇਨਤੀਆਂ ਸਰਵਣ ਕੀਤੀਆਂ ਹਨ, ਇਸਤੇ ਅਮਲ ਕਰੋ।

ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੀਏ। ਜਿਹੜੇ ਪ੍ਰੇਮੀ ਹੁਣ ਤੱਕ ਨਹੀਂ ਬੋਲੇ, ਉਹ ਵੀ ਰਸਨਾ ਪਵਿੱਤਰ ਕਰੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

---

(ਪੰਨਾ 2 ਬਾਕੀ)

ਜਦੋਂ ਤੋਂ ਮੈਂ (ਜੀਵ ਇਸਤ੍ਰੀ) ਦੁਨੀਆਂ ਦੇ ਝੂਠੇ ਮੋਹ ਵਿਚ ਫਸ ਕੇ ਖੁਆਰ ਹੋ ਰਹੀ ਹਾਂ, ਤਦੋਂ ਤੋਂ ਹੀ, ਹੇ ਪਤੀ! ਮੈਂ ਤੈਥੋਂ ਵਿਛੜੀ ਹੋਈ ਹਾਂ। ਪਿਲਛੀ ਤੇ ਕਾਹੀ (ਕੁਕਹ/ਕਾਹ) ਦੇ ਸਫੈਦ ਬੂਰ ਵਾਂਗ ਮੇਰੇ ਕੇਸ ਚਿੱਟੇ ਹੋ ਗਏ ਹਨ, ਜੀਵਨ ਨਿਸਫਲ ਜਾ ਰਿਹਾ ਹੈ। ਮੇਰੇ ਸਰੀਰ ਦਾ ਘਾਮ, ਜਵਾਨੀ ਦੀ ਤਪਸ਼, ਨਿੱਘ ਘਟ ਗਈ ਹੈ। ਹੁਣ ਉਸ ਦੇ ਪਿਛੇ ਪਿਛੇ ਸਿਆਲ ਭਾਵ ਕਮਜ਼ੋਰੀ ਦੀ ਅਵਸਥਾ ਆ ਰਹੀ ਹੈ। ਇਹ ਤਮਾਸ਼ਾ ਦੇਖ ਕੇ ਮੇਰਾ ਮਨ ਘਬਰਾ ਰਿਹਾ ਹੈ ਕਿਉਂਕਿ ਅਜੇ ਤਕ ਤੇਰਾ ਦੀਦਾਰ ਨਸੀਬ ਨਹੀਂ ਹੋਇਆ।

***ਦਹ ਦਿਸਿ ਸਾਖ ਹਰੀ ਹਰੀਆਵਲ ਸਹਿਜ ਪਕੈ ਸੋ ਮੀਠਾ॥***
***ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥***

***ਪੰਨਾ - 1109***

ਪਰ ਹੁਣ ਅੱਸੂ ਦੇ ਮਹੀਨੇ ਹਰ ਪਾਸੇ ਬਨਸਪਤੀ ਦੀਆਂ ਹਰੀਆਂ ਸਾਖਾਂ ਦੀ ਹਰਿਆਵਲ ਵੇਖ ਕੇ ਧੀਰਜ ਬੱਝਦਾ ਹੈ ਕਿ ਪ੍ਰਭੂ ਮਿਹਰਵਾਨ ਹੈ। ਜਿਹੜਾ ਜੀਵ ਸਹਿਜ ਵਿਚ, ਅਡੋਲ ਅਵਸਥਾ ਵਿਚ, ਧੀਰਜ ਵਿਚ ਨਿਰੰਤਰ ਪ੍ਰਭੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ, ਉਸਨੂੰ ਪ੍ਰਭੂ ਪਿਆਰ ਮਿਲਾਪ ਦੀ ਮਿਠਾਸ (ਖੁਸ਼ੀ) ਅਵੱਸ਼ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਅੱਸੂ ਦੀ ਮਿੱਠੀ ਰੁੱਤ ਵਿਚ ਗੁਰੂ ਅੱਗੇ ਅਰਦਾਸ ਕਰੀਏ, ਗੁਰੂ ਵਿਚੋਲੇ ਰਾਹੀਂ ਪਿਆਰੇ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ। ਜਿਹੜਾ ਮਨੁੱਖ ਪ੍ਰਭੂ ਦੀ ਮਿਹਰ ਰਾਹੀਂ ਸਤਿਗੁਰੂ ਦੀ ਸ਼ਰਨ ਪੈਂਦਾ ਹੈ, ਉਹ ਮਾਇਆ ਦੇ ਮਾਰੂ ਹੱਲਿਆਂ ਤੋਂ ਅਡੋਲ ਰਹਿੰਦਾ ਹੈ ਅਤੇ ਉਸ ਨੂੰ ਪ੍ਰਭੂ ਮਿਲਾਪ ਦਾ ਅਨੰਦ ਪ੍ਰਾਪਤ ਹੁੰਦਾ ਹੈ।

# ਵਰਖਾ ਰੁੱਤ ਦੇ ਰੋਗ

***ਕੈਪਟਨ ਸ਼ਮਸ਼ੇਰ ਸਿੰਘ***

ਸਖਤ ਗਰਮੀ ਦਾ ਮੌਸਮ ਜਦੋਂ ਬਹੁਤ ਹੀ ਤਪਦਾ ਹੈ ਤੇ ਹਰ ਜੀਵ ਜੰਤੂ ਵਿਆਕੁਲ ਹੋ ਜਾਂਦਾ ਹੈ ਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਹੇ ਮਾਲਕ! ਹੁਣ ਤਾਂ ਵਰਖਾ ਜਲਦੀ ਤੋਂ ਜਲਦੀ ਭੇਜ ਤਾਕਿ ਗਰਮੀ ਤੋਂ ਰਾਹਤ ਮਿਲੇ ਤੇ ਜਦੋਂ ਵਰਖਾ ਆ ਜਾਂਦੀ ਹੈ ਤਾਂ ਸੁਖ ਦਾ ਸਾਹ ਆਉਂਦਾ ਹੈ ਤੇ ਹਰ ਜੀਵ ਜੰਤੂ ਤੇ ਬਨਸਪਤੀ ਵਰਖਾ ਹੁੰਦਿਆਂ ਹੀ ਮੌਲ ਉਠਦੀ ਹੈ। ਹਰਿਆਲੀ ਦਾ ਵਾਤਾਵਰਣ ਬਣ ਜਾਂਦਾ ਹੈ ਜਿਸ ਦੇ ਗੀਤ ਅਨੇਕਾਂ ਹੀ ਕਵੀਆਂ ਨੇ ਰਚੇ ਹਨ ਪਰ ਬਰਸਾਤ ਆਪਣੇ ਨਾਲ ਜਿਥੇ ਗਰਮੀ ਤੋਂ ਰਾਹਤ ਲੈ ਕੇ ਆਉਂਦੀ ਹੈ ਉਥੇ ਹੀ ਮੱਖੀਆਂ, ਮੱਛਰ ਅਤੇ ਹੋਰ ਕੁਝ ਅਜਿਹੇ ਜੀਵਾਣੂਆਂ ਨੂੰ ਭੀ ਜ਼ਿੰਦਗੀ ਦਿੰਦੀ ਹੈ ਜਿਨ੍ਹਾਂ ਨਾਲ ਬਹੁਤ ਸਾਰੇ ਰੋਗਾਂ ਦਾ ਭੀ ਆਗਮਨ ਹੋ ਜਾਂਦਾ ਹੈ। ਬੱਦਲ ਵਰਸਦੇ ਭੀ ਤਦ ਹੀ ਸੋਹਣੇ ਲਗਦੇ ਹਨ ਜੇਕਰ ਤਨ ਮਨ ਭੀ ਸਹੀ ਹੋਵੇ। ਉਤਰ ਭਾਰਤ ਵਿਚ ਸਾਵਣ ਮਹੀਨੇ ਹੀ ਵੱਧ ਵਰਖਾ ਹੁੰਦੀ ਹੈ ਤੇ ਬਰਸਾਤ ਤੇ ਸਾਵਣ ਦਾ ਸਾਥ ਜੁੜਿਆ ਹੋਇਆ ਹੈ।

## ਬਰਸਾਤ ਵਿਚ ਹੋਣ ਵਾਲੇ ਰੋਗ

**1. ਹੈਜ਼ਾ** – ਇਹ ਇਕ ਬਹੁਤ ਹੀ ਭਿਆਨਕ ਰੋਗ ਹੈ। ਇਹ ਵਿਵਰਿਉਂ ਕੋਲਾਰੇ ਨਾਮਕ ਵਿਸ਼ਾਣੂ ਤੋਂ ਉਤਪੰਨ ਹੁੰਦਾ ਹੈ ਤੇ ਇਹ ਵਿਸ਼ਾਣੂ ਦੂਸ਼ਤ ਪਾਣੀ ਵਿਚ ਵਧਦਾ ਫੈਲਦਾ ਹੈ ਤੇ ਪਾਣੀ ਪੀਣ ਵਾਲੇ ਪਦਾਰਥਾਂ ਤੇ ਸੜੇ ਗਲੇ ਫਲਾਂ ਸਬਜ਼ੀਆਂ ਤੋਂ ਉਤਪੰਨ ਹੁੰਦਾ ਹੈ। ਇਸ ਨੂੰ ਫੈਲਾਉਣ ਵਿਚ ਮੱਖੀਆਂ ਦਾ ਖਾਸ ਸਹਿਯੋਗ ਹੁੰਦਾ ਹੈ ਤੇ ਇਨ੍ਹਾਂ ਦੀ ਮਦਦ ਨਾਲ ਇਹ ਮਹਾਂਮਾਰੀ ਦਾ ਰੂਪ ਧਾਰਨ ਕਰਦਾ ਹੈ। ਇਸ ਲਈ ਖਾਣ ਪੀਣ ਵਾਲੀਆਂ ਵਸਤਾਂ ਮੱਖੀਆਂ ਤੋਂ ਬਚਾਉਣੀਆਂ ਚਾਹੀਦੀਆਂ ਹਨ। ਜੇ ਇਹ ਰੋਗ ਹੋ ਭੀ ਜਾਵੇ ਤੇ ਮਰੀਜ਼ ਨੂੰ ਬਾਰ ਬਾਰ ਦਸਤ ਹੋਣ ਤਾਂ ਖਿਆਲ ਰੱਖੋ ਕਿ ਮਰੀਜ਼ ਦੇ ਜਿਸਮ ਵਿਚ ਪਾਣੀ ਦੀ ਘਾਟ ਨਾ ਆਵੇ ਇਸ ਦੇ ਲਈ ਕੈਮਿਸਟ ਦੀ ਦੁਕਾਨ ਤੋਂ ORS ਜਾਂ ਅਲੈਕਟਰਾ ਘੋਲ ਲੈ ਕੇ ਦੇਣਾ ਚਾਹੀਦਾ ਹੈ ਜੇ ਇਹ ਨਾ ਮਿਲੇ ਤਾਂ ਉਬਾਲ ਕੇ ਠੰਢੇ ਕੀਤੇ ਪਾਣੀ ਵਿਚ ਨਮਕ, ਚੀਨੀ ਦਾ ਘੋਲ ਬਣਾ ਕੇ ਦੇਣਾ ਚਾਹੀਦੀ ਹੈ ਤੇ ਇਸ ਵਿਚ ਨਿੰਬੂ ਭੀ ਪਾਉਣਾ ਚਾਹੀਦਾ ਹੈ। ਇਸ ਦਾ ਘਰੇਲੂ ਇਲਾਜ ਇਹ ਹੈ ਕਿ ਪੁਦੀਨਾ, ਕਾਲੀ ਮਿਰਚ, ਸੇਂਧਾ ਨਮਕ ਤੇ ਜੀਰੇ ਦੀ ਚਟਣੀ ਬਣਾ ਕੇ ਦਿਤੀ ਜਾਵੇ ਜਿਸ ਦੇ ਖਾਣ ਨਾਲ ਲਾਭ ਹੁੰਦਾ ਹੈ। ਇਸ ਵਿਚ ਨਿੰਬੂ ਦਾ ਰਸ ਭੀ ਪਾਉਣਾ ਚੰਗਾ ਹੁੰਦਾ ਹੈ।

**2. ਹਿਪੋਟਾਇਟਸ ਏ** – ਇਹ ਰੋਗ ਪੀਲੀਆ ਕਰਕੇ ਮਸ਼ਹੂਰ ਹੈ ਕਿਉਂਕਿ ਇਸ ਵਿਚ ਅੱਖਾਂ ਪੀਲੀਆਂ ਹੋ ਜਾਂਦੀਆਂ ਹਨ, ਪਿਸ਼ਾਬ ਭੀ ਗਾੜ੍ਹਾ ਪੀਲਾ ਹੋ ਜਾਂਦਾ ਹੈ। ਇਹ ਰੋਗ ਮਿਹਦੇ ਦੀ ਸੂਜਨ ਕਾਰਨ ਹੁੰਦਾ ਹੈ। ਇਹ ਭੀ ਸੜੇ ਹੋਏ ਦੂਸ਼ਤ ਪਾਣੀ ਤੋਂ ਹੁੰਦਾ ਹੈ। ਇਸ ਨਾਲ ਇਕ ਦਮ ਭੁੱਖ ਲਗਣੀ ਬੰਦ ਹੋ ਜਾਂਦੀ ਹੈ ਤੇ ਉਲਟੀਆਂ ਸ਼ੁਰੂ ਹੋ ਜਾਂਦੀਆਂ ਹਨ ਤੇ ਪੇਟ ਦੇ ਉਪਰੀ ਭਾਗ ਵਿਚ ਦਰਦ ਹੋਣ ਲਗ ਜਾਂਦਾ ਹੈ। ਇਸ ਨਾਲ ਤਿਲੀ ਭੀ ਵਧ ਜਾਂਦੀ ਹੈ। ਇਸ ਦੇ ਉਪਚਾਰ ਲਈ ਪੂਰਨ ਆਰਾਮ ਕਰਨਾ ਚਾਹੀਦਾ ਹੈ। ਇਸ ਦੇ ਉਪਚਾਰ ਲਈ ਗੰਨਾ ਠੰਢਾ ਕਰਕੇ ਚੂਸਣਾ ਚਾਹੀਦਾ ਹੈ। 70 ਗ੍ਰਾਮ ਦਹੀਂ ਵਿਚ 5 ਗ੍ਰਾਮ ਹਲਦੀ ਪਾ ਕੇ ਕੁਝ ਦਿਨ ਇਸਤੇਮਾਲ ਕਰਨੀ ਚਾਹੀਦੀ ਹੈ।

**3. ਮਲੇਰੀਆ** – ਇਹ ਮੱਛਰਾਂ ਤੋਂ ਉਤਪੰਨ ਹੋਣ ਵਾਲਾ ਰੋਗ ਹੈ ਤੇ ਇਸ ਦਾ ਬੁਖਾਰ ਕਾਂਬਾ ਦੇ ਕੇ ਚੜ੍ਹਦਾ ਹੈ। ਇਸ ਦਾ ਘਰੇਲੂ ਇਲਾਜ ਕਰੇਲੇ ਦੇ ਤਿੰਨ ਪੱਤੇ ਅਤੇ ਕਾਲੀ ਮਿਰਚ ਦੇ ਦਾਣੇ ਇਕੱਠੇ ਪੀਹ ਕੇ ਸਵੇਰੇ, ਦੁਪਹਿਰ ਸ਼ਾਮ ਕਈ ਦਿਨ ਤਕ ਲੈਣ ਨਾਲ ਇਹ ਬੁਖਾਰ ਨਹੀਂ ਹੁੰਦਾ ਤੇ ਜੋ ਹੋਵੇ ਤਾਂ ਭੀ ਖਤਮ ਹੋ ਜਾਂਦਾ ਹੈ। ਦੂਜਾ ਨੁਸਖਾ ਪਿਪਰਾਮੂਲ ਦਾ ਚੂਰਣ ਸ਼ਹਿਦ ਵਿਚ ਪਾਉ ਤੇ ਖਾ ਕੇ ਉਪਰੋਂ ਗਾਂ ਦਾ ਗਰਮ ਦੁੱਧ ਪੀਣ ਨਾਲ ਭੀ ਬੁਖਾਰ ਉਤਰ ਜਾਂਦਾ ਹੈ।

4. ਟਾਈਫਾਇਡ ਬੁਖਾਰ ਭੀ ਇਸ ਮੌਸਮ ਵਿਚ ਕਾਫੀਜਲਦੀ ਫੈਲਦਾ ਹੈ। ਇਹ ਸਾਲਭੀਨੇਲਾ ਨਾਮਕ ਵਿਸ਼ਾਣੂ ਤੋਂ ਹੁੰਦਾ ਹੈ।

5. ਫਲੇਰਿਆ – ਇਹ ਮਲੇਰੀਏ ਵਾਂਗ ਹੀ ਇਕ ਖਾਸ ਕਿਸਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।

6. ਇਨ੍ਹਾਂ ਰੋਗਾਂ ਤੋਂ ਬਿਨਾਂ ਪੇਟ ਦੀਆਂ ਹੋਰ ਬਿਮਾਰੀਆਂ ਅਤੇ ਫੋੜੇ, ਫੁਨਸੀਆਂ ਅੱਖਾਂ ਦੇ ਰੋਗ ਭੀ ਬਰਸਾਤ ਵਿਚ ਆਮ ਹੁੰਦੇ ਹਨ।

### ਵਰਖਾ ਰੁੱਤ ਦੇ ਰੋਗਾਂ ਤੋਂ ਬਚਾਓ –

ਕਿਹਾ ਜਾਂਦਾ ਹੈ ਕਿ ਰੋਗਾਂ ਦੇ ਉਪਚਾਰ ਨਾਲੋਂ ਇਨ੍ਹਾਂ ਤੋਂ ਬਚਾਓ ਰੱਖਣਾ ਬਹੁਤ ਜ਼ਿਆਦਾ ਚੰਗਾ ਹੈ। ਜੇਕਰ ਹੇਠ ਲਿਖੇ ਨੁਕਤਿਆਂ ਤੇ ਧਿਆਨ ਰੱਖਿਆ ਜਾਵੇ ਤਾਂ ਇਨ੍ਹਾਂ ਰੋਗਾਂ ਦਾ ਨੇੜੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਨਾਲ ਤੁਹਾਨੂੰ ਸਰੀਰਕ ਤਕਲੀਫ ਤੋਂ ਇਲਾਵਾ ਡਾਕਟਰਾਂ ਦੇ ਬਿਲ ਵੀ ਨਹੀਂ ਭਰਨੇ ਪੈਣਗੇ।

1. ਖਾਣ ਪੀਣ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਫਰਿਜ਼ ਵਿਚ ਰੱਖਿਆ ਬਾਸੀ ਭੋਜਨ ਬਰਸਾਤ ਵਿਚ ਇਸਤੇਮਾਲ ਨਾ ਕਰੋ। ਤਾਜ਼ਾ ਭੋਜਨ ਬਣਾ ਕੇ ਹੀ ਖਾਣਾ ਚਾਹੀਦਾ ਹੈ ਤੇ ਉਹ ਭੀ ਭੁੱਖ ਨਾਲੋਂ ਘੱਟ ਮਾਤਰਾ ਵਿਚ

(ਬਾਕੀ ਪੰਨਾ 62 ਤੇ)

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

## (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

### ਹੁਕਮਨਾਮਾ

### ਸੂਹੀ ਮਹਲਾ ੧ ਘਰ ੧੦

### ੧ੴ ਸਤਿਗੁਰ ਪ੍ਰਸਾਦਿ

*ਮਾਣਸ ਜਨਮੁ ਦੁਲੰਭੁ ਗੁਰਮੁਖ ਪਾਇਆ॥*
*ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਇਆ॥੧॥*
*ਚਲੈ ਜਨਮੁ ਸਵਾਰਿ ਵਖਰੁ ਸਚੁ ਲੈ॥*
*ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ॥੧॥ ਰਹਾਉ॥*
*ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ॥*
*ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ॥੨॥*
*ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥*
*ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ॥੩॥*
*ਮੂਰਖ ਮਨ ਸਮਝਾਇ ਆਖਉ ਕੇਤੜਾ॥*
*ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ॥੪॥*
*ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ॥*
*ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ॥੫॥*
*ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ॥*
*ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ॥੬॥*
*ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ॥*
*ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ॥੭॥*
*ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥੮॥੧॥੩॥*

*ਪੰਨਾ – 642*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਸਾਧ ਸੰਗਤ ਜੀ! ਆਪ ਨੇ ਮੌਸਮ ਦੇ ਖਰਾਬ ਹੋਣ ਦੇ ਬਾਵਜੂਦ ਆਪਣੇ ਨੇਮ ਨੂੰ ਨਿਭਾਉਂਦੇ ਹੋਏ ਗੁਰੂ ਦਰਬਾਰ ਵਿਚ ਪੁਜ ਕੇ ਆਪਣੇ ਨੇਹੁੰ ਦੀ ਪਾਲਣਾ ਕੀਤੀ ਹੈ। ਅੰਮ੍ਰਿਤ ਵੇਲੇ ਦੀ ਸੰਭਾਲ ਕਲਜੁਗ ਦੇ ਸਮੇਂ ਦੇ ਅੰਦਰ ਵਿਰਲੇ-ਵਿਰਲੇ ਭਾਗਾਂ ਵਾਲੇ ਦੇ ਭਾਗਾਂ ਵਿਚ ਆਉਂਦੀ ਹੈ, ਬਾਕੀ ਜੋ ਸੰਸਾਰ ਹੈ ਉਹ ਵੈਸੇ ਵੀ ਸੁੱਤਾ ਪਿਆ ਹੈ, ਸਰੀਰਕ ਰੂਪ ਵਿਚ ਵੀ ਸੁੱਤਾ ਪਿਆ ਹੈ। ਜਾਗ ਨਹੀਂ ਆਉਂਦੀ ਬਿਲਕੁਲ ਅੰਧਕਾਰ ਹੈ, ਕੋਈ ਪਤਾ ਨਹੀਂ ਕਿ ਸਾਡਾ ਕੀ ਰਸਤਾ ਹੈ? ਕਾਹਦੇ ਵਾਸਤੇ ਅਸੀਂ ਸੰਸਾਰ ਵਿਚ ਆਏ ਹਾਂ? ਕੀ ਸਾਡਾ ਫਰਜ ਹੈ? ਕਿਹੜੀ ਗੱਲ ਦੇ ਵਿਚ ਸਾਡੀ ਪੱਤ ਪ੍ਰਵਾਣ ਹੋਣੀ ਹੈ? ਕਿਹੜੀ ਗੱਲ ਹੈ ਜਿਸ ਦੇ ਨਾਲ ਸਾਡੀ ਪੱਤ ਲਹਿ ਜਾਣੀ ਹੈ। ਬਾਹਰਲੇ ਭੇਖ, ਬਾਹਰਲੇ ਦਿਖਾਵੇ, ਬਾਹਰਲੀਆਂ ਗੱਲਾਂ ਦਰਗਾਹ ਵਿਚ ਨਹੀਂ ਚਲਦੀਆਂ, ਉਥੇ ਤਾਂ ਪੱਤ ਦਾ ਪਰਵਾਣਾ, ਵੱਟਾ ਪੈਣਾ ਹੈ। ਫੇਰ ਪਤਾ ਲਗਣਾ ਹੈ ਕਿ ਕਿਸ ਦੀ ਪੱਤ ਲੇਖੇ ਵਿਚ ਪੈਂਦੀ ਹੈ, ਕਿਸ ਦੀ ਨਹੀਂ ਪੈਂਦੀ।

ਸੋ ਗੁਰੂ ਮਹਾਰਾਜ ਜੀ ਨੇ ਜਿਸ ਸਿਧਾਂਤ ਨੂੰ ਸਾਡੇ ਭਲੇ ਵਾਸਤੇ ਬਹੁਤ ਹੀ ਸੁਖੈਨ ਤਰੀਕੇ ਦੇ ਨਾਲ ਕਲਜੁਗ ਦੇ ਭਿਆਨਕ ਸੰਸਾਰ ਵਿਚੋਂ ਲੰਘ ਜਾਣ ਦਾ ਸਾਧਨ ਦੱਸਿਆ ਹੈ ਉਹ ਮਹਾਰਾਜ ਨੇ ਦੋ ਦੱਸੇ ਨੇ। ਇਕ ਤਾਂ ਹੈ ਕਿ ਉਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ, ਦੂਸਰਾ ਹੈ ਕਿ ਉਸ ਨੂੰ ਹਰੀ ਦਾ ਜਸ ਪ੍ਰਾਪਤ ਹੋ ਜਾਵੇ। ਲੇਕਿਨ ਇਹ ਮਿਲਦੇ ਨਹੀਂ, ਦੋਏ ਬਹੁਤ ਹੀ ਔਖੇ ਨੇ, ਦੁਰਲੱਭ ਚੀਜ਼ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*

*ਪੰਨਾ – 642*

ਜੇ ਤਾਂ ਮੱਥੇ ਵਿਚ ਕੋਈ ਲੇਖ ਲਿਖਿਆ ਹੋਇਆ ਹੈ ਦਰਗਾਹ ਤੋਂ, ਪਿਛਲੇ ਜਨਮਾਂ ਦਾ ਕੋਈ ਤਪ ਕੀਤਾ ਹੋਇਆ ਹੈ, ਬੰਦਗੀ ਕੀਤੀ ਹੋਈ ਹੈ, ਸੇਵਾ ਕੀਤੀ ਹੋਈ ਹੈ ਤਾਂ ਉਸ ਦਾ ਫਲ ਇਹ ਹੁੰਦਾ ਹੈ ਕਿ ਉਸ ਦੇ ਭਾਗ ਬਣ ਜਾਂਦੇ ਨੇ, ਭਾਗ ਬਣਨ ਦੇ ਨਾਲ ਦਰਗਾਹ ਤੋਂ ਲੇਖ ਲਿਖਿਆ ਜਾਂਦਾ ਹੈ ਕਿ ਏਸ ਜੀਵ ਨੂੰ ਸੰਸਾਰ ਵਿਚ ਜਾ ਕੇ ਸੰਗਤ ਪ੍ਰਾਪਤ ਹੋਏਗੀ, ਗੁਰੂ ਮਿਲੇਗਾ, ਗੁਰਮੁਖ ਦੀ ਸੰਗਤ ਪ੍ਰਾਪਤ ਹੋਏਗੀ, ਸੰਗਤ ਵਿਚ ਜਾ ਕੇ ਹਰੀ ਦਾ ਜਸ ਕਰੇਗਾ। ਜਿਨ੍ਹਾਂ ਦੇ ਮਸਤਕ ਵਿਚ ਭਾਗ ਨਹੀਂ ਹੁੰਦਾ, ਮਹਾਰਾਜ ਜੀ ਕਹਿੰਦੇ ਉਹ ਨਹੀਂ ਨੇੜੇ ਆ ਸਕਿਆ ਕਰਦੇ–

*ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥*

*ਪੰਨਾ – 95*

ਬਗੈਰ ਭਾਗਾਂ ਤੋਂ 'ਸਤਿ' ਦੀ ਸੰਗਤ ਪ੍ਰਾਪਤ ਨਹੀਂ ਹੁੰਦੀ। ਕਈ ਕਿਸਮ ਦੀ ਸਤਿਸੰਗ ਹੁੰਦੀ ਹੈ। ਜਿਸ ਥਾਂ ਤੇ ਗੁਰਮੁਖ ਪਿਆਰੇ ਇਕੱਠੇ ਹੋ ਕੇ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਆਪਣੀ ਸੁਰਤੀ ਪ੍ਰਮੇਸ਼ਰ ਦੇ ਚਰਨਾਂ ਵਿਚ ਲਾਉਣ, ਉਹ ਵੀ ਸਤਿਸੰਗ ਹੋਇਆ ਕਰਦਾ ਹੈ। ਸਤਿ ਸਾਸ਼ਤਰ, ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਨਾਲ ਜਿਸ ਦੀ ਬਿਰਤੀ ਜੁੜ ਜਾਵੇ, ਬਾਣੀ ਦੇ ਨਾਲ ਜਿਸ ਦਾ ਚਿਤ

ਜੁੜ ਜਾਵੇ, ਦੌੜਦਾ ਭੱਜਦਾ ਨਾ ਫਿਰੇ ਤੇ ਬਾਣੀ ਦਾ ਰਸ ਜਿਸ ਦੇ ਅੰਦਰ ਆ ਜਾਵੇ ਉਸ ਨੂੰ ਵੀ ਸਤਿਸੰਗ ਪ੍ਰਾਪਤ ਹੋ ਜਾਇਆ ਕਰਦਾ ਹੈ।

ਤੀਸਰੀ ਸਤਿਸੰਗ ਹੁੰਦੀ ਹੈ ਕਿ 'ਸਤਿ' ਨੂੰ ਜਾਨਣ ਵਾਲੇ ਪੁਰਸ਼, ਜਿਨ੍ਹਾਂ ਨੇ 'ਸਤਿ' ਨੂੰ ਪਛਾਣ ਲਿਆ, ਅੰਦਰੋਂ ਹੀ ਜਿਨ੍ਹਾਂ ਨੂੰ ਸੱਚ ਲੱਭ ਗਿਆ ਉਨ੍ਹਾਂ ਦੀ ਜੇ ਸੰਗਤ ਪ੍ਰਾਪਤ ਹੋ ਜਾਵੇ ਉਸ ਨੂੰ ਵੀ 'ਸਤਿਸੰਗ' ਆਖਦੇ ਨੇ।

ਤਿੰਨੇ ਹੀ ਕਿਸਮ ਦਾ ਜੋ ਸਤਿਸੰਗ ਹੈ ਉਹ ਬਹੁਤ ਮੁਸ਼ਕਲ ਦੇ ਨਾਲ ਪ੍ਰਾਪਤ ਹੁੰਦਾ ਹੈ। ਆ ਕੇ ਸੰਗਤ ਵਿਚ ਬੈਠ ਜਾਣਾ, ਇਕ ਮਾਹੌਲ ਦੇ ਵਿਚ ਅਸਰ ਕਬੂਲ ਕਰਨਾ ਫਾਇਦਾ ਤਾਂ ਓਸ ਦਾ ਵੀ ਹੋਇਆ ਕਰਦਾ ਹੈ। ਇਕ ਉਹ ਨੇ ਜਿਹੜੇ ਤਨੋ ਮਨੋ ਜਿਸ ਤਰ੍ਹਾਂ ਕੋਈ ਡੁਬਕੀ ਲਾਉਂਦਾ ਹੈ ਇਸ ਤਰ੍ਹਾਂ ਮਨ ਦੀਆਂ ਵਾਸ਼ਨਾਵਾਂ ਛਡ ਕੇ, ਚਿਤ ਦੀਆਂ ਬਿਰਤੀਆਂ ਤੋਂ ਉਚੇ ਹੋ ਕੇ ਇਕਾਗਰਤਾ ਵਿਚ ਆ ਕੇ ਨਿਰੁਧ ਵਿਚ ਪਹੁੰਚਦੇ ਨੇ, ਬਾਣੀ ਵਿਚ ਲੀਨ ਹੋ ਜਾਂਦੇ ਨੇ, ਬਾਣੀ ਦੇ ਭਾਵ ਵਿਚ ਆਪਣੇ ਆਪ ਨੂੰ ਲੀਨ ਕਰ ਲੈਂਦੇ ਨੇ, ਉਹ ਉਤਮ ਸੰਗਤ ਹੈ। ਸ਼ਬਦ ਦੇ ਰਸ ਦੇ ਨਾਲ ਹੀ ਉਨ੍ਹਾਂ ਦੇ ਅੰਦਰੋਂ ਪਾਪ ਕੱਟੇ ਜਾਂਦੇ ਨੇ। ਸੋ ਇਹ ਬਹੁਤ ਔਖੀ ਪ੍ਰਾਪਤ ਹੋਇਆ ਕਰਦੀ ਹੈ, ਬੜੀ ਮਿਹਨਤ ਦੇ ਨਾਲ, ਭਾਗ ਬਣਨ ਤਾਂ ਹੋਇਆ ਕਰਦੀ ਹੈ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਪੰਨਾ – 642***

ਹੈ ਤਾਂ ਦੋਇ ਲਾਹੇਵੰਦ ਲੇਕਿਨ ਜਦੋਂ ਅਸੀਂ ਵਿਚਾਰ ਕਰਦੇ ਹਾਂ, ਗਾਉਂਦੇ ਤਾਂ ਪੈਸੇ ਲੈਣ ਵਾਲੇ ਵੀ ਨੇ, ਬਾਣੀ ਵੀ ਪੜ੍ਹਦੇ ਨੇ ਲੇਕਿਨ ਉਨ੍ਹਾਂ ਦੇ ਹਿਰਦੇ ਸੁੱਕੇ ਕਿਉਂ ਰਹਿ ਜਾਂਦੇ ਨੇ? ਅਸਰ ਕਿਉਂ ਨਹੀਂ ਹੁੰਦਾ ਉਨ੍ਹਾਂ ਦੇ ਅੰਦਰ? ਜਦੋਂ ਕੀਰਤਨ ਤੋਂ ਬਾਅਦ ਉਨ੍ਹਾਂ ਦਾ ਬਾਹਰਲਾ ਜੀਵਨ ਦੇਖੀਦਾ ਹੈ ਤਾਂ ਓਹੀ ਨਿੰਦਿਆ, ਓਹੀ ਚੁਗਲੀ, ਓਹੀ ਈਰਖਾ, ਓਹੀ ਪ੍ਰਮੇਸ਼ਰ ਨੂੰ ਭੁੱਲੇ ਰਹਿਣਾ। ਕਾਰਨ ਕੀ ਹੁੰਦਾ ਹੈ? ਇਹ ਇਕ ਮਸ਼ੀਨੀ ਕਿਰਿਆ ਤਾਂ ਉਨ੍ਹਾਂ ਦੇ ਅੰਦਰ ਹੋ ਜਾਂਦੀ ਹੈ, ਕਲਾ ਜਿਸ ਨੂੰ ਕਹਿੰਦੇ ਨੇ। ਗੱਲਾਂ ਵੀ ਸਾਧ ਲੈਂਦੇ ਨੇ, ਸਾਜ਼ ਵੀ ਬਹੁਤ ਸਾਧੇ ਹੋਏ ਹੁੰਦੇ ਨੇ ਲੇਕਿਨ ਅੰਦਰੋਂ ਕੋਰੇ ਦੇ ਕੋਰੇ ਹੀ ਰਹਿ ਜਾਂਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁਛਿਆ ਗਿਆ ਕਿ ਪਾਤਸ਼ਾਹ! ਆਪ ਦੀ ਸੰਗਤ ਵਿਚ ਤਾਂ ਸਾਰੇ ਹੀ ਆਉਂਦੇ ਨੇ, ਦੂਰ ਦਰਾਜ ਤੋਂ ਆਉਂਦੇ ਨੇ, ਸੈਂਕੜੇ ਹਜ਼ਾਰਾਂ ਮੀਲਾਂ ਤੋਂ ਚੱਲ ਕੇ ਆਉਂਦੇ ਨੇ ਪਰ ਇਕ ਉਹ ਨੇ ਜਿਹੜੇ ਰੰਗ ਵਿਚ ਰੰਗੇ ਜਾਂਦੇ ਨੇ, ਇਕ ਉਹ ਨੇ ਜਿਹੜੇ ਬਿਲਕੁਲ ਖੁਸ਼ਕ ਨਿਕਲਦੇ ਨੇ, ਇਕ ਉਹ ਨੇ ਜਿਨ੍ਹਾਂ ਤੇ ਥੋੜ੍ਹਾ ਜਿਹਾ ਅਸਰ ਹੁੰਦਾ ਹੈ ਮੁੜ ਕੇ ਫੇਰ ਭੁਲ ਭੱਲ ਜਾਂਦੇ ਨੇ। ਮਹਾਰਾਜ! ਕਾਰਨ ਕੀ ਹੈ?

ਮਹਾਰਾਜ ਜੀ ਕਹਿਣ ਲੱਗੇ, "ਪਿਆਰਿਓ! ਹਰ ਚੀਜ਼ ਦੀ ਵਿਧੀ ਹੋਇਆ ਕਰਦੀ ਹੈ, ਵਿਧੀ ਤੋਂ ਬਗੈਰ, ਜੁਗਤਿ ਤੋਂ ਬਗੈਰ ਕੋਈ ਫਲ ਹਾਸਲ ਨਹੀਂ ਹੋਇਆ ਕਰਦਾ ਜੁਗਤਿ ਤੋਂ ਬਗੈਰ ਆਦਮੀ ਦੀ ਮਿਹਨਤ ਜਾਇਆ ਹੋ ਜਾਂਦੀ ਹੈ।"

ਫਾਰਮੂਲੇ ਦਾ ਪਤਾ ਨਾ ਹੋਵੇ ਤਾਂ ਸਵਾਲ ਨਹੀਂ ਨਿਕਲਿਆ ਕਰਦਾ। ਰਕਮਾਂ ਪੜ੍ਹਦਾ ਹੈ, ਲਿਖਦਾ ਹੈ, ਸਲੇਟਾਂ ਤੇ ਕਾਪੀਆਂ ਤੇ ਲੇਕਿਨ ਜੇ ਫਾਰਮੂਲਾ ਨਹੀਂ ਹੈ ਤਾਂ ਓਸ ਨੂੰ ਪਤਾ ਨਹੀਂ ਲਗਦਾ ਇਸ ਚੀਜ਼ ਦਾ, ਕੋਈ ਵੀ ਚੀਜ਼ ਜੁਗਤਿ ਤੋਂ ਬਗੈਰ ਕੰਮ ਨਹੀਂ ਦਿਆ ਕਰਦੀ। ਸੋ ਜੁਗਤਿ ਹੋਇਆ ਕਰਦੀ ਹੈ ਸੰਗਤ ਦੀ।

ਸੋ ਓਸ ਵੇਲੇ ਆਪ ਨੇ ਏਸ ਗੱਲ ਨੂੰ ਹੋਰ ਸਪਸ਼ਟ ਕਰਨ ਵਾਸਤੇ ਫੁਰਮਾਨ ਕੀਤਾ ਕਿ ਸਤਿਸੰਗ ਹੁੰਦੀ ਹੋਵੇ ਕਿਉਂਕਿ ਗੁਰੂ ਦੀ ਬਾਣੀ ਤਾਂ 'ਸਤਿ' ਹੈ। ਜੇ ਇਸ ਦੇ ਨਾਲ ਸੰਗਤ ਅਸੀਂ ਕਰਨੀ ਹੋਵੇ ਤਾਂ ਇਸ ਦੇ ਵਾਸਤੇ ਜਦੋਂ ਘਰ ਤੋਂ ਚਲੇ, ਜੇ ਮਨ ਵਿਚ ਰਾਤ ਨੂੰ ਹੀ ਉਤਸ਼ਾਹ ਹੈ ਕਿ ਕੱਲ੍ਹ ਨੂੰ ਮੈਂ ਸਤਿਸੰਗ ਤੇ ਜਾਣਾ ਹੈ ਐਸਾ ਨਾ ਹੋਵੇ, ਕਿਤੇ ਮੈਨੂੰ ਨੀਂਦ ਆ ਜਾਵੇ ਤੇ ਜਾਗ ਨਾ ਖੁੱਲ੍ਹੇ। ਕੁਦਰਤ ਦਾ ਐਸਾ ਅਸੂਲ ਹੈ ਕਿ Time Piece ਹੋਵੇ ਨਾ ਹੋਵੇ, ਸੱਚੇ ਦਿਲ ਨਾਲ ਕਹਿ ਦਿਓ ਕਿ ਇੰਨੇ ਵਜੇ ਮੈਂ ਜਾਗਣਾ ਹੈ, ਐਨੇ ਵਜੇ ਜਾਣਾ ਹੈ। ਅੰਦਰ ਐਸੀ ਘੜੀ ਹੈ ਕਿ ਇਕ ਮਿੰਟ ਦੀ ਵੀ ਉਹ ਦੇਰੀ ਨਹੀਂ ਕਰਦੀ, ਉਸੇ ਵੇਲੇ ਜਗਾ ਦੇਏਗੀ। ਇਹ ਉਤਸ਼ਾਹ ਦੀ ਗੱਲ ਹੋਇਆ ਕਰਦੀ ਹੈ। ਜੇ ਅੰਦਰ ਉਤਸ਼ਾਹ ਹੋਵੇ ਫੇਰ ਇਹ ਗੱਲ ਵਾਪਰਦੀ ਹੈ। ਸੋ ਜਦੋਂ ਆਦਮੀ ਇੰਤਜ਼ਾਰ ਕਰਦਾ ਹੈ ਕਿ ਸਤਿਸੰਗ ਤੇ ਜਾਣਾ ਹੈ, ਕੀਰਤਨ ਹੋਣਾ ਹੈ, ਅਸੀਂ ਸੁਣਨਾ ਹੈ ਜਾ ਕੇ, ਕੰਮ ਛੇਤੀ-ਛੇਤੀ ਖਤਮ ਕਰੋ, ਜਿਹੜਾ ਕੰਮ ਕੱਲ੍ਹ ਨੂੰ ਓਸ ਵੇਲੇ ਕਰਨਾ ਹੈ ਉਸ ਨੂੰ ਹੁਣੇ ਹੀ ਠੀਕ ਕਰ ਦੇਈਏ, ਵਿਉਂਤ ਬਣਾਉਂਦਾ ਹੈ। ਓਸ ਵੇਲੇ ਤੋਂ ਗੁਰੂ ਘਰ ਵਿਚ ਹਾਜ਼ਰੀ ਲੱਗਣੀ ਸ਼ੁਰੂ ਹੋ ਜਾਂਦੀ ਹੈ।

ਜਦੋਂ ਕੋਈ ਗੁਰੂ ਨੂੰ ਸੱਚੇ ਦਿਲੋਂ ਪਿਆਰ ਕਰਨ ਵਾਲਾ, ਗੁਰਬਾਣੀ ਵਿਚ ਭਿਜਿਆ, ਰਸ-ਰੰਗ-ਰੱਤਾ ਗੁਰਮੁਖ, ਗੁਰਸਿੱਖ, ਮਹਾਂਪੁਰਸ਼ ਬਾਣੀ ਪੜ੍ਹਦਾ ਹੈ, ਕੀਰਤਨ ਕਰਦਾ ਹੈ ਤਾਂ ਉਸ ਦੀ ਸੰਗਤ ਵਿਚ ਕਿਹੋ ਜਿਹਾ ਹੀ ਸਖਤ ਬੰਦਾ ਕਿਉਂ ਨਾ ਆ ਜਾਵੇ, ਉਸ ਦੀ ਆਵਾਜ਼ ਇਕ ਵਾਰੀ ਸਾਰਿਆਂ ਨੂੰ ਭਿਉ ਦਿੰਦੀ ਹੈ ਕਿਉਂਕਿ ਉਹ ਭਿੱਜੀ ਹੋਈ ਆਵਾਜ਼ ਆਉਂਦੀ ਹੈ, ਰਸ ਵਾਲੀ ਆਵਾਜ਼ ਆਉਂਦੀ ਹੈ, ਅੰਦਰੋਂ ਹਿਰਦੇ 'ਚੋਂ ਪ੍ਰਮੇਸ਼ਰ ਨਾਲ ਮਿਲ ਕੇ ਉਸ ਦੀ ਆਵਾਜ਼ ਨਿਕਲਦੀ ਹੈ, ਪਰਮ ਸ਼ਕਤੀ ਉਸ ਦੇ ਬੋਲ ਦੇ ਵਿਚ ਸ਼ਾਮਲ ਹੋ ਕੇ ਦੂਸਰਿਆਂ ਦੇ ਹਿਰਦਿਆਂ ਦੇ ਵਿਚ ਛੇਕ ਪਾਉਂਦੀ ਚਲੀ ਜਾਂਦੀ ਹੈ –

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***
***ਪੰਨਾ - 1374***

ਕੋਈ ਵਿਰਲਾ ਵਿਰਲਾ ਪੁਰਸ਼ ਹੁੰਦਾ ਹੈ ਜਿਸ ਦੇ ਬਚਨ ਛੇਕ ਪਾ ਦਿੰਦੇ ਨੇ ਕਿਉਂਕਿ ਉਹ ਸ਼ਰਧਾ ਦੇ ਨਾਲ ਘਰੋਂ ਚੱਲ ਕੇ ਆਇਆ ਹੈ। ਜੇ ਸ਼ਰਧਾ ਦੇ ਨਾਲ ਨਾ ਆਵੇ ਫੇਰ ਤਾਂ ਦਰਵਾਜ਼ੇ ਬੰਦ ਕਰੇ ਹੋਏ ਨੇ ਓਸ ਦੇ, ਬੜਾ ਮੁਸ਼ਕਲ ਹੈ ਕਿਸੇ ਚੀਜ਼ ਦਾ ਅਸਰ ਹੋਣਾ।

ਸੋ ਮਹਾਰਾਜ ਕਹਿੰਦੇ ਪਹਿਲਾ ਇਹ ਹੈ ਕਿ ਅਰਦਾਸ ਕਰਕੇ ਸ਼ਰਧਾ ਦੇ ਨਾਲ ਜਦੋਂ ਸਤਿਸੰਗ ਵਿਚ ਆਉਂਦਾ ਹੈ ਤਾਂ ਉਸ ਵੇਲੇ ਉਹ ਤਿਆਰ ਹੁੰਦਾ ਹੈ ਸਤਿਸੰਗ ਦਾ ਫਲ ਲੈਣ ਵਾਸਤੇ ਤੇ ਫਲ ਉਸ ਨੂੰ ਉਸੇ ਵੇਲੇ ਮਿਲਦਾ ਹੈ ਜਦੋਂ ਪਹਿਲਾ ਕਦਮ ਪੁੱਟਦਾ ਹੈ। ਇਕ ਕਦਮ ਪੁੱਟਣ ਦਾ ਫਲ ਇਕ ਜਗ ਦੇ ਬਰਾਬਰ ਹੋਇਆ ਕਰਦਾ ਹੈ। ਜਿੰਨੇ ਕਦਮ ਪੁੱਟ ਕੇ ਜਾਂਦਾ ਹੈ ਉਨੇ ਹੀ ਜੱਗਾਂ ਦਾ ਫਲ ਉਸ ਦੇ ਵਿਘਨਾਂ ਨੂੰ ਨਾਸ਼ ਕਰਦਾ ਹੈ, ਪਾਪਾਂ ਨੂੰ ਦੱਬਣਾ ਸ਼ੁਰੂ ਕਰ ਦਿੰਦਾ ਹੈ। ਉਸ ਤੋਂ ਬਾਅਦ ਜਦੋਂ ਸੰਗਤ ਵਿਚ ਆਉਂਦਾ ਹੈ, ਉਥੇ ਨਿਮਰਤਾ ਧਾਰਨ ਕਰਦਾ ਹੈ ਕਿ ਹੇ ਪ੍ਰਭੂ! ਤੇਰੇ ਪਿਆਰੇ ਬੈਠੇ ਨੇ, ਮੈਂ ਹੀ ਇਕ ਐਸਾ ਹਾਂ ਜਿਸ ਨੂੰ ਪਿਆਰ ਨਹੀਂ ਲਗਿਆ, ਇਨ੍ਹਾਂ ਪਿਆਰਿਆਂ ਦੇ ਸਦਕੇ ਮੇਰੇ ਤੇ ਕਿਰਪਾ ਕਰ। ਤੂੰ ਇਹਨਾਂ ਨੂੰ ਪਿਆਰ ਕਰਦਾ ਹੈਂ ਇਨ੍ਹਾਂ ਦਾ ਹੀ ਵਾਸਤਾ ਮੈਂ ਪਾਉਂਦਾ ਹਾਂ। ਫੇਰ ਉਹ ਨਿਮਰਤਾ ਦੇ ਨਾਲ ਸਤਿਸੰਗ ਵਿਚ ਦਾਖਲ ਹੁੰਦਾ ਹੈ। ਉਸ ਵੇਲੇ ਉਸ ਦਾ ਦਿਮਾਗ ਬੰਦ ਹੋਣ ਵਾਲਾ ਨਹੀਂ ਹੁੰਦਾ, ਤਰਕ ਵਿਚ ਨਹੀਂ ਹੁੰਦਾ। ਇਕ ਉਹ ਨੇ ਜਿਹੜੇ ਤਰਕ ਕਰਦੇ ਨੇ ਕਿ ਫਲਾਣਾ ਬੈਠਾ ਹੈ, ਲੈ ਇਹ ਵੀ ਸੰਗਤ ਵਿਚ ਆ ਗਿਆ, ਉਥੇ ਤਾਂ ਆਏਂ ਕਰਦਾ ਹੈ। ਉਹ ਇਹ ਨਹੀਂ ਦੇਖਦਾ, ਉਹ ਸਭ ਨੂੰ ਪਿਆਰ ਨਾਲ ਦੇਖਦਾ ਹੈ ਕਿ ਵਾਹਿਗੁਰੂ ਦੇ ਹਜ਼ੂਰ ਬੈਠੇ ਨੇ। ਆਪਣੇ ਆਪ ਨੂੰ ਮਾੜਾ ਕਹਿੰਦਾ ਹੈ। ਜਿਹੜਾ ਆਪਣੇ ਆਪ ਨੂੰ ਮਾੜਾ ਕਹਿੰਦਾ ਹੈ ਉਹ ਪਹੁੰਚ ਕਿਥੇ ਜਾਂਦਾ ਹੈ? ਮਹਾਰਾਜ ਜੀ ਕਹਿੰਦੇ ਉਹ ਸਾਡੇ ਕੋਲ ਪਹੁੰਚ ਜਾਂਦਾ ਹੈ। ਸਾਡਾ ਪਿਆਰ ਹਾਸਲ ਕਰਦਾ ਹੈ, ਸਾਡਾ ਮਿੱਤਰ ਬਣ ਜਾਂਦਾ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ - 1365***

ਮਿੱਤਰ ਓਹੀ ਹੈ ਜਿਸ ਨੇ ਇਹ ਬੁਝ ਲਿਆ ਕਿ ਮੇਰੇ ਨਾਲੋਂ ਸਾਰੇ ਚੰਗੇ ਨੇ। ਜੇ ਰਹਿ ਗਿਆ ਤਾਂ ਮੈਂ ਹੀ ਰਹਿ ਗਿਆ ਪਿਛੇ। ਉਸ ਦੀ ਮਿੱਤਰਤਾ ਪੈ ਜਾਂਦੀ ਹੈ, ਪਿਆਰ ਪੈ ਜਾਂਦਾ ਹੈ ਗੁਰੂ ਨਾਨਕ ਤੇ ਇਸ ਨੂੰ ਨਿਮਰਤਾ ਕਹਿੰਦੇ ਨੇ, ਝੁਕਣਾ ਨਿਮਰਤਾ ਨਹੀਂ ਹੁੰਦਾ ਕਿ ਐਵੇਂ ਝੁਕੀ ਜਾਓ ਹੱਥ ਬੰਨ੍ਹੀ ਜਾਓ -

***ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥***
***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥***
***ਪੰਨਾ - 470***

ਨਿਮਰਤਾ ਦੇ ਨਾਲ ਫੇਰ ਨਮਸ਼ਕਾਰ ਕਰਦਾ ਹੈ। ਨਮਸ਼ਕਾਰ ਕਰਨ ਦੀ ਭਗਤੀ ਦਾ ਫਲ ਬੇਅੰਤ ਹੋਇਆ ਕਰਦਾ ਹੈ। ਗੁਰੂ ਦਸ਼ਮੇਸ਼ ਪਿਤਾ ਨੂੰ ਪੁਛਿਆ ਕਿ ਇਹ ਨਮਸ਼ਕਾਰਾਂ ਕਰਦੇ ਨੇ ਕਾਜ਼ੀ ਸਲਾਦ-ਦੀਨ ਨੇ।

ਮਹਾਰਾਜ ਕਹਿੰਦੇ, "ਕਾਜ਼ੀ ਸਾਹਿਬ! ਇਨ੍ਹਾਂ ਦੇ ਜੋ ਪੁੱਠੇ ਲੇਖ ਨੇ ਇਹ ਜਿਸ ਵਕਤ ਗੁਰੂ ਚਰਨਾਂ ਦੇ ਨਾਲ ਸਪਰਸ਼ ਕਰਦੇ ਨੇ, ਉਸ ਵੇਲੇ ਇਹ ਦਬ ਜਾਂਦੇ ਨੇ, ਜਿਹੜੇ ਸ਼ੁਭ ਲੇਖ ਨੇ ਉਹ ਅੰਦਰੋਂ ਪ੍ਰਗਟ ਹੋ ਜਾਇਆ ਕਰਦੇ ਨੇ ਉਸੇ ਵੇਲੇ।"

ਸੋ ਏਸ ਤਰ੍ਹਾਂ ਦੇ ਨਾਲ ਉਹ ਫਲ ਪ੍ਰਾਪਤ ਹੁੰਦਾ ਹੈ, ਫੇਰ ਜਦੋਂ ਸੰਗਤ ਵਿਚ ਬੈਠਦਾ ਹੈ ਉਸ ਵੇਲੇ ਇਸ ਦੇ ਅੰਦਰ ਬੇਅੰਤ ਵਾਸ਼ਨਾਵਾਂ ਹੁੰਦੀਆਂ ਨੇ, ਬੇਅੰਤ ਖਿਆਲ ਹੁੰਦੇ ਨੇ ਕਿਉਂਕਿ ਮਨ ਭਰਿਆ ਪਿਆ ਹੈ ਖਿਆਲਾਂ ਨਾਲ। ਫੇਰ ਉਹ ਖਿਆਲਾਂ ਨੂੰ ਸੰਕੋਚਦਾ ਹੈ ਇਕ ਇਕ ਦੇ ਵਿਚੀਂ ਲੰਘਦਾ ਤੁਰਿਆ ਜਾਂਦਾ ਹੈ। ਸਭ ਤੋਂ ਪਹਿਲਾਂ ਮੂੜ੍ਹਤਾ ਬਿਰਤੀ ਨੂੰ ਜਿੱਤਦਾ ਹੈ। ਸੁਚੇਤ ਹੋ ਕੇ ਸੰਗਤ ਵਿਚ ਬੈਠਦਾ ਹੈ। ਫੇਰ ਬਿਖਸ਼ੇਪਤਾ ਬਿਰਤੀ ਨੂੰ ਜਿੱਤਦਾ ਹੈ। ਜਿਹੜਾ ਮਨ ਨੱਠਿਆ ਫਿਰਦਾ ਹੈ ਕਦੇ ਏਧਰ, ਕਦੇ ਓਧਰ, ਕਦੇ ਮੱਥਾ ਟੇਕਣ ਵਾਲੇ ਨੂੰ, ਕਦੇ ਲੰਘਣ ਵਾਲੇ ਨੂੰ ਦੇਖਦਾ ਹੈ। ਬਿਖਸ਼ੇਪਤਾ ਤੋਂ ਆਪਣੇ ਆਪ ਵਿਚ ਪ੍ਰਵੇਸ਼ ਕਰਦਾ ਹੈ। ਫੇਰ ਉਸ ਤੋਂ ਬਾਅਦ ਇਹ ਸਿਮਰਤੀ ਬਿਰਤੀ ਨੂੰ ਫਤਿਹ ਕਰਦਾ ਹੈ। ਗੱਲਾਂ ਯਾਦ ਆਉਂਦੀਆਂ ਨੇ। ਜਿਹੜੀਆਂ ਅੱਜ ਕਰਨੀਆਂ ਨੇ ਉਹ ਵੀ, ਜਿਹੜੀਆਂ ਮਹੀਨੇ ਨੂੰ ਕਰਨੀਆਂ ਨੇ ਉਹ ਵੀ, ਜਿਹੜੀਆਂ ਪਹਿਲਾਂ ਕੀਤੀਆਂ ਨੇ ਉਹ ਵੀ, ਜਿਹੜੀਆਂ ਬਚਪਨ ਵਿਚ ਹੋ ਗਈਆਂ ਉਹ ਵੀ, ਸਿਮਰਤੀ ਬਿਰਤੀ ਖੁੱਲ੍ਹ ਜਾਂਦੀ ਹੈ। ਯਾਦਾਸ਼ਤ ਦੇ ਮੰਡਲ ਵਿਚ ਜਾਣ ਨਾਲ ਉਲਝ ਜਾਂਦਾ ਹੈ। ਕੀਰਤਨ ਹੋਈ ਜਾਂਦਾ ਹੈ ਲੇਕਿਨ ਕੋਈ ਪਤਾ ਨਹੀਂ ਉਸ ਨੂੰ ਕਿ ਕੀ ਹੋ ਰਿਹਾ ਹੈ, ਕੀ ਨਹੀਂ ਹੋ ਰਿਹਾ। ਸੋ ਇਨ੍ਹਾਂ ਤਿੰਨਾਂ ਬਿਰਤੀਆਂ ਨੂੰ ਸੰਕੋਚ ਕੇ ਜਿਸ ਨੂੰ ਚਿਤ ਬਿਰਤੀਆਂ ਨੂੰ ਸੰਕੋਚਣਾਂ ਕਹਿੰਦੇ ਨੇ ਫੇਰ ਉਹ ਇਕਾਗਰਤਾ ਵੱਲ ਵਧਦਾ ਹੈ। ਸੋ ਜਦੋਂ ਇਕਾਗਰ ਚਿੱਤ ਹੋ ਕੇ ਹਰੀ ਦਾ ਜਸ ਸੁਣਦਾ ਹੈ ਤਾਂ ਸੰਬੰਧ ਜੁੜ ਜਾਂਦਾ ਹੈ ਜਿਵੇਂ ਬਿਜਲੀ ਦੀ ਤਾਰ ਦਾ ਤੇ ਬਲਬ ਦਾ ਸੰਬੰਧ ਜੁੜਦਾ ਹੈ। ਸਵਿਚ ਦੱਬੀ ਜਾਂਦੀ ਹੈ। ਜੇ ਉਸ ਦੇ ਵਿਚ ਕਾਰਬਨ ਆਈ ਹੋਵੇ ਫੇਰ ਨਹੀਂ ਉਹ ਜਲਦਾ। ਜਦੋਂ ਉਸ ਦੇ ਬਟਨ ਦਾ ਸੰਬੰਧ ਜੁੜ ਜਾਂਦਾ ਹੈ ਤਾਂ ਗੁਰੂ ਦੇ ਵਿਚੋਂ ਰੋਸ਼ਨੀ ਆਉਂਦੀ ਹੈ ਉਸਦੇ ਹਿਰਦੇ ਦੇ ਅੰਦਰ। ਉਸ ਦੇ ਨਾਲ ਫੇਰ ਅੰਦਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਉਸ ਦੀਆਂ ਮਨੌਤਾਂ ਹਟ ਜਾਂਦੀਆਂ ਨੇ, ਬਾਣੀ ਦੇ ਮੁਤਾਬਕ ਹੋ

ਜਾਂਦਾ ਹੈ। ਬੇਅੰਤ ਮਨੌਤਾਂ ਨੇ ਆਦਮੀ ਦੇ ਮਨ ਵਿਚ, ਬੇਅੰਤ ਕਿਤਾਬਾਂ ਪੜ੍ਹਦਾ ਹੈ, ਬੇਅੰਤ ਗੱਲਾਂ ਸੁਣਦਾ ਹੈ ਉਸ ਨੂੰ ਕੋਈ ਪਤਾ ਨਹੀਂ ਕਿ ਤੱਤ ਕੀ ਹੈ ਤੇ ਅਤੱਤ ਕੀ ਹੈ ਤੇ ਗੇੜੇ ਖਾਈ ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਸਤਿਸੰਗ ਵਿਚ ਤਾਂ ਸਾਰੇ ਹੀ ਆਉਂਦੇ ਨੇ ਲੇਕਿਨ ਜਦੋਂ ਤੱਕ ਵਿਧੀ ਦਾ ਨਹੀਂ ਪਤਾ ਲਗਦਾ ਉਨਾ ਚਿਰ ਅਸਰ ਨਹੀਂ ਹੁੰਦਾ, ਪੂਰੀ ਪੂਰੀ ਮਿਹਨਤ ਦਾ ਪੂਰਾ ਪੂਰਾ ਫਲ ਨਹੀਂ ਪ੍ਰਾਪਤ ਹੁੰਦਾ ਹੈ। ਸਾਰੇ ਹੀ ਹੈਰਾਨ ਹੋ ਗਏ ਲੇਕਿਨ ਗੱਲ ਸਮਝ 'ਚ ਨਾ ਆਈ।

ਮਹਾਰਾਜ ਕਹਿੰਦੇ, "ਚੰਗਾ! ਤੁਹਾਨੂੰ ਅਮਲੀ ਤੌਰ ਤੇ ਸਮਝਾਉਂਦੇ ਹਾਂ। ਤਿੰਨ ਬਾਟੇ ਲੈ ਕੇ ਆਓ।"

ਤਿੰਨ ਬਾਟੇ ਲੈ ਆ ਤੇ ਪਾਣੀ ਦੇ ਭਰੇ ਹੋਏ ਨੇ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਆ! ਉਹ ਪਤਾਸਿਆਂ ਦਾ ਉਂਜਲ ਭਰ ਤੇ ਇਕ ਬਾਟੇ ਵਿਚ ਸੁੱਟ ਦੇ।"

ਦੂਜੇ ਨੂੰ ਕਹਿੰਦੇ, "ਉਹ ਕੱਚਾ ਡਲਾ ਪਿਆ ਹੈ ਮਿੱਟੀ ਦਾ ਉਸ ਨੂੰ ਲਿਆ ਕੇ ਦੂਜੇ ਬਾਟੇ ਵਿਚ ਰੱਖ ਦੇਹ।"

ਤੀਸਰੇ ਨੂੰ ਕਿਹਾ, "ਉਹ ਪੱਥਰ ਹੈ ਤੇ ਲਿਆ ਕੇ ਤੀਸਰੇ ਬਾਟੇ ਵਿਚ ਰੱਖ ਦੇਹ।"

ਬਚਨ ਚਲਦੇ ਰਹੇ ਤੇ ਉਸ ਤੋਂ ਬਾਅਦ ਜਦੋਂ ਕੁਝ ਸਮਾਂ ਲੰਘ ਗਿਆ ਤਾਂ ਮਹਾਰਾਜ ਜੀ ਕਹਿਣ ਲੱਗੇ, "ਪ੍ਰੇਮੀਆ! ਤੂੰ ਪਤਾਸ਼ੇ ਲਿਆ ਕੱਢ ਕੇ ਜਿਹੜੇ ਜਲ ਦੇ ਵਿਚ ਤੂੰ ਪਾਏ ਸੀ।"

ਹੈਰਾਨ ਹੋ ਗਿਆ। ਜਦੋਂ ਪਾਣੀ ਵਿਚ ਹੱਥ ਪਾਇਆ ਤਾਂ ਜਿਹੜਾ ਮਾੜਾ ਮੋਟਾ ਪਿਆ ਸੀ ਉਹ ਵੀ ਵਿਚ ਹੀ ਘੁਲ ਗਿਆ।

ਕਹਿੰਦਾ, "ਸੱਚੇ ਪਾਤਸ਼ਾਹ! ਉਹ ਤਾਂ ਲੀਨ ਹੋ ਗਏ ਇਸ ਦੇ ਵਿਚ, ਉਹ ਤਾਂ ਪਾਣੀ ਦਾ ਰੂਪ ਬਣ ਗਏ ਤੇ ਹੁਣ ਤਾਂ ਉਹ ਅੱਡ ਕੱਢੇ ਨਹੀਂ ਜਾ ਸਕਦੇ।"

ਮਹਾਰਾਜ ਕਹਿੰਦੇ, "ਰੱਖ ਦੇਹ" ਦੂਸਰੇ ਨੂੰ ਕਿਹਾ ਤੂੰ ਲਿਆ ਆਪਣਾ ਮਿੱਟੀ ਦਾ ਡਲਾ ਕੱਢ ਕੇ ਜਿਹੜਾ ਪਾਣੀ ਵਿਚ ਪਾਇਆ ਸੀ।

ਉਸ ਨੇ ਹੱਥ ਪਾਇਆ ਤਾਂ ਕਹਿੰਦਾ, "ਮਹਾਰਾਜ! ਡਲਾ ਤਾਂ ਰਿਹਾ ਨਹੀਂ ਪਾਣੀ ਇਸ ਦੇ ਰੋਮ ਰੋਮ ਵਿਚ ਸਮਾ ਗਿਆ ਤੇ ਗਾਰਾ ਬਣ ਗਿਆ ਇਹ। ਹੁਣ ਪਾਣੀ ਵੱਖਰਾ ਨਹੀਂ ਕੀਤਾ ਜਾ ਸਕਦਾ ਇਸ ਦੇ ਵਿਚੋਂ।"

ਮਹਾਰਾਜ ਕਹਿੰਦੇ, "ਇਸ ਨੂੰ ਇਥੇ ਬਾਹਰ ਰੱਖ ਦੇਹ ਧੁੱਪੇ।"

ਧੁੱਪੇ ਰਖਾ ਦਿੱਤਾ ਉਸ ਤੋਂ ਬਾਅਦ ਤੀਸਰੇ ਨੂੰ ਕਿਹਾ ਕਿ ਪ੍ਰੇਮੀਆ! ਤੂੰ ਹੁਣ ਆਪਣਾ ਪੱਥਰ ਪਾਣੀ ਵਿਚੋਂ ਕੱਢ। ਉਸ ਨੇ ਪੱਥਰ ਕੱਢਿਆ। ਕਹਿੰਦੇ, "ਧਿਆਨ ਨਾਲ ਦੇਖ, ਗਿਲਾ ਹੋ ਗਿਆ ਇਹ?" ਹਵਾ ਚਲਦੀ ਸੀ ਗਰਮ, ਲੂ ਚਲਦੀ ਸੀ। ਦੋ ਬੁੱਲੇ ਲੱਗੇ ਉਸ ਨੂੰ ਹਵਾ ਦੇ।

ਕਹਿੰਦਾ, "ਮਹਾਰਾਜ! ਜਦੋਂ ਮੈਂ ਕੱਢਿਆ ਸੀ ਉਦੋਂ ਤਾਂ ਗਿੱਲਾ ਸੀ ਪਰ ਹੁਣ ਤਾਂ ਹਵਾ ਦੀ ਗਰਮਾਈ ਦੇ ਨਾਲ ਸੁੱਕ ਕੇ ਉਸੇ ਤਰ੍ਹਾਂ ਗਰਮ ਹੋ ਗਿਆ।"

ਸਾਰੇ ਚੁੱਪ ਕਰ ਗਏ ਕਿ ਮਹਾਰਾਜ ਜੀ ਹੁਣ ਕੀ ਦੱਸਣਗੇ ਸਾਨੂੰ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਓ! ਤੁਹਾਨੂੰ ਪ੍ਰਤੱਖ ਕਰਕੇ ਅਸੀਂ ਦੱਸਿਆ ਹੈ। ਏਸੇ ਤਰ੍ਹਾਂ ਦੇ ਨਾਲ ਬੰਦੇ ਸਤਿਸੰਗ ਵਿਚ ਆਇਆ ਕਰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਹੜੇ ਪੂਰੀ ਵਿਧੀ ਦੇ ਨਾਲ ਆਉਂਦੇ ਨੇ। ਉਨ੍ਹਾਂ ਦੇ ਉਤੇ ਬਾਣੀ ਦਾ ਅਸਰ ਹੁੰਦਾ ਹੈ ਉਹ ਭਰੇ ਹੋਏ ਘਰਾਂ ਨੂੰ ਵਾਪਸ ਜਾਂਦੇ ਨੇ। ਜਿੰਨਾ ਚਿਰ ਸਤਿਸੰਗ ਛੇਤੀ ਛੇਤੀ ਕਰਨ ਤਾਂ ਤਰੱਕੀ ਹੁੰਦੀ ਹੈ, ਨਹੀਂ ਬੜੀ ਦੇਰ ਤੱਕ ਓਸ ਦਾ ਅਸਰ, ਉਸ ਦੀ ਝਰਨਾਹਟ ਉਨ੍ਹਾਂ ਦੇ ਅੰਦਰ ਆਉਂਦੀ ਹੈ ਤੇ ਹੁਲਾਰਾ ਆਉਂਦਾ ਰਹਿੰਦਾ ਹੈ।

ਦੂਜੇ ਉਹ ਨੇ ਜਿਹੜੇ ਡਲੇ ਵਰਗੇ ਹੁੰਦੇ ਨੇ। ਅੰਦਰ ਕਠੋਰਤਾ ਨਹੀਂ, ਪ੍ਰੇਮ ਹੈ ਪਰ ਸਤਿਸੰਗ ਕਾਰਨ ਵਿਕਾਰਾਂ ਨੇ ਚਿੱਕੜ ਦਾ ਰੂਪ ਧਾਰਨ ਕਰ ਲਿਆ, ਇਨ੍ਹਾਂ ਨੂੰ ਵਧੇਰੇ ਸਤਿਸੰਗ ਦੀ ਲੋੜ ਹੈ ਤਾਕਿ ਅੰਦਰ ਵਿਕਾਰਾਂ ਤੋਂ ਸਾਫ ਹੋ ਜਾਵੇ, ਨਿਖਰ ਆਵੇ। ਨਾਮ-ਅਭਿਆਸ ਵਿਚ ਲੱਗੇ ਰਹਿਣ ਨਾਲ ਨਾਮ-ਰਸ ਪ੍ਰਾਪਤ ਹੋ ਜਾਵੇਗਾ।

ਕੋਈ ਐਸੇ ਨੇ ਜਿਹੜੇ ਸਤਿਸੰਗ ਵਿਚ ਦੇਖਣ ਵਾਸਤੇ ਹੀ ਆਉਂਦੇ ਨੇ ਕਿ ਇਥੇ ਹੁੰਦਾ ਕੀ ਹੈ ਦੇਖੀਏ। ਸੋ ਐਸੇ ਜੋ ਪੁਰਸ਼ ਹੁੰਦੇ ਨੇ ਉਹ ਪੱਥਰ ਵਰਗੇ ਹੋਇਆ ਕਰਦੇ ਨੇ ਉਨ੍ਹਾਂ ਤੇ ਅਸਰ ਨਹੀਂ ਹੁੰਦਾ।

ਕਹਿੰਦੇ, "ਸੋ ਪ੍ਰੇਮੀਓ! ਜਦੋਂ ਤੋਂ ਵਿਧੀ ਪੂਰਬਕ ਸਤਿਸੰਗ ਨਾ ਕਰਿਆ ਜਾਵੇ ਉਨਾ ਚਿਰ ਜੋ ਸਤਿਸੰਗ ਦੀ ਪੂਰੀ ਪੂਰੀ ਪ੍ਰਾਪਤੀ ਹੈ ਉਹ ਹੁੰਦੀ ਨਹੀਂ ਹੈ ਤੇ ਉਸ ਦੇ ਨਾਲ ਐਨਾ ਹੀ ਨਹੀਂ ਕਿ ਸੁਣ ਲਿਆ, ਸੁਣਨ ਦੇ ਨਾਲ-ਨਾਲ ਗੁਰੂ ਬਚਨ ਨੂੰ ਅਪਨਾਉਣਾ ਵੀ ਹੈ ਅਤੇ ਫੇਰ ਅਸੀਂ ਮੰਨਣਾ ਹੈ।"

ਮਹਾਰਾਜ ਕਹਿੰਦੇ –

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***

***ਪੰਨਾ – 669***

ਜਿੰਨਾ ਚਿਰ ਆਗਿਆ ਨਹੀਂ ਮੰਨਦਾ ਓਨਾ ਚਿਰ ਗਾਉਣਾ ਤੇ ਸੁਣਨਾ ਥਾਂ ਨਹੀਂ ਪੈਂਦਾ। ਜਦੋਂ ਪੂਰੀ ਵਿਧੀ ਦੇ ਨਾਲ ਸਤਿਸੰਗ ਕਰੇ ਫੇਰ ਫਲ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਹੁਣ ਇਹ ਗੱਲ ਨਾ ਸਾਥੋਂ ਪੁਛੋ ਕਿਉਂਕਿ ਇਸ ਦਾ ਨਾਪ ਤੋਲ ਨਹੀਂ ਕੀਤਾ ਜਾ ਸਕਦਾ। ਫੇਰ ਵੀ ਮਹਾਰਾਜ! ਸਾਡੀ ਮਾਨਸਕ ਬੁੱਧੀ ਹਿਸਾਬ-ਕਿਤਾਬ ਵਿਚ ਪਈ ਹੋਈ ਹਿਸਾਬ ਕਿਤਾਬ ਤੋਂ ਬਗੈਰ ਨਹੀਂ ਸਮਝ ਸਕਦੀ। ਜੇ ਤੁਸੀਂ ਬੇਅੰਤ ਕਹਿ ਦਿੱਤਾ ਤਾਂ ਸਾਨੂੰ ਕੁਝ ਨਹੀਂ ਪਤਾ ਲਗਦਾ ਕਿ ਬੇਅੰਤ ਕੀ ਹੈ, ਜੇ ਤੁਸੀਂ ਖਰਬ, ਕਰੋੜ-ਖਰਬ, ਲੱਖ ਖਰਬ, ਲੱਖ ਕਰੋੜ-ਖਰਬ ਕਹਿ ਦੇਵੋ ਤਾਂ ਅਸੀਂ ਅਨੁਮਾਨ ਲਗਾ ਲਵਾਂਗੇ ਕਿ ਐਨਾ ਕੁ ਹੈ ਲੇਕਿਨ ਬੇਅੰਤ ਦਾ ਅਨੁਮਾਨ ਨਹੀਂ ਲਗਦਾ। ਸੋ ਮਹਾਰਾਜ ਕਹਿੰਦੇ ਕਿ ਪਿਆਰਿਓ! ਜੇ ਇਸੇ ਤਰ੍ਹਾਂ ਨਾਲ ਹੈ ਤਾਂ ਸਤਿਸੰਗ ਦਾ ਜੋ ਫਲ ਹੈ ਉਹ -

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਜਿਹੜੇ ਸੁਣਦੇ ਤੇ ਗਾਉਂਦੇ ਨੇ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਉਸ ਦੇ ਨਾਲ ਮਹਾਰਾਜ ਜੀ ਸਾਨੂੰ ਏਸ ਸ਼ਬਦ ਦੇ ਅੰਦਰ ਸਮਝਾਉਂਦੇ ਨੇ ਕਿ ਮਾਨਸ ਜਨਮ ਜਿਹੜਾ ਹੈ ਉਹ ਤੁਹਾਨੂੰ ਖਾਸ ਉਦੇਸ਼ ਵਾਸਤੇ ਮਿਲਿਆ ਹੈ। ਇਸ ਨੂੰ ਸੁਣਦੇ ਹੋ ਤੁਸੀਂ ਰੋਜ਼ ਪਰ ਅਸਰ ਨਹੀਂ ਹੁੰਦਾ। ਸਾਡੇ ਨਿਤਨੇਮ ਵਿਚ ਸ਼ਾਮਲ ਕਰ ਦਿੱਤਾ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ - 12***

ਲੇਕਿਨ ਸਾਡੇ ਮਨ ਦੇ ਵਿਚ ਇਹ ਚੀਜ਼ ਘਰ ਕਰ ਗਈ ਹੈ ਕਿ ਸਾਡਾ ਜਿਹੜਾ ਜਨਮ ਹੈ ਇਹ ਆਇਆ ਹੈ ਦੂਜੇ ਕੰਮ ਕਰਨ ਵਾਸਤੇ, ਜਿੰਨੇ ਕੰਮ ਛੱਡ ਜਾਣੇ ਨੇ ਉਨ੍ਹਾਂ ਨੂੰ ਅਸੀਂ ਪਹਿਲ ਦਿੱਤੀ ਹੈ। ਮਕਾਨ ਬਣਾਉਂਦੇ ਦਿਨ ਰਾਤ ਖਪੇ ਰਹਿਣਾ, ਪ੍ਰੇਮਸ਼ਰ ਦਾ ਨਾਮ ਚਿਤ ਚੇਤੇ ਨਾ ਰਹਿਣਾ, ਹਰ ਵਕਤ ਵਿਹਾਰ ਦੇ ਵਿਚ ਫਸੇ ਰਹਿਣਾ, ਧਨ ਕਮਾਉਣ ਵਾਸਤੇ ਬੇਇਮਾਨੀਆਂ ਕਰਨੀਆਂ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਪੰਨਾ - 656***

ਇਹ ਜਿਹੜੀ ਗੱਲ ਹਰ ਰੋਜ਼ ਮਹਾਰਾਜ ਜੀ ਕਹਿੰਦੇ ਨੇ -

ਜਿੰਨੇ ਕੰਮਾਂ ਵਿਚ ਤੂੰ ਲੱਗਿਆ ਹੋਇਆ ਹੈਂ ਜੇ ਤੂੰ ਇਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਕਰ ਰਿਹਾ ਹੈਂ ਤਾਂ ਕਹਿੰਦੇ ਇਹ ਵਿਅਰਥ ਕੰਮ ਨੇ ਸਾਰੇ, ਤੇਰੇ ਕੋਡੀ ਦੇ ਵੀ ਕੰਮ ਨਹੀਂ ਆਉਣੇ, ਇਨ੍ਹਾਂ ਦੀ ਕੀਮਤ ਬਿਲਕੁਲ ਨਹੀਂ ਹੈ। ਜੇ ਤੂੰ ਕਹੇਂ ਮੈਂ ਕਰਦਾ ਹਾਂ ਇਹ ਤਾਂ ਪ੍ਰਾਲਬਧ ਪ੍ਰਮੇਸ਼ਰ ਨੇ ਲਿਖ ਕੇ ਭੇਜੀ ਹੈ -

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥***
***ਪੰਨਾ - 74***

ਉਹ ਤਾਂ ਤੂੰ ਲੈ ਕੇ ਆਇਆ ਹੈਂ ਤੇ ਤੂੰ ਇਸ ਦੀ ਚਿੰਤਾ ਕਿਉਂ ਕਰਦਾ ਹੈ। ਤੇਰੀ ਚਿੰਤਾ ਕਰੇ ਤੋਂ ਕੋਈ ਚਿੰਤਾ ਨਹੀਂ ਹੋਣੀ, ਚਿੰਤਾ ਤਾਂ ਉਸ ਅਕਾਲ ਪੁਰਖ ਨੂੰ ਹੈ ਜਿਸ ਨੇ ਸਾਰਾ ਪ੍ਰਬੰਧ ਕੀਤਾ ਹੋਇਆ ਹੈ -

ਸੰਤ ਮਹਾਰਾਜ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਪ੍ਰਵਚਨ ਕਰਦੇ ਹੋਏ

***ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥***
***ਪੰਨਾ - 10***

ਕਹਿੰਦੇ ਕੂੰਜਾ ਵੱਲ ਦੇਖ -

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥***
***ਪੰਨਾ - 10***

ਇਹ ਤਾਂ ਇੰਤਜਾਮ ਪ੍ਰਮੇਸ਼ਰ ਨੇ ਕੀਤਾ ਹੋਇਆ ਹੀ ਹੈ। ਤੇਰਾ ਕੰਮ ਤਾਂ ਪ੍ਰਮੇਸ਼ਰ ਦਾ ਨਾਮ ਜੱਪਣਾ ਹੈ, ਤੇਰਾ ਵੇਲਾ ਲੰਘ ਜਾਏਗਾ। ਦਿਨ-ਦਿਨ ਕਰਕੇ ਤੇਰੀ ਆਉਧ ਉਮਰ ਘਟਦੀ ਜਾਂਦੀ ਹੈ।

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥***
***ਪੰਨਾ - 726***

ਇਹ ਤਾਂ ਟੁੱਟੇ ਹੋਏ ਘੜੇ ਵਿਚੋਂ ਕਤਰਾ-ਕਤਰਾ ਨਿਕਲ ਕੇ ਇਕ ਦਿਨ ਘੜਾ ਮੁੱਕ ਜਾਣਾ ਹੈ। ਇਸੇ ਤਰ੍ਹਾਂ ਤੇਰੇ 24000 ਸ੍ਵਾਸ ਰੋਜ ਨਿਕਲ ਜਾਂਦੇ ਨੇ, ਵਿਚਾਰ ਕੇ ਦੇਖ ਕਿਥੇ ਕੁ ਪਹੁੰਚ ਗਿਆ? ਕਦੋਂ ਤੂੰ ਰੂਹਾਨੀ ਸਫਰ ਸ਼ੁਰੂ ਕਰਿਆ ਸੀ ਹੁਣ ਪਹੁੰਚਿਆ ਵੀ ਹੈ ਕਿਤੇ ਜਾਂ ਰਸਤੇ ਵਿਚ ਹੀ ਗੇੜੇ ਖਾਂਦਾ ਹੈ, ਉਥੇ ਦਾ ਉਥੇ ਹੀ ਹੈ, ਖੋਪੇ ਲੱਗੇ ਹੋਏ ਨੇ ਕੋਹਲੂ ਦੇ ਬੈਲ ਵਾਂਗ ਕਰਦਾ ਹੈ, ਘੁੰਮਦਾ ਬਹੁਤ ਹੈ ਲੇਕਿਨ ਜਦੋਂ ਖੋਪੇ ਖੋਲ੍ਹਦਾ ਹੈ ਤਾਂ ਉਸ ਵੇਲੇ ਕੀ ਦੇਖਦਾ ਹੈ ਕਿ ਪੈੜ ਵਿਚ ਹੀ ਖੜ੍ਹਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਤੱਕ ਆਦਮੀ ਆਪਣੇ ਆਪ ਦੀ ਪਰਖ ਨਹੀਂ ਕਰਦਾ ਉਸ ਨੂੰ ਪਤਾ ਨਹੀਂ ਲਗਦਾ ਕਿ ਮੈਂ ਕੋਈ ਰੂਹਾਨੀ ਤਰੱਕੀ ਕਰੀ ਹੈ ਜਾਂ ਨਹੀਂ ਕਰੀ ਉਥੇ ਦਾ ਉਥੇ। ਨਿੰਦਿਆ ਕਿੰਨੀ ਘਟੀ ਹੈ, ਨੁਕਤਾ-ਚੀਨੀ ਕਿੰਨੀ ਘਟੀ ਹੈ, ਈਰਖਾ ਤੇਰੇ ਅੰਦਰੋਂ ਕਿੰਨੀ ਕੁ ਗਈ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਜਜ਼ਬਿਆਂ ਤੋਂ ਤੂੰ ਕਿੰਨਾ ਉਚਾ ਹੋਇਆ ਹੈਂ, ਕਿੰਨਾ ਤੇਰੇ ਅੰਦਰ ਸਤਿ ਦਾ ਜੀਵਨ ਆਇਆ ਹੈ, ਕਿੰਨਾ ਤੂੰ ਪ੍ਰਮੇਸ਼ਰ ਨਾਲ ਲੀਨ ਹੁੰਦਾ ਹੈ, ਕਿੰਨੀ ਬਿਰਤੀ ਟਿਕਾ ਕੇ ਤੂੰ ਬਾਣੀ ਪੜ੍ਹਦਾ ਹੈ? ਜੇ ਤੂੰ ਰੋਜ਼ ਪੜਚੋਲ ਕਰੇ ਤਾਂ ਤੈਨੂੰ ਥੋੜਾ-ਥੋੜਾ ਪਤਾ ਲਗਣਾ ਸ਼ੁਰੂ ਹੋ ਜਾਵੇ ਕਿ ਮੈਂ ਤਾਂ ਤਰੱਕੀ ਨਹੀਂ ਕਰ ਰਿਹਾ ਸਗੋਂ ਹੇਠਾ ਨੂੰ ਜਾ ਰਿਹਾ ਹਾਂ। ਬੇਅੰਤ ਪਾਠ ਕਰੇ, ਸਭ ਕੁਝ ਕਰਿਆ, ਇਕ ਵਾਰੀ ਨਿੰਦਿਆ ਕਰ ਦਿੱਤੀ ਮਹਾਰਾਜ ਕਹਿੰਦੇ ਤੇਰਾ ਜ਼ਾਇਆ ਹੋ ਗਿਆ ਸਭ ਕੁਝ, zero (ਸਿਫਰ) ਦੇ ਨਾਲ ਜ਼ਰਬ (ਗੁਣਾ) ਦੇ ਦਿੱਤੀ, ਕਰੋੜ ਨੂੰ ਸਿਫਰ ਨਾਲ ਜਰਬ ਦੇ ਦਿਓ ਸਿਫਰ ਬਣ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਕਰਮ ਧਰਮ ਕਰਕੇ ਨਿੰਦਿਆ ਕਰ ਦਿੰਦਾ ਹੈ। ਮਹਾਰਾਜ ਜੀ ਕਹਿੰਦੇ ਸਿਫਰ ਬਣ ਗਿਆ। ਸਿਫਰ ਹੀ ਨਹੀਂ ਬਣਿਆ ਤੂੰ ਘਟਾਓ ਵਿਚ ਚਲਿਆ ਗਿਆ ਤੈਨੂੰ ਇਸ ਦਾ ਫਲ ਭੋਗਣਾ ਪਏਗਾ।

ਸੋ ਮਹਾਰਾਜ ਕਹਿੰਦੇ ਇਹ ਜੋ ਮਾਨਸ ਜਨਮ ਹੈ ਇਹ ਦੁਲੰਭ ਹੈ, ਇਹ ਦੁਰਲੱਭ ਹੈ ਬਹੁਤ ਜਿਆਦਾ, ਇਸ ਦਾ ਜੋ ਕੰਮ ਹੈ ਉਹ ਹੈ ਪ੍ਰਮੇਸ਼ਰ ਨੂੰ ਮਿਲਣਾ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12***

ਤੇ ਇਹ ਜਿਹੜੀ ਤੈਨੂੰ ਪ੍ਰਾਪਤੀ ਹੋਈ ਹੈ, ਉਹ ਗੁਰਮੁਖ ਨੂੰ ਜੇ ਤੂੰ ਮਿਲ ਜਾਏਂਗਾ, ਗੁਰਮੁਖ ਨੂੰ ਪ੍ਰਸੰਨ ਕਰ ਲਏਂਗਾ, ਗੁਰੂ ਦੇ ਬਚਨ ਨੂੰ ਕਮਾ ਲਏਂਗਾ। ਗੁਰੂ ਵਾਲਾ ਬਣ ਜਾਏਂਗਾ ਤਾਂ ਤੈਨੂੰ ਮੰਤਰ ਮਿਲ ਜਾਏਗਾ। ਜਿਸ ਨੂੰ ਗੁਰ ਮੰਤਰ ਕਹਿੰਦੇ ਨੇ, ਉਹ ਗੁਰਮੰਤਰ ਗੁਰੂ ਤੋਂ ਬਗੈਰ ਨਹੀਂ ਪ੍ਰਾਪਤ ਹੁੰਦਾ। ਗੁਰੂ ਸਮਰੱਥ ਹੋਵੇ ਉਸ ਤੋਂ ਮਿਲਦਾ ਹੈ ਜਿਸ ਦੇ ਵਿਚ ਇਹ ਤਾਕਤ ਹੋਵੇ ਕਿ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਪੰਨਾ - 1291***

ਜਿਹੜਾ ਗੁਰੂ ਪਹੁੰਚਾ ਨਹੀਂ ਸਕਦਾ ਕਹਿੰਦੇ -

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥***
***ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥***
***ਪੰਨਾ - 1369***

ਕਹਿੰਦੇ ਉਸ ਦੀ ਮਾਂ ਨੂੰ ਫੜ ਕੇ ਉਸ ਦੇ ਕੇਸ ਕੱਟ ਦਿਓ ਜਿਸ ਤੋਂ ਆਪਣੇ ਅਨੁਯਾਈਆਂ ਦਾ, ਮੰਨਣ ਵਾਲਿਆਂ ਦਾ ਭਰਮ ਦੂਰ ਨਹੀਂ ਹੁੰਦਾ, ਜਿਨ੍ਹਾਂ ਦੇ ਅੰਦਰੋਂ ਭਰਮ ਨਹੀਂ ਨਿਕਲਦਾ -

***ਮਾਧਵੇ ਕਿਆ ਕਹੀਐ ਭ੍ਰਮੁ ਐਸਾ॥***
***ਜੈਸਾ ਮਾਨੀਐ ਹੋਇ ਨ ਤੈਸਾ॥ ਪੰਨਾ - 657***

ਐਸਾ ਭਰਮ ਪੈ ਗਿਆ, ਅਸਲੀ ਗੱਲ ਨੂੰ ਅਸੀਂ ਸਮਝ ਨਹੀਂ ਸਕਦੇ, ਨਕਲੀ ਗੱਲ ਨੂੰ ਅਸੀਂ ਸੱਚ ਸਮਝਦੇ ਹਾਂ, ਅਸਲੀਅਤ ਦਾ ਸਾਨੂੰ ਪਤਾ ਨਹੀਂ ਲਗਦਾ -

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥***
***ਪੰਨਾ - 657***

ਸੋ ਸਾਡਾ ਤਾਂ ਉਹ ਹਾਲ ਹੋ ਗਿਆ ਜਿਵੇਂ ਤਖਤ ਤੇ ਬੈਠੇ ਹੋਏ, ਰਾਜੇ ਬਣੇ ਹੋਏ ਅਸੀਂ ਆਪਣੇ ਆਪ ਨੂੰ ਬਹੁਤ ਦੁਖੀ ਮਹਿਸੂਸ ਕਰਦੇ ਹਾਂ, ਰਾਸ ਸਾਡੇ ਕੋਲ ਹੈ ਲੇਕਿਨ ਭਰਮ ਪੈ ਗਿਆ ਕਿ ਮੈਂ ਗਰੀਬ ਹੋ ਗਿਆ। ਸੁਪਨੇ ਦੀ ਅਵਸਥਾ ਮੇਰੇ ਤੇ ਤਾਰੀ ਹੋ ਗਈ।

ਸੋ ਮਹਾਰਾਜ ਕਹਿੰਦੇ ਜਿਸ ਤੋਂ ਇਹ ਭਰਮ ਨਹੀਂ ਜਾਂਦਾ ਉਹ ਗੁਰੂ ਨਹੀਂ ਗੁਰੂ ਸਮਰੱਥ ਹੋਇਆ ਕਰਦਾ ਹੈ। ਸਮਰੱਥ ਗੁਰੂ ਦੇ ਕੋਲ ਨਾਮ ਹੋਇਆ ਕਰਦਾ ਹੈ।

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***
***ਪੰਨਾ - 40***

ਉਹ ਮੰਤਰ ਦਿੰਦਾ ਹੈ, ਜਿਸ ਨੂੰ ਮੰਤਰ ਨਹੀਂ ਮਿਲਿਆ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ - 1356***

ਗੁਰੂ ਘਰ ਵਿਚ ਜੋ ਰੀਤ ਗੁਰੂ ਮਹਾਰਾਜ ਜੀ ਨੇ ਗੁਰੂ ਦਸਮੇਸ਼ ਪਿਤਾ ਵਲੋਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ, ਮੰਤਰ ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਗੁਰ ਮੰਤਰ ਕਹਿੰਦੇ ਨੇ। ਗੁਰਮੰਤਰ ਦੀ ਕਮਾਈ ਕਰਨ ਦੇ ਨਾਲ ਫੇਰ ਬਿਰਤੀ ਅੰਦਰ ਦਾਖਲ ਹੁੰਦੀ ਹੈ, ਚੜ੍ਹਦੀ ਹੈ। ਉਹ ਪਹਿਲਾਂ ਸਥੂਲ ਸਰੀਰ ਨੂੰ ਕਟਦੀ ਹੈ, ਫੇਰ ਪ੍ਰਾਣਾਂ ਦੇ ਵਿਚੋਂ

ਲੰਘਦੀ ਹੈ, ਫੇਰ ਮਨ ਵਿਚੋਂ, ਮਨੋਮਈ ਕੋਸ਼ ਵਿਚੋਂ ਲੰਘਦੀ ਹੈ, ਫੇਰ ਵਿਗਿਆਨਮਈ ਕੋਸ਼ ਵਿਚੋਂ ਲੰਘਦੀ ਹੈ, ਫੇਰ ਅਨੰਦਮਈ ਕੋਸ਼ ਵਿਚੋਂ ਲੰਘ ਕੇ ਫੇਰ ਆਤਮ ਮੰਡਲ ਵਿਚ ਪ੍ਰਵੇਸ਼ ਕਰਦੀ ਹੈ, ਉਥੇ ਪਹੁੰਚ ਕੇ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਉਥੇ ਨਾਮ ਦੀ ਪ੍ਰਾਪਤੀ ਹੁੰਦੀ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥*** ***ਪੰਨਾ – 293***

ਉਹ ਤੈਨੂੰ ਮਿਲਣਾ ਹੈ ਦੇਹੀ ਦੇ ਵਿਚੋਂ –

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** ***ਪੰਨਾ – 293***

ਸੋ ਜਿੰਨੀ ਦੇਰ ਤੱਕ ਗੁਰਮੁਖ ਨਹੀਂ ਮਿਲਦਾ ਉਨੀ ਦੇਰ ਤੱਕ ਇਹ ਚੀਜ਼ ਪਾਈ ਨਹੀਂ ਜਾਂਦੀ। ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਏਸੇ ਭਾਵ ਦਾ ਸਾਰਾ ਸਬਦ ਦਸਿਆ ਹੈ ਕਿ ਪਤ ਤਾਂ ਰਹਿਣੀ ਹੈ ਦਰਗਾਹ ਦੇ ਵਿਚ, ਜੇ ਪੱਲੇ ਨਾਮ ਹੋਏਗਾ। ਇਥੋਂ ਤੱਕ ਕਹਿੰਦੇ ਨੇ ਕਿ ਜੇ ਤੂੰ ਨਾਮ ਤੱਕ ਨਹੀਂ ਪਹੁੰਚਿਆ, ਨਾਮ ਤੱਕ ਤੇਰੀ ਰੁਸਵਾਈ ਨਹੀਂ ਹੋਈ ਫੇਰ ਤੂੰ ਆਪਣੇ ਆਪ ਨੂੰ ਜੀਊਂਦਿਆਂ ਵਿਚ ਨਾ ਗਿਣ। ਫੇਰ ਮਹਾਰਾਜ! ਅਸੀਂ ਤਾਂ ਰੋਟੀ ਵਗੈਰਾ ਖਾਂਦੇ ਹਾਂ, ਸਭ ਤੁਰੇ ਫਿਰਦੇ ਹਾਂ, ਗੱਡੀਆਂ ਚਲਾਉਂਦੇ ਹਾਂ, ਕਾਰਾਂ ਚਲਾਈ ਫਿਰਦੇ ਹਾਂ, ਹਵਾਈ ਜਹਾਜ਼ ਚਲਾਈ ਫਿਰਦੇ ਹਾਂ, ਵੱਡੇ-ਵੱਡੇ ਇੰਤਜਾਮ ਕਰਦੇ ਹਾਂ, ਫੇਰ ਅਸੀਂ ਜਾਉਂਦੇ ਨਾ ਹੋਏ? ਮਹਾਰਾਜ ਕਹਿੰਦੇ ਫੇਰ ਤੈਨੂੰ ਜੀਵਨ ਦਾ ਹੀ ਨਹੀਂ ਪਤਾ ਕਿ ਜੀਵਨ ਹੁੰਦਾ ਕੀ ਹੈ, ਇਹ ਤਾਂ ਰਸਾਇਣਿਕ ਜੀਵਨ (chemical life) ਹੈ, ਰੋਟੀ ਪਾਣੀ ਖਾਂਦੇ ਹਾਂ ਸਰੀਰ ਚਲਦਾ ਹੈ। ਇਸ ਦੇ ਨਾਲ ਬੁੱਧੀ ਚਲਦੀ ਹੈ, ਦਿਮਾਗ ਚਲਦਾ ਹੈ, ਦਿਮਾਗ ਕੰਮ ਕਰਦਾ ਹੈ। ਇਹ ਤਾਂ ਹਉਮੈ ਦੀ ਸੁਰਤ ਵਿਚ ਤੂੰ ਕੰਮ ਕਰ ਰਿਹਾ ਹੈਂ ਨੀਂਦ ਵਿਚ, ਜਾਗਿਆ ਨਹੀਂ। ਜਦੋਂ ਜਾਗ ਆਉਣੀ ਹੈ ਤਾਂ ਤੇਰੀ ਦ੍ਰਿਸ਼ਟੀ ਖੁੱਲ੍ਹ ਜਾਵੇਗੀ। ਸੋ ਏਸ ਨੀਂਦ ਨੂੰ ਤੂੰ ਛੱਡ ਦੇਹ। 'ਭੂਲਿਆ ਹਉਮੈ ਸੁਰਤਿ ਵਿਸਾਰਿ॥ ਇਸ ਨੂੰ ਵਿਸਾਰ ਦੇਹ, ਇਹ chemical life (ਰਸਾਇਣਿਕ ਜੀਵਨ) ਹੈ। ਉਹ ਜੀਵਨ ਹੋਰ ਹੈ ਜਿਸ ਦੇ ਮਿਲਣ ਦੇ ਨਾਲ ਤੂੰ ਜੀਉਂਦਾ ਹੋ ਜਾਵੇਂ, ਤੂੰ ਹੀ ਨਹੀਂ ਸਗੋਂ ਜਿਹੜਾ ਤੇਰੇ ਨੇੜੇ ਆਵੇਗਾ ਉਹ ਵੀ ਜੀਉਂਦਾ ਹੋ ਜਾਵੇਗਾ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥*** ***ਪੰਨਾ – 142***

ਇਹ ਪਤ ਤਾਂ ਦਰਗਾਹ ਵਿਚ ਵੀ ਲਹਿ ਰਹੀ ਹੈ –

***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਪੰਨਾ – 142***

ਸੋ ਇਸ ਕਰਕੇ ਮਹਾਰਾਜ ਜੀ ਕਹਿੰਦੇ ਤੇਰਾ ਖਾਣਾ ਪੀਣਾ ਇਹੋ ਜਿਹਾ ਹੀ ਹੈ –

***ਜਿਉ ਕੂਕਰ ਜੂਠਨ ਮਹਿ ਪਾਇ॥*** ***ਪੰਨਾ – 240***

ਜਿਵੇਂ ਕੁੱਤਾ ਜੂਠੀਆਂ ਚੀਜ਼ਾਂ ਖਾਂਦਾ ਹੈ, ਆਏਂ ਤੂੰ ਖਾਂਦਾ ਹੈਂ ਪ੍ਰਮੇਸ਼ਰ ਨੂੰ ਭੁੱਲ ਕੇ। ਸੋ ਸਤਿਸੰਗ ਵਿਚ ਆ ਕੇ ਜਦੋਂ ਅਸੀਂ ਬਾਣੀ ਦੀ ਵਿਚਾਰ ਕਰਦੇ ਹਾਂ ਤਾਂ ਇਕ ਤੁਕ ਹੀ ਸਾਨੂੰ ਬਹੁਤ ਹੈ, ਬਹੁਤਾ ਨਹੀਂ।

ਬਾਬਾ ਜਵਾਲਾ ਸਿੰਘ ਜੀ ਦੇ ਦਰਸ਼ਨ ਕਰਨ ਗਏ। ਇਥੇ ਆਏ ਹੋਏ ਸੀ ਨੇੜੇ, ਸੰਗਤ ਸਾਰੀ ਬੈਠੀ ਸੀ। ਸੰਤ ਮਹਿੰਦਰ ਸਿੰਘ ਜੀ ਨੂੰ ਕਹਿੰਦੇ, "ਕੀ ਪੜ੍ਹਦਾ ਹੈਂ?"

ਉਹ ਕਹਿੰਦੇ, "ਅਨੰਦ ਸਾਹਿਬ ਪੜ੍ਹਦਾ ਹਾਂ ਜੀ"

ਕਹਿੰਦੇ, "ਐਥੇ ਆ, ਪੜ੍ਹ ਕੇ ਸੁਣਾ ਸਾਨੂੰ।"

ਉਨ੍ਹਾਂ ਨੇ ਇਕ ਤੁਕ ਪੜ੍ਹੀ –

***ਸਾਚੀ ਲਿਵੈ ਬਿਨੁ ਦੇਹ ਨਿਮਾਣੀ॥***
***ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥***
***ਪੰਨਾ – 917***

ਮਹਾਂਪੁਰਸ਼ਾਂ ਨੇ ਹੱਥ ਰੱਖ ਦਿੱਤਾ ਗੁਟਕੇ ਦੇ ਉੱਤੇ, ਗੁਟਕਾ ਬੰਦ ਕਰ ਦਿੱਤਾ ਫੜ ਕੇ, ਚੁਪ ਕਰਕੇ ਬੈਠ ਗਏ। ਬੇਅੰਤ ਸਿੰਘ ਬੈਠੇ ਨੇ ਕਿ ਹੁਣ ਬਚਨ ਕਰਨਗੇ। ਬਚਨ ਨਹੀਂ ਆਪ ਨੇ ਕਰਿਆ।

ਉਸੇ ਵੇਲੇ ਕਹਿਣ ਲੱਗੇ, "ਪਿਆਰਿਓ! ਇਸ ਤੋਂ ਅਗੇ ਹੁਣ ਬਚਨ ਕਰੀਏ ਕੀ? ਤੁਸੀਂ ਵੀ ਸਮਝ ਗਏ, ਮੈਂ ਵੀ ਸਮਝ ਗਿਆ।"

ਮੰਜੇ ਤੇ ਬੈਠੇ ਸੀ ਕੱਪੜਾ ਲਿਆ ਅਰਾਮ ਨਾਲ ਪੈ ਗਏ। ਬੰਦੇ ਬੈਠੇ ਰਹੇ ਕਿ ਹੁਣ ਉਠਣਗੇ ਅੰਦਰ ਓਹੀ ਤੁਕ, ਉਹੀ ਚੀਜ਼ ਅੰਦਰਲੇ ਪਾਸੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿ ਲਿਵ ਤੋਂ ਬਗੈਰ ਤਾਂ ਜਿਹੜੀ ਦੇਹ ਹੈ ਇਹ ਤਾਂ ਨਿਮਾਣੀ ਹੈ। ਵਾਹਿਗੁਰੂ ਨਾਲ ਲਿਵ ਤਾਂ ਲਗਦੀ ਨਹੀਂ, ਲਿਵ ਤਾਂ ਟੁੱਟੀ ਰਹਿੰਦੀ ਹੈ ਹਰ ਵਕਤ ਸਾਡੀ। ਸਾਡੀ ਲਿਵ ਲੱਗੀ ਹੋਈ ਹੈ ਮਾਇਆ ਦੇ ਨਾਲ, ਮਾਇਆ ਦੀਆਂ ਪ੍ਰਾਪਤੀਆਂ ਦੇ ਨਾਲ ਤੇ ਫੇਰ ਸਾਡੀ ਤਾਂ ਦੇਹ ਕਿਸੇ ਕੰਮ ਦੀ ਨਾ ਹੋਈ। ਸੋ ਏਸ ਤਰ੍ਹਾਂ ਬਾਣੀ ਅਸੀਂ ਜਦੋਂ ਵਿਚਾਰਦੇ ਹਾਂ ਤਾਂ ਉਹ ਬਾਣ ਹੋਇਆ ਕਰਦਾ ਹੈ। ਇਕੋ ਤੁਕ ਲੱਗ ਜਾਵੇ ਉਸੇ ਨਾਲ ਲੰਘ ਜਾਂਦਾ ਹੈ। ਭਾਈ ਨੰਦ ਸਿੰਘ ਜੀ ਨੂੰ ਦਸਵੇਂ ਪਾਤਸ਼ਾਹ ਦੇ ਹਜ਼ੂਰ ਇਕੋ ਹੀ ਤੁਕ ਲੱਗੀ ਸੀ–

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥***
***ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥***
***ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥***
***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਪੰਨਾ – 919***

ਇਹ ਤੁਕਾਂ ਪੜ੍ਹ ਲਈਆਂ ਉਸ ਬੱਚੇ ਨੇ 18 ਸਾਲ ਦੀ ਉਮਰ, ਬੋਲਣਾ ਛੱਡ ਦਿੱਤਾ, ਕੰਮ ਕਰਨਾ ਛੱਡ ਦਿੱਤਾ। ਗੁਰੂ ਦਸਮੇਸ਼ ਪਿਤਾ ਪਾਸ ਲੈ ਆਏ, ਕਹਿੰਦੇ, "ਸੱਚੇ ਪਾਤਸ਼ਾਹ! ਇਸ ਨੂੰ ਪਤਾ ਨਹੀਂ ਕੀ ਹੋ ਗਿਆ, ਪਤਾ ਨਹੀਂ ਕੋਈ ਭੂਤ ਪ੍ਰੇਤ ਚਿੰਬੜ ਗਿਆ।"

(ਬਾਕੀ ਪੰਨਾ 62 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ – ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸ੍ਵਾਸ

ਦਿਨ ਵਿਚ ਤਿੰਨ ਵਾਰ ਪੰਜ ਤੋਂ ਦੱਸ ਮਿੰਟ ਲਈ ਸ਼ਵਆਸਨ ਦਾ ਅਭਿਆਸ ਕਰੋ। ਸਿੱਧੇ ਲੇਟੋ, ਪੈਰ ਦੂਰ ਦੂਰ ਰੱਖੋ, ਲੱਤਾਂ ਵਖਰੀਆਂ ਕਰਕੇ ਰੱਖੋ। ਬਾਹਵਾਂ ਸਿੱਧੀਆਂ ਦੂਰ, ਹਥੇਲੀਆਂ ਉਪਰ ਵਲ, ਹੱਥਾਂ ਦੀਆਂ ਉਂਗਲੀਆਂ ਪੂਰੀ ਤਰ੍ਹਾਂ ਨਾਲ ਨਿਸਲ ਹੋਣ। ਸਿਰ ਬਿਲਕੁਲ ਦਰਮਿਆਨ ਵਿਚ, ਸਾਰਾ ਸਰੀਰ ਇਕ ਤਰਤੀਬ ਵਿਚ ਹੋਵੇ। ਜਦੋਂ ਸ਼ਵ ਆਸਨ ਵਿਚ ਲੇਟੋ, ਮਲਮੂਤਰ ਵਾਲੀ ਜਗ੍ਹਾ ਨੂੰ ਸੰਗੋੜ ਲਵੋ ਤਾਂ ਜੋ ਉਥੇ ਦੇ ਪੱਠੇ ਢਿੱਲੇ ਨਾ ਰਹਿਣ। ਇਸ ਨੂੰ ਅਸਵਿਨੀ ਮੁਦਰਾ ਕਹਿੰਦੇ ਹਨ। ਇਸ ਨਾਲ ਉਪਾਨ ਵਾਯੂ ਦੇ ਬਹਾਅ ਵਿਚ ਕੋਈ ਰੁਕਾਵਟ ਨਹੀਂ ਆਵੇਗੀ। ਬੜੇ ਆਰਾਮ ਨਾਲ ਤੇ ਹੌਲੀ ਜਿਹੀ ਪੇਟ ਨੂੰ ਅੰਦਰ ਕਰੋ, ਆਪਣਾ ਹੋਂਠ ਵੀ ਪੀਚ ਲਵੋ, ਨਾਸਿਕਾ ਰਾਹੀਂ ਸਾਹ ਬਾਹਰ ਕੱਢੋ, ਫੇਰ ਪੇਟ ਨੂੰ ਢਿੱਲਾ ਛੱਡੋ, ਕੋਈ ਜ਼ੋਰ ਨਹੀਂ ਲਗਾਓ ਤੇ ਸ੍ਵਾਸ ਅੰਦਰ ਕਰੋ। ਜਦੋਂ ਤੁਸੀਂ ਪੇਟ ਅੰਦਰ ਕਰਦੇ ਹੋ ਉਸ ਨਾਲ ਸਾਰੇ ਪੱਠੇ ਅੰਦਰ ਹੋ ਜਾਂਦੇ ਹਨ, diaphragm ਵੀ ਅੰਦਰ ਹੋ ਜਾਂਦਾ ਹੈ। Diaphragm ਦੇ ਧੱਕੇ ਜਾਣ ਨਾਲ ਫੇਫੜੇ ਅੰਦਰ ਹੁੰਦੇ ਹਨ, ਉਸ ਨਾਲ ਕਾਰਬਨ ਡਾਈਆਕਸਾਈਡ ਬਾਹਰ ਨਿਕਲਦੀ ਹੈ। ਜਦੋਂ ਤੁਸੀਂ ਆਰਾਮ ਨਾਲ ਹੌਲੀ ਜਿਹੀ ਸ੍ਵਾਸ ਅੰਦਰ ਕਰਦੇ ਹੋ ਤਾਂ diaphragm ਵੀ ਨਿਸਲ ਹੋ ਜਾਂਦਾ ਹੈ, ਪੂਰੀ ਤਰ੍ਹਾਂ ਜਿੰਨਾਂ ਬਾਹਰ ਕੱਢ ਸਕਦੇ ਹੋ, ਕੱਢੋ, ਜਿੰਨਾਂ ਵੱਧ ਤੋਂ ਵੱਧ ਅੰਦਰ ਕਰ ਸਕਦੇ ਹੋ ਕਰੋ, ਇਸ ਤਰ੍ਹਾਂ ਦਸ ਵਾਰੀ ਕਰੋ। ਆਪਣੇ ਧਿਆਨ ਨੂੰ ਸ੍ਵਾਸ ਨਾਲ ਜੋੜੋ।

ਡਾ. ਸਵਾਮੀ ਰਾਮ ਜੀ ਤੇ ਸੰਤ ਵਰਿਆਮ ਸਿੰਘ ਜੀ ਪ੍ਰਸੰਨ ਮੁਦਰਾ ਵਿਚ

ਸ੍ਵਾਸ ਬੈਰੋਮੀਟਰ ਦੀ ਤਰ੍ਹਾਂ ਹਨ, ਜਿਨ੍ਹਾਂ ਨਾਲ ਤੁਹਾਡੇ ਅੰਤਰ ਦਾ ਪਤਾ ਲਗਦਾ ਹੈ। ਤੁਸੀਂ ਦੇਖੋਗੇ ਜਦੋਂ ਤੁਹਾਡੇ ਸ੍ਵਾਸ ਆਰਾਮ ਨਾਲ ਆ ਰਹੇ ਹੋਣ, ਡੂੰਘੇ ਹੋਣ, ਕੋਈ ਵਿਚ ਵਿਸ਼ਰਾਮ ਨਾ ਹੋਵੇ, ਤੁਸੀਂ ਦੇਖੋਗੇ, ਅਨੁਭਵ ਕਰੋਗੇ, ਤੁਸੀਂ ਬਹੁਤ ਹੀ ਸੁਖ ਆਰਾਮ ਤੇ ਅਨੰਦ ਦੀ ਹਾਲਤ ਵਿਚ ਹੋ।

## ਮੈਡੀਟੇਸ਼ਨ ਰਾਹੀਂ ਮਨ ਦਾ ਮਿਲਾਪ

ਜਦੋਂ ਸਵਾਮੀ ਜੀ ਨੇ ਚਿੰਤਨ ਤੇ ਮੈਡੀਟੇਸ਼ਨ ਤੇ ਸ਼ਿਕਾਗੋ ਵਿਚ ਪ੍ਰਵਚਨ ਸ਼ੁਰੂ ਕੀਤੇ, ਮੈਂ ਉਹ ਸਾਰੇ ਹੀ ਸੁਣੇ।

ਮੇਰੀਆਂ ਕਲਾਸਾਂ ਬੜੇ ਹੀ ਵੇਲੇ ਸਿਰ ਖਤਮ ਹੋ ਜਾਂਦੀਆਂ ਸੀ ਤੇ ਮੈਂ ਸਾਰੇ ਹੀ ਪ੍ਰਵਚਨ ਸੁਣੇ। ਮੈਂ ਇਕ ਇਕ ਸ਼ਬਦ ਨੂੰ ਆਪਣੇ ਅੰਦਰ ਉਤਾਰਿਆ, ਹਿਰਦੇ ਵਿਚ ਵਸਾਇਆ ਜੋ ਕੁਝ ਵੀ ਸਵਾਮੀ ਜੀ ਨੇ ਮੈਡੀਟੇਸ਼ਨ ਤੇ ਕਿਹਾ, ਮੈਡੀਟੇਸ਼ਨ ਦੇ ਵਿਗਿਆਨ ਬਾਰੇ, ਮੈਡੀਟੇਸ਼ਨ ਦੀ ਕਲਾ ਬਾਰੇ ਮੈਂ ਆਪਣੇ ਅੰਦਰ ਵਸਾਇਆ, ਇਸ ਤੋਂ ਬਾਅਦ ਅਗਲੇ ਵੀਹ ਸਾਲ ਸਵਾਮੀ ਜੀ ਨੇ ਜੋ ਕੁਝ ਵੀ ਮੈਡੀਟੇਸ਼ਨ ਤੇ ਕਿਹਾ, ਮੈਂ ਸੁਣਿਆ ਮੈਂ ਸਵਾਮੀ ਜੀ ਦੇ ਮੈਡੀਟੇਸ਼ਨ ਤੇ ਕੋਰਸ ਸਤਾਰਾਂ ਵਾਰੀ ਸੁਣੇ। ਇਹ ਕੋਰਸ ਮਨ ਨੂੰ ਚੰਗੀ ਤਰ੍ਹਾਂ ਝੰਜੋੜਨ ਵਾਲੇ ਹੁੰਦੇ, ਇਹ ਮਨ ਦੀਆਂ ਗੁੰਥੀਆਂ ਖੋਲ੍ਹਣ ਵਾਲੇ ਹੁੰਦੇ ਜਿਵੇਂ ਕਿ ਕਿਸੇ ਨੇ ਕਿਹਾ ਹੈ, "ਜਦੋਂ ਵੀ ਨਵਾਂ ਵਿਚਾਰ ਆਉਂਦਾ ਹੈ ਉਹ ਮਨ ਨੂੰ ਵਿਸ਼ਾਲ ਬਣਾਉਂਦਾ ਹੈ, ਮੁੜ ਕੇ ਮਨ ਕਦੀ ਵੀ ਪਹਿਲੇ ਦੀ ਤਰ੍ਹਾਂ ਸੰਕੋਚ ਵਿਚ ਨਹੀਂ ਆਉਂਦਾ। ਇਨ੍ਹਾਂ ਪ੍ਰਵਚਨਾਂ ਵਿਚ ਸਵਾਮੀ ਜੀ ਮਨ ਦਾ ਵਿਸਤਾਰ ਕਰ ਰਹੇ ਹੁੰਦੇ, ਉਸ ਨੂੰ ਵਿਸ਼ਾਲਤਾ ਵਿਚ ਲਿਜਾ ਰਹੇ ਹੁੰਦੇ।

ਸਵਾਮੀ ਜੀ ਨੇ ਬਹੁਤ ਹੀ ਵਿਸਤਾਰ ਨਾਲ ਦੱਸਿਆ ਕਿ ਸਿਧਾਂਤਾਂ ਨੂੰ ਅਨੁਭਵ ਨਾਲ ਕਿਵੇਂ ਮਿਲਾਇਆ ਜਾਂਦਾ ਹੈ, ਬਹੁਤ ਵਾਰੀ ਆਪਣੇ ਪ੍ਰਵਚਨਾਂ ਵਿਚ ਸਵਾਮੀ ਜੀ ਕੁਝ ਇਹੋ ਜਿਹੀਆਂ ਗੱਲਾਂ ਕਹਿੰਦੇ, ਜਿਨ੍ਹਾਂ ਬਾਰੇ ਲੱਗਦਾ ਕਿ ਇਨ੍ਹਾਂ ਗੱਲਾਂ ਦਾ ਤਾਂ ਕੋਈ ਮਤਲਬ ਹੀ ਨਹੀਂ, ਇਨ੍ਹਾਂ ਦਾ ਤਾਂ ਪ੍ਰਚਵਨਾਂ ਨਾਲ ਕੋਈ ਸਬੰਧ ਹੀ ਨਹੀਂ। ਪਰ ਇਹ ਦੇਖਣ ਜਾਂ ਸੁਣਨ ਵਾਲੇ ਨੂੰ ਹੀ ਇਸ ਤਰ੍ਹਾਂ ਲਗਦਾ ਸੀ, ਵਾਸਤਵ ਵਿਚ ਇਸ ਤਰ੍ਹਾਂ ਨਹੀਂ ਸੀ। ਕਈ ਵਾਰੀ ਪ੍ਰਵਚਨਾਂ ਤੋਂ ਬਾਅਦ ਕੋਈ ਸਰੋਤਾ, ਮੇਰੇ ਕੋਲ ਚਲ ਕੇ ਆਉਂਦਾ ਤੇ ਕਹਿੰਦਾ ਆਹ! ਸਵਾਮੀ ਜੀ ਨੇ ਤਾਂ ਮੇਰੀ ਸਮੱਸਿਆ ਦਾ ਸਮਾਧਾਨ ਕਰਾ ਦਿਤਾ, ਮੈਨੂੰ ਬਣਿਆ ਬਣਾਇਆ ਜਵਾਬ ਮਿਲ ਗਿਆ, ਪਰ ਉਸ ਗੱਲ ਦਾ ਪ੍ਰਵਚਨਾਂ ਨਾਲ ਜਾਂ ਜੋ ਦੱਸਿਆ ਜਾ ਰਿਹਾ ਸੀ ਉਸ ਨਾਲ ਕੋਈ ਸਬੰਧ ਨਹੀਂ ਸੀ। ਕੁਝ ਹੋਰ ਸਰੋਤੇ ਕਹਿੰਦੇ ਕਿ ਪਰਵਚਨ ਤਾਂ ਕੇਵਲ ਉਨ੍ਹਾਂ ਲਈ ਹੀ ਸੀ, ਉਨ੍ਹਾਂ ਦੀ ਸਮੱਸਿਆ ਹੀ ਦੱਸੀ ਗਈ ਸੀ ਤੇ ਉਸ ਦਾ ਸਮਾਧਾਨ ਦੱਸਿਆ ਗਿਆ ਸੀ। ਹੋਰ ਕੁਝ ਲੋਕ ਕਹਿੰਦੇ ਕਿ ਸਵਾਮੀ ਜੀ ਉਨ੍ਹਾਂ ਦੇ ਮਨ ਦੀ ਖੋਜ ਕਰ ਰਹੇ ਸੀ। ਸਵਾਮੀ ਜੀ ਉਹ ਹੀ ਬੋਲ ਰਹੇ ਸੀ ਜੋ ਉਨ੍ਹਾਂ ਦੇ ਮਨ ਵਿਚ ਸੀ। ਜਿਵੇਂ ਹੀ ਮੈਂ ਧਿਆਨ ਨਾਲ ਸਵਾਮੀ ਜੀ ਦੇ ਪ੍ਰਵਚਨ ਸੁਣਨੇ ਸ਼ੁਰੂ ਕੀਤੇ, ਮੈਨੂੰ ਲੱਗਾ ਕਿ ਸਰੋਤੇ ਠੀਕ ਹੀ ਕਹਿੰਦੇ ਹਨ। ਪ੍ਰਵਚਨ ਕਰਨੇ, ਪੜ੍ਹਾਉਣਾ ਸਵਾਮੀ ਜੀ ਲਈ ਬੜੇ ਹੀ ਪੱਧਰਾਂ ਤੇ ਸੀ। ਪੜ੍ਹਾਉਂਦੇ ਹੋਏ ਸਵਾਮੀ ਜੀ ਤੁਹਾਡੀ ਰੂਹ ਟੁੰਭ ਦਿੰਦੇ ਸੀ, ਤੁਹਾਡੇ ਮਨ ਨੂੰ ਦਿਮਾਗ ਨੂੰ ਝੰਜੋੜ ਦਿੰਦੇ ਸੀ।

ਸਿਮਰਨ, ਧਿਆਨ, ਮੈਡੀਟੇਸ਼ਨ ਉਨ੍ਹਾਂ ਦਾ ਮਨ ਭਾਉਂਦਾ ਵਿਸ਼ਾ ਸੀ। ਸਵਾਮੀ ਜੀ ਕਹਿੰਦੇ ਸੀ, ਜੋ ਵੀ ਪ੍ਰਾਪਤੀ ਕੀਤੀ ਹੈ ਉਹ ਮੈਡੀਟੇਸ਼ਨ ਕਾਰਣ ਹੀ ਹੈ, ਇਹ ਗੱਲ ਸਵਾਮੀ ਜੀ ਬਹੁਤ ਵਾਰੀ ਕਹਿੰਦੇ, ਬਾਰ ਬਾਰ ਕਹਿੰਦੇ, ਉਨ੍ਹਾਂ ਦੇ ਕਹਿਣ ਤੇ ਕੋਈ ਸ਼ੱਕ ਨਹੀਂ ਸੀ, ਸਮੱਸਿਆ ਸੀ ਇਸ ਗੱਲ ਨੂੰ ਮੰਨਣ ਵਿਚ ਵਿਸ਼ਵਾਸ਼ ਨਹੀਂ ਸੀ ਹੁੰਦਾ, ਇਹ ਨਹੀਂ ਸੀ ਲਗਦਾ ਕਿ ਇਕ ਦਿਨ ਅਸੀਂ ਵੀ ਮੈਡੀਟੇਸ਼ਨ ਕਰਕੇ ਉਨ੍ਹਾਂ ਦੇ ਬਰਾਬਰ ਪਹੁੰਚ ਕਰ ਸਕਦੇ ਹਾਂ।

ਤੁਹਾਡੀ ਸਮੱਸਿਆ ਇਹ ਹੈ ਕਿ ਤੁਸੀਂ ਸਮੇਂ ਸਿਰ ਮੈਡੀਟੇਸ਼ਨ ਨਹੀਂ ਕਰਦੇ। ਤੁਸੀਂ ਕਦੀ ਗੁੱਸੇ ਕਦੀ ਖੁਸ਼ ਹੁੰਦੇ ਰਹਿੰਦੇ ਹੋ, ਤੁਸੀਂ ਮੈਡੀਟੇਸ਼ਨ ਤੋਂ ਕੀ ਚਾਹੁੰਦੇ ਹੋ? ਜਦੋਂ ਤੁਸੀਂ ਲਗਾਤਾਰ ਇਕ ਸਮੇਂ ਤੇ ਸਥਿਰ ਹੋ ਕੇ ਮੈਡੀਟੇਸ਼ਨ ਕਰ ਹੀ ਨਹੀਂ ਸਕਦੇ, ਅਭਿਆਸ ਹੀ ਨਹੀਂ ਕਰਦੇ, ਫੇਰ ਕੀ ਉਮੀਦ ਰਖਦੇ ਹੋ। ਸਵਾਮੀ ਜੀ ਇਕ ਦਿਨ ਇਕ ਸ਼ਿਸ਼ ਨੂੰ ਡਾਂਟ ਰਹੇ ਸੀ।

ਮੈਂ ਥੋੜ੍ਹੀ ਦੂਰ ਖੜ੍ਹਾ ਸੁਣ ਰਿਹਾ ਸੀ, ਕੀ ਝਾੜ ਪੈ ਰਹੀ ਹੈ। ਮੈਨੂੰ ਉਸ ਤੇ ਤਰਸ ਆ ਰਿਹਾ ਸੀ, ਮੈਂ ਦੇਖਿਆ ਉਹ ਸ਼ਿਸ ਕਾਫੀ ਘਬਰਾਇਆ ਹੋਇਆ ਸੀ, ਪਛਤਾਵੇ ਦੀ ਜਗ੍ਹਾ ਘਬਰਾਹਟ ਵਧੇਰੇ ਸੀ। ਮੈਂ ਕਿਹਾ, ਇਹ ਸਭ ਕੁਝ ਮੈਨੂੰ ਤਾਂ ਨਹੀਂ ਕਿਹਾ ਜਾ ਰਿਹਾ ਸੀ, ਮੈਂ ਮਹਿਸੂਸ ਕੀਤਾ।

ਮੈਨੂੰ ਇਹ ਸਮਝਣ ਲਈ ਕੁਝ ਸਾਲ ਲੱਗੇ ਕਿ ਸਵਾਮੀ ਜੀ ਕਿਸੇ ਹੋਰ ਨੂੰ ਡਾਂਟ ਰਹੇ ਹੁੰਦੇ, ਜਦੋਂ ਕਿ ਉਹ ਕਹਿਣਾ ਕਿਸੇ ਹੋਰ ਨੂੰ ਚਾਹੁੰਦੇ, ਪਰ ਇਹ ਸਭ ਕੁਝ ਬਹੁਤ ਹੀ ਸਿਖਿਆਦਾਇਕ ਹੁੰਦਾ। ਜਿਸਨੂੰ ਝਾੜ ਪੈ ਰਹੀ ਹੁੰਦੀ ਉਹ ਸੋਚਦਾ ਮੇਰੀ ਸਮਝ ਵਿਚ ਤਾਂ ਮੈਂ ਕੁਝ ਐਸਾ ਕੀਤਾ ਨਹੀਂ ਜੋ ਮੈਨੂੰ ਇਹ ਝਾੜ ਪਵੇ, ਪਰ ਇਹ ਘੱਟ ਵਧ ਹੀ ਹੁੰਦਾ। ਜਦੋਂ ਅਸੀਂ ਇਹ ਸਮਝ ਸਕਦੇ ਕਿ ਝਾੜ ਕਿਸ ਲਈ ਸੀ।

ਪਰ ਇਕ ਗੱਲ ਹਮੇਸ਼ਾ ਯਾਦ ਰੱਖੋ ਕਿ ਗੁਰੂ ਦੇ ਆਪਣੇ ਹੀ ਤਰੀਕੇ ਹਨ, ਕੀ ਕਸਵੱਟੀ ਤੁਹਾਡੇ ਤੇ ਲਗਾਉਣੀ ਹੈ? ਤੁਹਾਨੂੰ ਕਿਵੇਂ ਹਲੂਣਾ ਦੇਣਾ ਹੈ?

ਇਕ ਦਿਨ ਸਵੇਰੇ ਸਵੇਰੇ ਮੇਰੇ ਕੰਨਾਂ ਵਿਚ ਜਾਣੀ ਪਛਾਣੀ ਆਵਾਜ਼ ਪਈ, ਮੈਂ ਬੜਾ ਹੀ ਨਿੱਘ ਵਿਚ ਸੁੱਤਾ ਪਿਆ ਸੀ, ਆਵਾਜ਼ ਆਈ ਕਿਥੇ ਹੈਂ ਤੂੰ?

ਮੈਂ ਇਕ ਦਮ ਛਲਾਂਗ ਲਗਾ ਕੇ ਬਿਸਤਰੇ ਤੋਂ ਬਾਹਰ ਆਇਆ, ਮੈਂ ਦੇਖਿਆ ਮੈਂ ਆਪਣੀ ਮੈਡੀਟੇਸ਼ਨ ਲਈ ਅੱਜ ਵੀ ਲੇਟ ਸੀ।

ਉਸ ਦਿਨ ਸ਼ਾਮ ਨੂੰ ਜਦੋਂ ਮੈਡੀਟੇਸ਼ਨ ਦੀ ਕਲਾਸ ਹੋਈ, ਸਵਾਮੀ ਜੀ ਨੇ ਬਹੁਤ ਡਾਂਟ ਲਗਾਈ ਤੇ ਕਿਹਾ ਕਿ ਤੁਹਾਡੇ ਕੰਨ ਹਨ ਪਰ ਤੁਸੀਂ ਸੁਣਦੇ ਨਹੀਂ, ਆਤਮ ਮਾਰਗ ਤੇ ਅੱਗੇ ਵਧਣ ਦਾ ਸਭ ਤੋਂ ਵੱਡਾ ਰਾਜ਼ ਹੈ, ਸਮੇਂ ਸਿਰ ਧਿਆਨ ਲਗਾਉਣਾ, ਜੇ ਤੁਸੀਂ ਮੈਨੂੰ ਇਹ ਦੱਸ ਦਿਓਗੇ ਕਿ ਤੁਸੀਂ ਕਦੋਂ ਮੈਡੀਟੇਸ਼ਨ ਤੇ ਬੈਠੋਗੇ, ਕਦੋਂ ਧਿਆਨ ਲਗਾਓਗੇ, ਮੈਂ ਤੁਹਾਡੀ ਹਾਜ਼ਰੀ ਵਿਚ ਹੋਵਾਂਗਾ। ਹੁੰਦਾ ਕੀ ਹੈ, ਜਦੋਂ ਮੈਂ ਦੱਸੇ ਗਏ ਸਮੇਂ ਤੇ ਆਪਣੇ ਸ਼ਿਸ਼ ਦੇ ਮੁਤਾਬਿਕ ਉਥੇ ਪਹੁੰਚਦਾ ਹਾਂ ਸ਼ਿਸ਼ ਉਥੇ ਹੁੰਦਾ ਹੀ ਨਹੀਂ, ਇਹ ਮੈਨੂੰ ਚੰਗਾ ਨਹੀਂ ਲਗਦਾ।

ਜਿੰਨੇ ਲੋਕ ਉਥੇ ਬੈਠੇ ਸੀ ਇਹ ਸਭ ਕੁਝ ਸੁਣ ਕੇ ਉਨ੍ਹਾਂ ਨੇ ਅੱਖਾਂ ਨੀਵੀਆਂ ਪਾ ਲਈਆਂ।

ਇਕ ਦਿਨ ਸਵਾਮੀ ਜੀ ਨੇ ਮੈਡੀਟੇਸ਼ਨ ਤੇ ਪ੍ਰਵਚਨ ਸ਼ੁਰੂ ਕੀਤੇ। ਉਹ ਅਸੀਂ ਪਹਿਲਾਂ ਕਦੀ ਨਹੀਂ ਸੁਣੇ ਸੀ, ਤੁਹਾਡੇ ਤੇ ਕ੍ਰਿਪਾ ਹੌਲੀ ਹੌਲੀ ਹੁੰਦੀ ਹੀ ਰਹਿੰਦੀ ਹੈ ਪਰ ਜੇ ਤੁਸੀਂ ਉਸ ਕ੍ਰਿਪਾ ਨੂੰ ਲੈਣ ਲਈ ਤਿਆਰੀ ਹੀ ਨਾ ਕੀਤੀ ਹੋਵੇ ਤਾਂ ਤੁਸੀਂ ਉਸ ਕ੍ਰਿਪਾ ਨੂੰ ਲੈ ਨਹੀਂ ਸਕਦੇ। ਆਪਣੇ ਅੰਦਰ ਨਹੀਂ ਸਮਾਅ ਸਕਦੇ। ਬਿਨਾਂ ਤਿਆਰ ਹੋਇਆਂ, ਬਿਨਾਂ ਤਿਆਰੀ ਕੀਤਿਆਂ ਤੁਸੀਂ ਸਭ ਕੁਝ ਦੇਖਣਾ ਚਾਹੁੰਦੇ ਹੋ, ਪਰ ਤੁਸੀਂ ਉਹ ਦੇਖਣਾ ਚਾਹੁੰਦੇ ਹੋ ਜੋ ਤੁਹਾਡੀ ਇੱਛਾ ਹੈ, ਤੁਸੀਂ ਉਹ ਨਹੀਂ ਦੇਖਣਾ ਚਾਹੁੰਦੇ ਜਿਹੜਾ ਤੁਹਾਡੇ ਸੁਭਾਅ ਦੇ ਅਨਕੂਲ ਨਹੀਂ। ਆਪਣੀਆਂ ਇਛਾਵਾਂ ਨੂੰ, ਆਪਣੇ ਸੁਭਾਅ ਦੇ ਅਨੁਕੂਲ ਇਕ ਸੁਰ ਤੇ ਇਕ ਸਾਰ ਕਰਨ ਦੀ ਥਾਂ ਤੁਸੀਂ ਆਪਣੀਆਂ ਇਛਾਵਾਂ ਨੂੰ ਇੰਨਾਂ ਵਧਾ ਲੈਂਦੇ ਹੋ, ਐਨਾ ਔਖਾ ਕਰ ਲੈਂਦੇ ਹੋ ਕਿ ਉਹ ਤੁਹਾਡੇ ਲਈ ਹੀ ਦੁਖਦਾਈ ਹੋ ਜਾਂਦੀਆਂ ਹਨ।

ਇਸ ਇਕ ਪ੍ਰਵਚਨ ਨਾਲ ਮੇਰੇ ਤਾਂ ਕਪਾਟ ਹੀ ਖੁਲ੍ਹ ਗਏ, ਕਿੰਨਾਂ ਕੁਝ ਮੇਰੇ ਅੰਦਰ ਸਾਫ ਦਿਖਣ ਲਗ ਗਿਆ। ਮੈਂ ਮਹਿਸੂਸ ਕੀਤਾ, ਮੈਂ ਕਿੰਨੀ ਵਾਰੀ ਖਾਣ ਦਾ ਸਾਮਾਨ ਇਸ ਕਰਕੇ ਨਹੀਂ ਸੀ ਪਸੰਦ ਕਰਦਾ ਕਿ ਉਸ ਦੇ ਪੌਸ਼ਟਕ ਗੁਣ ਕੀ ਹਨ, ਮੈਂ ਤਾਂ ਉਸ ਦੇ ਸਵਾਦ ਕਰਕੇ ਹੀ ਪਸੰਦ ਕਰਦਾ ਸੀ। ਉਹ ਮਿੱਠਾ ਹੈ, ਸਵਾਦੀ ਹੈ, ਮੈਂ ਮਹਿਸੂਸ ਕੀਤਾ, ਮੇਰੀਆਂ ਕਿੰਨੀਆਂ ਹੀ ਇਛਾਵਾਂ ਉਹ ਸਨ ਜਿਨ੍ਹਾਂ ਦਾ ਸਬੰਧ ਮੇਰੇ ਜੀਵਨ ਨਾਲ ਬਿਲਕੁਲ ਨਹੀਂ ਸੀ। ਮੇਰੇ ਰੂਹਾਨੀ ਜੀਵਨ ਨਾਲ ਕਿਸੇ ਤਰ੍ਹਾਂ ਵੀ ਕੋਈ ਸਬੰਧ ਉਨ੍ਹਾਂ ਚੀਜ਼ਾਂ ਦਾ ਨਹੀਂ ਸੀ, ਮੈਨੂੰ ਸਵਾਮੀ ਜੀ ਦੇ ਪ੍ਰਵਚਨ ਦੀ ਕ੍ਰਿਪਾ ਤਾਂ ਲਗਾਤਾਰ ਹੀ ਹੁੰਦੀ ਰਹਿੰਦੀ ਸੀ, ਤੁਸੀਂ ਉਸ ਨੂੰ ਲੈਣ ਲਈ ਤਿਆਰ ਹੋ ਕਿ ਨਹੀਂ ਇਹ ਇਕ ਵੱਖਰੀ ਸਚਾਈ ਸੀ।

ਸਵਾਮੀ ਜੀ ਨੇ ਪ੍ਰਵਚਨ ਜਾਰੀ ਰਖਦਿਆਂ ਕਿਹਾ, ਕੇਵਲ ਮੈਡੀਟੇਸ਼ਨ ਨਾਲ ਮਨੁੱਖ ਦਾ ਵਿਅਕਤੀਤਵ ਪੂਰਾ ਖੇੜੇ ਵਿਚ ਆ ਸਕਦਾ ਹੈ ਕਿਉਂਕਿ ਮੈਡੀਟੇਸ਼ਨ ਨਾਲ ਹੀ ਤੁਸੀਂ ਆਪਣੇ ਅੰਤਰ ਨੂੰ ਦੇਖ ਸਕਦੇ ਹੋ, ਇਹ ਇਕ ਉਹ ਸਫਰ ਹੈ ਜਿਸ ਵਿਚ ਕੋਈ ਵੀ ਹਿਲਜੁਲ ਨਹੀਂ। ਜਿਵੇਂ ਜਿਵੇਂ ਤੁਸੀਂ ਅੱਗੇ ਵਧਦੇ ਹੋ, ਤੁਸੀਂ ਦੂਸਰਿਆਂ ਬਾਰੇ ਸੋਚਣਾ ਛੱਡ ਦਿੰਦੇ ਹੋ, ਦੂਸਰੇ ਤੁਹਾਡੇ ਲਈ ਕੀ ਸੋਚਦੇ ਹਨ, ਉਹ ਵੀ ਛੱਡ ਦਿੰਦੇ ਹੋ। ਕੋਈ ਤੁਹਾਡੀ ਕੀ ਸਿਫਤ ਕਰ ਰਿਹਾ ਹੈ, ਕੀ ਸਿਫਤ ਕੀਤੀ ਹੈ? ਇਹ ਸਭ ਕੁਝ ਹੀ ਛੁਟ ਜਾਂਦਾ ਹੈ। ਤੁਹਾਡਾ ਵਰਤਾਉ ਵਿਹਾਰ, ਤੁਹਾਡੇ ਸੋਚ ਦਾ ਪਰਤੀਕ ਹੈ, ਸੋਚ ਤੁਹਾਡੇ ਸੰਵੇਗ, ਮਨੋਭਾਵ ਦਾ ਪ੍ਰਤੀਕ ਹੈ, ਸੋਚ ਤੁਹਾਡੇ ਮਨੋਵੇਗ ਨੂੰ ਉਤੇਜਿਤ ਕਰਦਾ ਹੈ। ਤੁਹਾਡੇ ਅੰਦਰ ਤੇ ਅੰਤਰ ਦੀ ਯਾਤਰਾ ਉਦੋਂ ਹੀ ਸ਼ੁਰੂ ਹੋਵੇਗੀ ਜਦੋਂ ਤੁਸੀਂ ਸਭ ਕੁਝ ਪਿਛੇ ਛੱਡ ਦਿਓਗੇ। ਜਦੋਂ ਸੋਚ ਪਿਛੇ ਰਹਿ ਜਾਵੇਗੀ। ਮੈਡੀਟੇਸ਼ਨ ਤੋਂ ਭਾਵ ਹੈ ਕਿ ਤੁਸੀਂ ਸੰਸਾਰ ਤੋਂ ਮੁਕਤ ਹੋ ਰਹੇ ਹੋ।

ਆਮ ਲੋਕੀ ਕਿਸੇ ਨਾ ਕਿਸੇ ਪਵਿੱਤਰ ਬਿੰਬ ਨਾਲ ਜੁੜ ਜਾਂਦੇ ਹਨ। ਕੀ ਕੋਈ ਜਾਣਦਾ ਹੈ ਕਿ ਬੁੱਧ ਕਿਵੇਂ ਲਗਦੇ ਸੀ। ਯੂਸੋ ਮਸੀਹ ਕਿਵੇਂ ਲਗਦੇ ਸੀ? ਇਸ ਗੱਲ ਦਾ ਹੀ ਮਹੱਤਵ ਹੈ? ਇਸ ਗੱਲ ਦਾ ਕੋਈ ਮਤਲਬ ਨਹੀਂ। ਤੁਸੀਂ ਕਿਸੇ ਬਿੰਬ ਰਾਹੀਂ ਜਾਗ੍ਰਿਤ ਨਹੀਂ ਹੋ ਸਕਦੇ, ਕੋਈ ਬਿੰਬ ਤੁਹਾਨੂੰ ਗਿਆਨ ਨਹੀਂ ਦੇ ਸਕਦਾ। ਤੁਹਾਨੂੰ ਕਲਪਨਾ ਤੋਂ ਅੱਗੇ ਜਾਣਾ ਪਵੇਗਾ, ਕਲਪਨਾ ਦੀ ਹੱਦ ਟੱਪ ਕੇ ਕਿੰਤੂ ਪ੍ਰੰਤੂ ਤੋਂ ਪਰ੍ਹੇ ਲੰਘ ਕੇ ਹੀ ਤੁਸੀਂ ਗਿਆਨ ਪ੍ਰਾਪਤ ਕਰ ਸਕਦੇ ਹੋ। ਇਹ ਠੀਕ ਹੈ ਕਿ ਆਮ ਬੰਦਾ ਉਥੇ ਜਾਣ ਤੋਂ ਇਹ ਕਰਨ ਤੋਂ ਡਰਦਾ ਹੈ। ਅਚੇਤ ਮਨ ਨੂੰ ਟੋਲ੍ਹ ਸਕਣਾ ਕੋਈ ਸੌਖਾ ਨਹੀਂ। ਦੇਖਿਆ ਜਾਵੇ ਤਾਂ ਅਚੇਤ ਮਨ ਕਾਫੀ ਡਰਾਉਣਾ ਹੈ ਪਰ ਮੈਡੀਟੇਸ਼ਨ ਕਰਨ ਵਾਲੇ ਲਈ ਇਸ ਤੋਂ ਕੋਈ ਛੁਟਕਾਰਾ ਨਹੀਂ। ਤੁਹਾਨੂੰ ਅਚੇਤ ਮਨ ਟੋਲਣਾ ਹੀ ਪਵੇਗਾ। ਤੁਹਾਨੂੰ ਤੁਹਾਡੀਆਂ ਇਛਾਵਾਂ ਜਿਨ੍ਹਾਂ ਦੀ ਪੂਰਤੀ ਨਹੀਂ ਹੋਈ, ਉਹ ਅਚੇਤ ਮਨ ਵਿਚ ਪਈਆਂ ਮਿਲਣਗੀਆਂ ਹੀ, ਜਿਵੇਂ ਹੀ ਤੁਸੀਂ ਚੁੱਪ ਕਰਕੇ ਬੈਠੋਗੇ ਉਹ ਤਾਂ ਉਪਰ ਆਉਣਗੀਆਂ ਹੀ। ਪੁਰਾਣੀਆਂ ਯਾਦਾਂ ਤੰਗ ਕਰਨਗੀਆਂ, ਤੁਹਾਨੂੰ ਬਾਰ ਬਾਰ ਤੰਗ ਕਰਨਗੀਆਂ, ਖਿਚਣਗੀਆਂ। ਬੁੱਧ ਨਾਲ ਵੀ ਇਹੋ ਕੁਝ ਹੋਇਆ, ਸੰਤ ਐਨਥਨੀ ਨਾਲ ਵੀ ਇਹ ਕੁਝ ਹੋਇਆ, ਕੋਈ ਵੀ ਦੂਸਰੇ ਪਾਰ ਪ੍ਰਮਾਤਮਾ ਤੱਕ ਨਹੀਂ ਪਹੁੰਚੇ ਜਦੋਂ ਤਕ ਉਨ੍ਹਾਂ ਨੇ ਆਪਣਾ ਪਹਿਲਾ ਚੋਲਾ ਲਾਹ ਕੇ ਸੁੱਟ ਨਹੀਂ ਦਿਤਾ। ਤੁਸੀਂ ਉਥੇ ਪਹੁੰਚਣਾ ਚਾਹੁੰਦੇ ਹੋ, ਤੁਹਾਨੂੰ ਵੀ ਉਹ ਹੀ ਕਰਨਾ ਪਵੇਗਾ।

ਜੇ ਤੁਸੀਂ ਸਾਗਰ ਪਾਰ ਨਹੀਂ ਕਰਨਾ ਚਾਹੁੰਦੇ ਫੇਰ ਠੀਕ ਹੈ ਜਿਥੇ ਬੈਠੇ ਹੋ, ਉਥੇ ਹੀ ਬੈਠੇ ਰਹੋ। ਵਿਸ਼ਵਾਸ਼ ਰੱਖਣ ਦਾ ਕੀ ਫਾਇਦਾ, ਜੇ ਤੁਸੀਂ ਆਪਣੇ ਆਪ ਨੂੰ ਹੀ ਜਾਨਣ ਦਾ ਸਾਹਸ ਨਹੀਂ ਰਖਦੇ, ਆਪਣੇ ਆਪ ਤੋਂ ਬਚ ਕੇ ਤੁਸੀਂ ਪ੍ਰਮਾਤਮਾ ਪ੍ਰਾਪਤੀ ਨਹੀਂ ਕਰ ਸਕਦੇ। ਕਹਿਣ ਨੂੰ ਭਾਵੇਂ ਤੁਸੀਂ ਕਹੀ ਜਾਓ, ਤੁਸੀਂ ਦੂਸਰਿਆਂ ਨੂੰ ਪਿਆਰ ਕਰਦੇ ਹੋ, ਤੁਸੀਂ ਸਤਿ ਦੀ ਭਾਲ ਵਿਚ ਹੋ। ਸਵਾਲ ਇਹ ਨਹੀਂ ਹੈ, ਸਵਾਲ ਤਾਂ ਬਹੁਤ ਹੀ ਡੂੰਘਾ ਹੈ। ਕੀ ਤੁਸੀਂ ਭੈ ਰਹਿਤ ਹੋ? ਜੇ ਤੁਸੀਂ ਭੈ ਤੋਂ ਛੁਟਕਾਰਾ ਨਹੀਂ ਪਾ ਸਕੇ ਤਾਂ ਤੁਹਾਡਾ ਪਿਆਰ ਵੀ ਸੱਚਾ ਨਹੀਂ, ਸਤਿ ਵੀ ਤਰਲਾ ਹੀ ਹੈ, ਅਸੀਂ ਹਰ ਤਰ੍ਹਾਂ ਦੀਆਂ ਗੱਲਾਂ ਕਰਦੇ ਹਾਂ ਤਾਂ ਜੋ ਸਾਨੂੰ ਉਸ ਸਤਿ ਦਾ ਸਾਮ੍ਹਣਾ ਨਾ ਕਰਨਾ ਪਵੇ।

ਜਦੋਂ ਇਹ ਪ੍ਰਵਚਨ ਹੋ ਰਹੇ ਸੀ ਮੈਨੂੰ ਉਦੋਂ ਹੀ ਇਹ ਪੱਕਾ ਹੋ ਗਿਆ ਕਿ ਸਵਾਮੀ ਜੀ ਅਨੁਭਵ ਤੋਂ ਬੋਲ ਰਹੇ ਹਨ। ਇਹ ਹੀ ਕਾਰਣ ਸੀ ਕਿ ਸਵਾਮੀ ਜੀ ਦੇ ਸ਼ਬਦ ਮੇਰੇ ਕਲੇਜੇ ਛੇਕ ਕਰ ਗਏ। ਮੈਂ ਦੇਖ ਰਿਹਾ ਸੀ ਕਿ ਮੇਰੇ ਸਾਮ੍ਹਣੇ

ਸੰਸਾਰ ਦਾ ਸਭ ਤੋਂ ਵੱਡਾ ਭੈ-ਰਹਿਤ ਆਦਮੀ ਖੜ੍ਹਾ ਸੀ। ਸਵਾਮੀ ਜੀ ਨੇ ਜੀਵਨ ਵਿਚ ਬਹੁਤ ਹੀ ਔਕੜਾਂ ਝੇਲੀਆਂ ਸੀ ਪਰ ਉਹ ਤਾਂ ਇਕ ਚਟਾਨ ਦੀ ਤਰ੍ਹਾਂ ਹੀ ਅਟੱਲ ਰਹੇ। ਮੇਰੇ ਅੰਦਰੋਂ ਆਵਾਜ਼ ਆਈ ਇਹ ਤਾਂ ਇਹ ਹੀ ਹਨ ਜਿਹੜੇ ਮੇਰੇ ਗੁਰੂ ਹੋਣਗੇ ਤੇ ਮੈਂ ਇਨ੍ਹਾਂ ਦੇ ਪਿਛੇ ਚੱਲਾਂਗਾ।

ਸਵਾਮੀ ਜੀ ਦੇ ਜੀਵਨ ਦੀ ਇਕ ਘਟਨਾ ਮੇਰੇ ਸਾਮ੍ਹਣੇ ਆਈ। ਜਦੋਂ ਉਨ੍ਹਾਂ ਦੀ ਸਿਖਿਆ ਦਾ ਅੰਤ ਹੋਇਆ ਤੇ ਸਵਾਮੀ ਜੀ ਨੇ ਮੱਠ ਛੱਡਣ ਲਈ ਆਖਰੀ ਕਸਵੱਟੀ ਤੇ ਪੂਰੇ ਉਤਰਨਾ ਸੀ। ਸਵਾਮੀ ਜੀ ਨੇ ਹੋਰਾਂ ਦੀ ਤਰ੍ਹਾਂ ਇਕ ਗੁਫਾ ਦੇ ਅੰਦਰ ਜਾਣਾ ਸੀ। ਉਹ ਪੂਰੀ ਤਰ੍ਹਾਂ ਬੰਦ ਕੀਤੀ ਗਈ ਸੀ। ਕਿਤੋਂ ਵੀ ਕੋਈ ਪ੍ਰਕਾਸ਼ ਨਹੀਂ ਸੀ ਜਾ ਸਕਦਾ ਕੇਵਲ ਇਕ ਸੂਈ ਜਿੰਨਾ ਵੀ। ਗੁਫਾ ਪੰਜ ਫੁੱਟ ਉਚੀ ਸੀ ਜਿਥੇ ਖੜ੍ਹਾ ਨਹੀਂ ਹੋਇਆ ਜਾ ਸਕਦਾ ਸੀ। ਸਵਾਮੀ ਜੀ ਨੇ ਸਥਿਰ ਰਹਿਣਾ ਸੀ, ਉਸ ਹਨ੍ਹੇਰੇ ਵਿਚ ਉਹ ਇਕੱਲੇ ਸੀ। ਸਾਰੀ ਉਨ੍ਹਾਂ ਦੀ ਸਿਖਿਆ ਉਨ੍ਹਾਂ ਕੋਲ ਸੀ ਪਰ ਉਨ੍ਹਾਂ ਦੇ ਭੈ ਦਾ ਸਭ ਤੋਂ ਵੱਡਾ ਟੈਸਟ ਸੀ। ਦਿਨ ਵਿਚ ਇਕ ਵਾਰੀ ਉਨ੍ਹਾਂ ਨੂੰ ਇਕ ਹਨ੍ਹੇਰੀ ਖਿੜਕੀ ਵਿਚੋਂ ਖਾਣ ਨੂੰ ਦਿਤਾ ਜਾਂਦਾ ਸੀ। ਉਥੇ ਹੋਰ ਕੁਝ ਨਹੀਂ ਸੀ ਸਭ ਚੁੱਪ। ਕੋਈ ਵੀ ਆਮ ਮਨੁੱਖ ਨਾ ਤਾਂ ਰਹਿ ਹੀ ਸਕਦਾ ਹੈ, ਜੇ ਰਹਿ ਜਾਵੇ ਤਾਂ ਉਹ ਠੀਕ ਹਾਲਤ ਵਿਚ ਨਹੀਂ ਹੋ ਸਕਦਾ, ਹਨ੍ਹੇਰੇ ਵਿਚ ਉਹ ਕਿਵੇਂ ਆਪਣੇ ਆਪ ਨਾਲ ਰਹਿ ਸਕਦੇ ਸੀ। ਜੋ ਕੁਝ ਵੀ ਉਨ੍ਹਾਂ ਦੇ ਅੰਦਰ ਸੀ ਉਹ ਹੀ ਉਨ੍ਹਾਂ ਦੀਆਂ ਸਾਥੀ ਬਣੀਆਂ, ਇਛਾਵਾਂ, ਯਾਦਾਂ, ਭੈ, ਆਸ਼ਾ। ਪਰ ਉਹ ਕਿਵੇਂ ਰਹੇ? ਉਹ ਰਹੇ ਸਿਮਰਨ ਦੇ ਆਸਰੇ, ਭਜਨ ਦੇ ਆਸਰੇ, ਮੈਡੀਟੇਸ਼ਨ ਦੇ ਸਹਾਰੇ, ਸੁਆਸ ਵਿਗਿਆਨ ਦੇ ਆਸਰੇ। ਬਿਲਕੁਲ ਸਵੱਸਥ ਰਹਿਣਾ, ਉਹ ਹੱਠ ਯੋਗ ਕਰਦੇ ਰਹੇ, ਸਵਸਥ ਰਹਿਣ ਲਈ ਉਹ ਪਾਣੀ ਤੋਂ ਬਿਨਾਂ ਇਸ਼ਨਾਨ ਕਰਦੇ ਰਹੇ। (ਇਹ ਯੋਗ ਦੀ ਇਕ ਕ੍ਰਿਆ ਹੈ) ਇਕਾਗਰ ਹੋਣ ਲਈ ਉਹ ਉਸ ਇਕ ਪਿੰਨ ਜਿੰਨੀ ਰੋਸ਼ਨੀ ਤੇ ਇਕਾਗਰ ਕਰਦੇ ਰਹੇ। ਜੇ ਉਹ ਦੁਖੀ ਹੁੰਦੇ ਉਹ ਬਾਹਰ ਆਉਣ ਲਈ ਕਹਿ ਸਕਦੇ ਸੀ। ਪਰ ਉਹ ਪੂਰੇ ਗਿਆਰ੍ਹਾਂ ਮਹੀਨੇ ਉਥੇ ਰਹੇ ਤੇ ਕਸਵੱਟੀ ਤੇ ਪੂਰੇ ਉਤਰੇ।

ਸਭ ਤੋਂ ਵੱਡੀ ਗੱਲ ਮੈਡੀਟੇਸ਼ਨ ਵਿਚ ਹੁੰਦੀ ਹੈ ਚੁੱਪ ਤੇ ਕਿਵੇਂ ਪਹੁੰਚਿਆ ਜਾਵੇ, ਸੁੰਨ ਤੇ ਪਹੁੰਚਣਾ, ਆਪਣੀ ਆਤਮਾ ਦੀ ਚੁੱਪ ਤਕ ਪਹੁੰਚਣਾ, ਅੰਦਰ ਦੀ ਚੁੱਪ ਹੀ ਸਾਰੇ ਖਜ਼ਾਨਿਆਂ ਦਾ ਭੰਡਾਰ ਹੈ। ਜੇ ਤੁਹਾਡਾ ਸਰੀਰ ਪੂਰੀ ਤਰ੍ਹਾਂ ਨਾਲ ਆਰਾਮ ਵਿਚ ਨਹੀਂ ਹੈ, ਪੂਰੀ ਤਰ੍ਹਾਂ ਨਿਸਲ ਨਹੀਂ ਹੈ ਤਾਂ ਸਰੀਰ ਦਾ ਖਿਚਾਅ ਤੁਹਾਨੂੰ ਚੁਪ ਤਕ ਨਹੀਂ ਪਹੁੰਚਣ ਦਿੰਦਾ। ਇਸ ਕਰਕੇ ਹੀ ਬਹੁਤ ਹੀ ਸਹਿਜ ਨਾਲ, ਤਰੀਕੇ ਨਾਲ ਅਭਿਆਸ ਕਰਨਾ ਚਾਹੀਦਾ ਹੈ। ਸਰੀਰ ਨੂੰ ਪੂਰੀ ਤਰ੍ਹਾਂ ਨਾਲ ਕੰਟਰੋਲ ਵਿਚ ਲਿਆਉਣਾ ਪਵੇਗਾ। ਸੁਆਸਾਂ ਤੇ ਨਿਅੰਤਰਣ ਰੱਖਣਾ, ਫੇਫੜਿਆਂ ਤੇ ਨਾੜੀਆਂ ਤੇ ਪੂਰਾ ਪੂਰਾ ਕਾਬੂ ਰੱਖਣਾ ਹੋਵੇਗਾ। ਪਹਿਲਾਂ ਸਰੀਰ ਦਾ ਧਿਆਨ ਕਰੋ ਤਾਂ ਜੋ ਉਹ ਪਿਛੋਂ ਧਿਆਨ ਨਾ ਮੰਗੇ। ਸਰੀਰ ਦੇ ਬਾਹਰ ਦੇ ਸਾਰੇ ਸਰੀਰਕ ਪ੍ਰਬੰਧ ਅੰਦਰ ਵਲ ਹੋਣੇ ਚਾਹੀਦੇ ਹਨ। ਆਪਣੇ ਆਪ ਨੂੰ ਸਲਾਹਾਂ ਦੇਣੀਆਂ ਤੇ ਹਰ ਸਮੇਂ ਆਪਣੇ ਆਪ ਨੂੰ ਠੀਕ ਕਹਿਣਾ ਠੀਕ ਨਹੀਂ, ਕੇਵਲ ਸ਼ਬਦਾਂ ਨਾਲ ਹੀ ਮਨ ਤੋੜਿਆ ਨਹੀਂ ਜਾ ਸਕਦਾ। ਹਰ ਸਮੇਂ ਸਤਰਕ ਰਹਿਣਾ, ਹਰ ਸਮੇਂ ਆਪਣੇ ਆਪ ਨੂੰ ਹਰ ਪੱਧਰ ਤੇ ਟੋਰਣ ਨਾਲ ਹੀ ਤੁਹਾਡੀ ਤਰੱਕੀ ਹੋ ਸਕਦੀ ਹੈ। ਹਰ ਕੋਈ ਆਪਣੀ ਤਰੱਕੀ ਦੀ ਆਪਣੀ ਅਵਧੀ ਦੀ ਗੱਲ ਕਰਨਾ ਚਾਹੁੰਦਾ ਹੈ। ਹਰ ਕੋਈ ਇਹ ਦਸਣਾ ਚਾਹੁੰਦਾ ਹੈ ਕਿ ਉਹ ਸਮਾਧੀ ਦੇ ਕਿੰਨੇ ਨੇੜੇ ਹੈ ਕਿਉਂਕਿ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਸਮਾਧੀ ਦੀ ਸਥਿਤੀ ਤੋਂ ਹੀ ਮਿਲਦਾ ਹੈ ਪਰ ਪ੍ਰਸ਼ਨ ਉਠਦਾ ਹੈ ਕਿ ਕਿੰਨ ਹਨ ਜਿਹੜੇ ਸਮਾਧੀ ਤੇ ਪਹੁੰਚੇ ਹਨ।

ਸਵਾਮੀ ਜੀ ਬਚਨ ਕਰਨ ਲੱਗੇ, ਤੁਹਾਡੀਆਂ ਕਿੰਨੀਆਂ ਡਿਗਰੀਆਂ ਹਨ, ਸੰਸਾਰ ਵਿਚ ਤੁਹਾਡਾ ਕੀ ਸਥਾਨ ਹੈ ਕਿਉਂਕਿ ਸੰਸਾਰ ਤੋਂ ਤਾਂ ਕੋਈ ਬਹੁਤਾ ਗਿਆਨ ਪ੍ਰਾਪਤ ਹੋ ਨਹੀਂ ਸਕਦਾ, ਸੰਸਾਰ ਤਾਂ ਚਲਾਏਮਾਨ ਹੈ, ਤੁਹਾਡੀ ਸਥਿਰਤਾ ਕਿਥੇ ਹੈ? ਤੁਹਾਡੇ ਧੇਅ ਕੀ ਹੈ? ਲੋਕੀ ਕਲਪਨਾ ਦਾ ਸਹਾਰਾ ਲੈਂਦੇ ਹਨ, ਪੁਰਾਣੀਆਂ ਯਾਦਾਂ ਦਾ ਸਹਾਰਾ ਲੈਂਦੇ ਹਨ। ਧਿਆਨ ਸਿਮਰਨ ਨਾਲ ਤੁਸੀਂ ਆਪਣੇ ਮਨ ਨੂੰ ਟੋਲਦੇ ਹੋ, ਮਨ ਦਾ ਨਰੀਖਣ ਕਰਦੇ ਹੋ, ਉਸਨੂੰ ਉਤੇਜਿਤ ਕਰਦੇ ਹਨ ਤਾਂ ਜੋ ਤੁਸੀਂ ਅਣਦਿੱਖ ਨੂੰ ਦੇਖ ਸਕੋ। ਮੈਡੀਟੇਸ਼ਨ ਨਾਲ ਸੰਸਾਰ ਦਾ ਅੰਤ ਨਹੀਂ ਹੁੰਦਾ, ਤੁਹਾਡਾ ਮੋਹ ਸੰਸਾਰ ਨਾਲ ਖਤਮ ਹੁੰਦਾ ਹੈ। ਮੈਡੀਟੇਸ਼ਨ ਤੁਹਾਡਾ ਮੋਹ ਪ੍ਰਮਾਤਮਾ ਨਾਲ ਜੁੜਦਾ ਹੈ। ਸੰਸਾਰ ਤੋਂ ਪਰ੍ਹੇ ਕੀ ਹੈ? ਉਹ ਕਿਹੜਾ ਸੰਸਾਰ ਹੈ? ਉਸ ਲਈ ਤੁਹਾਡੇ ਅੰਦਰ ਸੋਝੀ ਜਾਗ੍ਰਤ ਹੁੰਦੀ ਹੈ। ਇਸ ਲਈ ਤੁਹਾਨੂੰ ਰੋਜ਼ ਦੀ ਖੁਰਾਕ ਚਾਹੀਦੀ ਹੈ ਭਾਵ ਰੋਜ਼ ਮੈਡੀਟੇਸ਼ਨ ਕਰਨੀ ਲੋੜੀਂਦੀ ਹੈ, ਮੈਡੀਟੇਸ਼ਨ ਹੀ, ਭਜਨ ਸਿਮਰਨ ਹੀ ਨਿਤ ਦਾ ਭੋਜਨ ਹੈ।

ਭਜਨ ਸਿਮਰਨ ਦਾ ਅਸਰ ਤੁਹਾਡੇ ਰੋਜ਼ ਦੇ ਜੀਵਨ ਤੇ ਪੈਂਦਾ ਹੈ। ਤੁਹਾਡਾ ਰੋਜ਼ ਦਾ ਜੀਵਨ ਕੀ ਹੈ, ਤੁਹਾਡਾ ਦੂਸਰਿਆਂ ਨਾਲ ਕੀ ਰਿਸ਼ਤਾ ਹੈ, ਤੁਸੀਂ ਆਪਣੇ ਸਾਥੀਆਂ ਨਾਲ ਕਿਵੇਂ ਵਰਤਦੇ ਹੋ? ਤੁਸੀਂ ਆਪਣੀ ਸਿਹਤ ਦਾ ਕਿਵੇਂ ਧਿਆਨ ਰਖਦੇ ਹੋ? ਕੀ ਤੁਸੀਂ ਸਵੈ ਨਿਰਭਰ ਹੋ ਰਹੇ ਹੋ ਕਿ ਦੂਸਰਿਆਂ ਤੇ ਨਿਰਭਰ ਹੋ ਰਹੇ? ਜਦੋਂ ਤੁਸੀਂ ਇਕੱਲੇ ਹੁੰਦੇ ਹੋ ਤਾਂ ਕੀ ਸੋਚਦੇ ਹੋ?

ਜਦੋਂ ਤੁਸੀਂ ਮੈਡੀਟੇਸ਼ਨ ਦੇ ਫਲ ਭਾਵ ਇਕਾਗਰਤਾ ਤੇ ਸ਼ਾਂਤੀ ਆਪਣੀ ਰੋਜ਼ਾਨਾ ਜੀਵਨ ਵਿਚ ਲਿਆਉਂਦੇ ਹੋ, ਉਸ ਦੀ ਵਰਤੋਂ ਰੋਜ਼ ਦੇ ਜੀਵਨ ਦੀਆਂ ਘਟਨਾਵਾਂ ਵਿਚ ਕਰਦੇ ਹੋ, ਫੇਰ ਤੁਹਾਨੂੰ ਪਤਾ ਲਗਦਾ ਹੈ ਕਿ ਤੁਸੀਂ ਕੀ ਸਿਖਿਆ ਹੈ। ਸੋਚ, ਕਰਨੀ ਤੇ ਕਥਨੀ ਸੰਸਾਰ ਵਿਚ ਬਹੁਤ ਜ਼ਰੂਰੀ ਹੈ, ਚੰਗੀ ਸੋਚ, ਕਰਨੀ, ਕਥਨੀ। ਮੈਡੀਟੇਸ਼ਨ ਦਾ

ਸੋਚ, ਕਥਨੀ ਤੇ ਕਰਨੀ ਕੀ ਪ੍ਰਭਾਵ ਹੈ? ਉਹ ਬਹੁਤ ਹੀ ਜ਼ਰੂਰੀ ਹੈ ਤੁਸੀਂ ਕਿੰਨੀ ਦੇਰ ਬੈਠ ਕੇ ਮੈਡੀਟੇਸ਼ਨ ਕਰਦੇ ਹੋ, ਇਹ ਐਨਾ ਜ਼ਰੂਰੀ ਨਹੀਂ ਹੈ, ਤੁਹਾਡੇ ਵਿਚੋਂ ਬਹੁਤ ਸਾਰੇ ਤਾਂ ਆਪਣੀਆਂ ਸੋਚਾਂ ਪਿਛੇ ਹੀ ਦੌੜਦੇ ਰਹਿੰਦੇ ਹਨ। ਪਿਛੋਕੜ ਪਿਛੇ ਦੌੜਦੇ ਰਹਿੰਦੇ ਹਨ ਜਾਂ ਇਹ ਸੋਚਦੇ ਰਹਿੰਦੇ ਹਨ ਕਿ ਮੈਡੀਟੇਸ਼ਨ ਕਰਕੇ ਫੇਰ ਕੀ ਕਰਨਾ ਹੈ। ਜੇ ਕਿਤੇ ਤੁਸੀਂ ਦੱਸ ਮਿੰਟ ਵਾਸਤੇ ਚੁੱਪ ਕਰਕੇ ਬੈਠ ਜਾਓ, ਸੰਸਾਰ ਦੇ ਵੱਡੇ ਤੋਂ ਵੱਡੇ ਰਹੱਸ ਤੁਹਾਡੇ ਸਾਮ੍ਹਣੇ ਆ ਜਾਣਗੇ, ਜੇ ਧਿਆਨ ਲਗ ਜਾਵੇ, ਇਕਾਗਰ ਹੋ ਜਾਵੋ ਤਾਂ ਤੁਸੀਂ ਖਜ਼ਾਨੇ ਦੇ ਮਾਲਕ ਹੋ ਜਾਓਗੇ।

ਇਹ ਯਾਦ ਰੱਖੋ ਤੁਸੀਂ ਦੋ ਥਾਂ ਦੇ ਨਾਗਰਿਕ ਹੋ, ਮੈਡੀਟੇਸ਼ਨ ਨਾਲ ਤੁਸੀਂ ਇਨ੍ਹਾਂ ਦੋ ਥਾਵਾਂ ਵਿਚ ਇਕ ਸੇਤੂ ਬੰਨ੍ਹ ਦਿਓਗੇ ਭਾਵ ਆਪਣੇ ਅੰਦਰ ਦੇ ਸੰਸਾਰ ਨੂੰ ਬਾਹਰ ਦੇ ਸੰਸਾਰ ਨਾਲ ਜੋੜ ਦਿਓਗੇ, ਜਦੋਂ ਤੁਸੀਂ ਅੰਦਰ ਤੇ ਬਾਹਰ ਦੇ ਸੰਸਾਰ ਦੋਨਾਂ ਨੂੰ ਚੰਗੀ ਤਰ੍ਹਾਂ ਨਾਲ ਸਫਲਤਾ ਨਾਲ ਦੇਖ ਸਕੋਗੇ ਉਨ੍ਹਾਂ ਵਿਚ ਵਿਚਰ ਸਕੋਗੇ, ਉਦੋਂ ਹੀ ਮੈਡੀਟੇਸ਼ਨ ਨੂੰ ਫਲ ਲਗਣਗੇ।

ਹਰ ਇਕ ਨੂੰ ਸਿਮਰਨ ਭਜਨ ਵਿਚ ਔਕੜਾਂ ਆਉਂਦੀਆਂ ਹਨ। ਹਰ ਤਰ੍ਹਾਂ ਦੇ ਬਹਾਨੇ ਵੀ ਅਸੀਂ ਕਰਦੇ ਹਾਂ, ਮੈਂ ਆਪ ਕਰਦਾ ਰਿਹਾ ਹਾਂ, ਮੈਂ ਆਪ ਇਨ੍ਹਾਂ ਸਾਰੀਆਂ ਪਉੜੀਆਂ ਤੋਂ ਲੰਘਿਆ ਹੋਇਆ ਹਾਂ। ਇਕ ਦਿਨ ਸਵਾਮੀ ਜੀ ਨੇ ਮੈਨੂੰ ਬੁਲਾਇਆ ਪਰ ਮੈਂ ਗਿਆ ਨਹੀਂ, ਨਾ ਮੈਂ ਜਵਾਬ ਦਿਤਾ, ਉਨ੍ਹਾਂ ਨੇ ਹੋਰ ਜ਼ੋਰ ਦੀ ਆਵਾਜ਼ ਦਿਤੀ, ਮੈਂ ਰੁਕਿਆ ਤੇ ਰੁਕ ਕੇ ਜਵਾਬ ਦਿਤਾ, "ਮੈਂ ਜੀ ਮੈਡੀਟੇਸ਼ਨ ਕਰ ਰਿਹਾ ਹਾਂ।" ਉਨ੍ਹਾਂ ਨੇ ਆ ਕੇ ਪਿਛੋਂ ਮੈਨੂੰ ਠੁੱਡਾ ਮਾਰਿਆ ਤੇ ਕਹਿਣ ਲੱਗੇ, "ਮੇਰੇ ਨਾਲ ਤਾਂ ਝੂਠ ਨਾ ਬੋਲ ਤੇ ਕਹਿਣ ਲੱਗੇ, "ਜਾਂ ਤਾਂ ਠੀਕ ਤਰ੍ਹਾਂ ਬੰਦਾ ਬਣ ਕੇ ਮੈਡੀਟੇਸ਼ਨ ਕਰ, ਨਹੀਂ ਤਾਂ ਆਪਣਾ ਸਮਾਂ ਬੇਅਰਥ ਨਾ ਗੁਆ ਤੇ ਮੈਨੂੰ ਦਿਖਾਉਣ ਦੀ ਕੋਸ਼ਿਸ਼ ਨਾ ਕਰ।

ਪਤੀ ਪਤਨੀ ਇਕ ਦੂਸਰੇ ਨੂੰ ਦਿਖਾ ਕੇ ਵੱਧ ਤੋਂ ਵੱਧ ਮੈਡੀਟੇਸ਼ਨ ਕਰਦੇ ਹਨ, ਇਕ ਦੂਸਰੇ ਤੇ ਚੰਗਾ ਪ੍ਰਭਾਵ ਪਾਉਣਾ ਚਾਹੁੰਦੇ ਹਨ, ਬਹੁਤ ਬਹੁਤ ਅਭਿਆਸ ਕਰਦੇ ਹਨ, ਕਈ ਗੁਰੂ ਵੀ ਬੱਚਿਆਂ ਨੂੰ ਦਿਖਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪ੍ਰਭਾਵਤ ਕਰਨਾ ਚਾਹੁੰਦੇ ਹਨ।

ਮੈਂ ਆਪਣੇ ਮਿਤ੍ਰ ਵਲ ਦੇਖਿਆ, ਉਸ ਨੇ ਮੇਰੇ ਵਲ ਦੇਖਿਆ, ਅਸੀਂ ਦੋਨੋਂ ਹੀ ਮੁਸਕਰਾ ਪਏ ਤੇ ਕਹਿਣ ਲੱਗੇ, "ਸੋ ਅਸੀਂ ਫੇਰ ਪ੍ਰਭਾਵ ਪਾਉਣ ਹੀ ਕੋਸ਼ਿਸ਼ ਕੀਤੀ ਹੈ।"

ਸਵਾਮੀ ਜੀ ਕਹਿਣ ਲੱਗੇ, "ਸਿਮਰਨ ਕਰਨ ਲਈ ਧਿਆਨ ਲਗਾਉਣ ਲਈ ਆਪਣਾ ਮੰਤਵ ਪਹਿਲਾਂ ਆਪਣੇ ਆਪ ਨੂੰ ਠੀਕ ਕਰੋ। ਆਪ ਉਸ ਬਾਰੇ ਸਪਸ਼ਟ ਹੋ ਜਾਵੋ, ਮਨ ਦਾ ਸੁਭਾਅ ਬਹੁਤ ਚੰਚਲ ਹੈ, ਇਹ ਤਾਂ ਬੜੀ ਛੇਤੀ ਹੀ ਬੇਵਕੂਫ ਬਣਾ ਦਿੰਦਾ ਹੈ ਤੇ ਅਸੀਂ ਸੋਚ ਲੈਂਦੇ ਹਾਂ ਕਿ ਅਸੀਂ ਤਾਂ ਬਹੁਤ ਹੀ ਰੂਹਾਨੀ ਹਾਂ, ਅਸੀਂ ਤਾਂ ਦੇਵਤੇ ਹਾਂ।

ਅਸੀਂ ਆਪਣੇ ਸੁਭਾਅ ਭੁੱਲ ਜਾਂਦੇ ਹਾਂ, ਅਸੀਂ ਆਪਣੀਆਂ ਸੋਚਾਂ ਨਾਲ ਹੀ ਆਪਣੇ ਆਪ ਨੂੰ ਜੋੜ ਲੈਂਦੇ ਹਾਂ, ਅਸੀਂ ਧਿਆਨ ਸਿਮਰਨ ਵਿਚ ਬੈਠਦੇ ਹਾਂ, ਅਚੇਤ ਮਨ ਉਭਰ ਕੇ ਸਾਮ੍ਹਣੇ ਆ ਜਾਂਦਾ ਹੈ, ਅਸੀਂ ਉਸ ਸਬੰਧ ਵਿਚ ਸੁਚੇਤ ਹੋ ਜਾਂਦੇ ਹਾਂ। ਤੁਹਾਨੂੰ ਅਚੇਤ ਮਨ ਦੀ ਪਕੜ ਵਿਚ ਨਹੀਂ ਆ ਜਾਣਾ ਚਾਹੀਦਾ, ਸਿਮਰਨ ਕਰਕੇ ਆਪਣਾ ਅੰਦਰ ਪੂਰੀ ਤਰ੍ਹਾਂ ਨਾਲ ਸਾਫ ਕਰ ਦਿਓ, ਤੁਹਾਡੀਆਂ ਸੋਚਾਂ ਤੁਹਾਡੇ ਸਿਮਰਨ ਵਿਚ ਰੁਕਾਵਟ ਨਹੀਂ ਬਣਦੀਆਂ। ਇਹ ਤੁਹਾਡੀ ਹਉਮੈ ਹੈ ਜਿਹੜੀ ਰੁਕਾਵਟ ਬਣਦੀ ਹੈ, ਤੁਹਾਡੀ ਹਉਮੈ ਤੁਹਾਡੀਆਂ ਸੋਚਾਂ ਨੂੰ ਕੀ ਦਿਸ਼ਾ ਦਿੰਦੀ ਹੈ ਉਹ ਹੀ ਵੱਡੀ ਰੁਕਾਵਟ ਹੈ। ਸਾਰੀਆਂ ਅਧਿਆਤਮਕ ਪਰੰਪਰਾਵਾਂ ਕਿਸੇ ਨਾ ਕਿਸੇ ਤਰ੍ਹਾਂ ਨਾਲ ਮੋਹ ਤੋਂ ਮੁਕਤ ਕਰਦੀਆਂ ਹਨ। ਜਦੋਂ ਤੁਸੀਂ ਯੋਗ ਸ਼ੁਰੂ ਕਰਦੇ ਹੋ ਉਦੋਂ ਹੀ ਤੁਹਾਨੂੰ ਵੈਰਾਗ ਬਾਰੇ ਦੱਸਿਆ ਜਾਂਦਾ ਹੈ। ਕਈ ਇਸ ਨੂੰ ਸਮਝਦੇ ਹਨ ਕਿ ਕੋਈ ਭਾਵਨਾ ਹੀ ਨਹੀਂ ਦਰਸਾਉਣੀ ਜਾ ਬਿਲਕੁਲ ਉਦਾਸੀਨ ਹੋ ਜਾਣਾ ਸਮਝ ਲੈਂਦੇ ਹਨ। ਗ੍ਰੰਥ ਇਹ ਨਹੀਂ ਕਹਿੰਦੇ ਕਿ ਤੁਸੀਂ ਗਿਆਨ ਪ੍ਰਾਪਤੀ ਲਈ ਆਪਣਾ ਸੁਭਾਅ ਛੱਡ ਦਿਓ। ਸੰਸਾਰ ਵਿਚ ਤੁਸੀਂ ਆਪਣੀ ਡਿਊਟੀ ਕਰਨ ਆਏ ਹੋ, ਕਰਮ ਕਰਨ ਆਏ ਹੋ, ਜੀਵਨ ਨੂੰ ਪਿਆਰ ਕਰਨ ਆਏ ਹੋ, ਸੰਸਾਰਕ ਵਸਤੂਆਂ ਨੂੰ ਸੁਚੱਜੀ ਤਰ੍ਹਾਂ ਆਪਣੇ ਮੰਤਵ ਦੀ ਪ੍ਰਾਪਤੀ ਲਈ ਵਰਤਣ ਲਈ ਆਏ ਹੋ। ਸਾਡੀ ਪਰੰਪਰਾ ਵਿਚ ਸੰਸਾਰ ਅਤੇ ਮਾਇਆ ਸਾਡੀ ਮੁਕਤੀ ਵਿਚ ਬਾਧਾ ਨਹੀਂ ਹੈ। ਇਸ ਦੇ ਉਲਟ ਮਾਇਆ ਤਾਂ ਸਾਡੀ ਸਾਥੀ ਹੈ। ਇਹ ਤਾਂ ਇਕ ਤਰ੍ਹਾਂ ਨਾਲ ਸਾਨੂੰ ਚੌਕਸ ਕਰਦੀ ਹੈ, ਸਾਨੂੰ ਆਪਣੇ ਰਾਹ ਤੇ ਚੱਲਣ ਲਈ ਸਹਾਇਤਾ ਕਰਦੀ ਹੈ।

ਯੋਗ ਦੇ ਸੂਤਰ ਵੈਰਾਗ ਨੂੰ ਅਭਿਆਸ ਨਾਲ ਜੋੜਦੇ ਹਨ, ਅਭਿਆਸ ਜਗਿਆਸੂ ਨੂੰ ਆਪਣਾ ਅੰਤਰ ਪਵਿੱਤਰ ਕਰਨ ਲਈ ਮਜ਼ਬੂਰ ਕਰਦਾ ਹੈ ਤਾਂ ਜੋ ਅੰਤਰ ਸਾਫ ਹੋ ਕੇ ਸਭ ਕੁਝ ਸਾਫ ਦਿਖਣ ਲਗ ਪੈਂਦਾ ਹੈ, ਸੰਸਾਰ ਨੂੰ ਬਿਲਕੁਲ ਬੇਲਾਗ ਹੋ ਕੇ ਦੇਖਣ ਲਗ ਪੈਂਦਾ ਹੈ ਹਰ ਤਰ੍ਹਾਂ ਨਾਲ ਵਧੇਰੇ ਵਿਵੇਕ ਨਾਲ ਦੇਖਣ ਲਗ ਪੈਂਦਾ ਹੈ ਹਰ ਇਕ ਦੇ ਸੁਭਾਅ ਦੀ ਕਦਰ ਕਰਨ ਲਗ ਪੈਂਦਾ ਹੈ। ਇਹੋ ਕਾਰਣ ਹੈ ਕਿ ਸੁਚੱਜੀ ਤਰ੍ਹਾਂ ਕੀਤਾ ਅਭਿਆਸ ਠੀਕ ਸੋਚ ਪੈਦਾ ਕਰਦਾ ਹੈ। ਜੀਵਨ ਜੀਣ ਦਾ ਉਤਸ਼ਾਹ, ਜੀਵਨ ਜੀਣ ਦੀ ਲਗਨ ਨੂੰ ਕਦੀ ਵੀ ਵੈਰਾਗ ਦੇ ਨਾਮ ਤੇ ਖਤਮ ਨਹੀਂ ਕਰਨਾ ਚਾਹੀਦਾ। ਉਸ ਤੋਂ ਉਲਟ ਇਹ ਤਾਂ ਸ਼ਿਸ਼ ਲਈ ਇਕ ਉਤਸ਼ਾਹ ਹੋਣਾ ਚਾਹੀਦਾ ਹੈ ਜੋ ਉਸਨੂੰ ਨਿਸੁਆਰਥ ਬਣਾਏ, ਸਾਹਸੀ ਬਣਾਏ ਤੇ ਕਰਮਾਂ ਦੇ ਫਲ ਤੋਂ ਮੁਕਤ ਕਰਾਏ। ਇਸ ਤਰ੍ਹਾਂ ਹੀ ਤੁਸੀਂ ਮੁਕਤ ਹੋ ਸਕਦੇ ਹੋ। ਗੀਤਾ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਗਿਆਨ ਦਿੰਦੇ ਕਹਿੰਦੇ ਹਨ ਕਿ ਉਹ ਸਮੇਂ ਦੀ ਵੰਗਾਰ ਨੂੰ ਸਮਝੇ। ਜੀਵਨ ਜੀਣ ਦਾ ਉਤਸ਼ਾਹ, ਲਗਨ, ਨਿਆਰਥੀ ਹੋਣਾ ਗਿਆਨ ਦੀ ਪ੍ਰਾਪਤੀ

ਦਾ ਰਾਹ ਸੌਖਾ ਕਰਦਾ ਹੈ, ਜੀਵਨ ਵਿਚ ਪੂਰਨਤਾ ਲਿਆਉਂਦਾ ਹੈ।

ਤੁਸੀਂ ਇਸ ਬਾਰੇ ਪੂਰੀ ਤਰ੍ਹਾਂ ਜਾਣੂ ਹੋ ਕਿ ਤੁਸੀਂ ਇਕ ਵਿਅਕਤੀ ਹੋ ਪਰ ਤੁਹਾਡਾ ਵਿਅਕਤੀ ਹੋਣਾ ਇਕ ਵਿਅਕਤੀਤ੍ਵ ਦੀ ਹੋਂਦ ਹੈ। ਜਦੋਂ ਤੁਸੀਂ ਬੱਚੇ ਸੀ ਤੁਸੀਂ ਕੀ ਸੀ? ਜਵਾਨੀ ਵਿਚ ਤੁਸੀਂ ਕੀ ਸੀ? ਵੱਡੇ ਹੋਏ ਤਾਂ ਕੀ ਬਣੇ ਹਰ ਸਮੇਂ ਤੁਸੀਂ ਬਦਲਦੇ ਰਹੇ ਪਰ ਵਾਸਤਵ ਵਿਚ ਜੀਵਨ ਕੀ ਹੈ? ਇਹ ਤੁਸੀਂ ਅਜੇ ਨਹੀਂ ਜਾਣ ਸਕੇ। ਭਜਨ ਸਿਮਰਨ ਕਰਕੇ ਹੀ ਤੁਸੀਂ ਜੀਵਨ ਦੇ ਮੂਲ ਤਕ ਪਹੁੰਚ ਸਕਦੇ ਹੋ ਜਿਹੜਾ ਤੁਹਾਡੇ ਮੂਲ ਦਾ ਆਧਾਰ ਬਣਦਾ ਹੈ। ਇਸ ਤਰ੍ਹਾਂ ਹੀ ਤੁਹਾਡਾ ਚੁਰਾਸੀ ਦਾ ਗੇੜ ਖਤਮ ਹੋ ਸਕਦਾ ਹੈ, ਫੇਰ ਤੁਸੀਂ ਮਹਾਂਪੁਰਸ਼ਾਂ ਨਾਲ ਗੱਲਬਾਤ ਕਰ ਸਕਦੇ ਹੋ ਆਪਣੇ ਸਾਰੇ ਭੈ ਖਤਮ ਕਰ ਸਕਦੇ ਹੋ। ਵਿਸ਼ਵ ਤੁਹਾਡਾ ਆਪਣਾ ਹੋਵੇਗਾ। ਪਰ ਇਸ ਸਭ ਕੁਝ ਤੋਂ ਇਹ ਭਾਵ ਨਹੀਂ ਕਿ ਤੁਸੀਂ ਭਜਨ, ਸਿਮਰਨ, ਮੈਡੀਟੇਸ਼ਨ ਛੱਡ ਦਿਓ। ਭਜਨ ਸਿਮਰਨ ਜੋ ਅੱਗੇ ਹੋਰ ਚਲਣਾ ਹੈ, ਤੁਸੀਂ ਹਾਲੇ ਹੋਰ ਉਚੇ ਪਹੁੰਚਣਾ ਹੈ, ਆਪ ਨੂੰ ਹੋਰ ਉਚੇ ਲੈ ਕੇ ਜਾਣਾ ਹੈ, ਤੁਸੀਂ ਕਿਸੇ ਤੋਂ ਘੱਟ ਨਹੀਂ, ਤੁਸੀਂ ਤਾਂ ਉਸ ਸਰਬ ਵਿਆਪਕ ਦੇ ਹਿੱਸੇ ਹੋ, ਉਸ ਇਨਫਿਨਿਟ (ਅਨੰਤ) ਦੇ ਹਿੱਸੇ ਹੋ, ਤੁਸੀਂ ਉਸ ਨਾਲ ਹੀ ਮਿਲਣਾ ਹੈ।

ਕਿਸੇ ਨੇ ਕੋਈ ਪ੍ਰਸ਼ਨ ਨਹੀਂ ਪੁਛਿਆ ਇਸ ਪਿਛੋਂ ਅਸੀਂ ਸਾਰਿਆਂ ਨੇ ਸਵਾਮੀ ਜੀ ਦੇ ਨਾਲ ਬੈਠ ਕੇ ਮੈਡੀਟੇਸ਼ਨ ਕੀਤੀ।

## ਕਾਨਾ ਵਿਚ ਇਕ ਕੌਤਕ

ਇਕ ਦਿਨ ਜਦੋਂ ਥਰੀਸਾ ਤੇ ਮੈਂ ਸੈਰ ਕਰ ਰਹੇ ਸੀ ਅਸੀਂ ਦੇਖਿਆ ਅੰਗੂਰਾਂ ਦੀ ਵੇਲ ਤੇ ਅੰਗੂਰ ਬਿਲਕੁਲ ਤਿਆਰ ਸੀ। ਉਨ੍ਹਾਂ ਨੂੰ ਉਤਾਰਨਾ ਹੀ ਠੀਕ ਸੀ। ਇਹ ਮੋਟੇ ਮੋਟੇ ਕਾਲੇ ਅੰਗੂਰ ਸੀ। ਥਰੀਸਾ ਨੇ ਸੋਚਿਆ ਇਨ੍ਹਾਂ ਦਾ ਜੂਸ ਸਵਾਮੀ ਜੀ ਨੂੰ ਪਿਲਾਉਣਾ ਚਾਹੀਦਾ ਹੈ। ਦੂਸਰੇ ਦਿਨ ਸਵੇਰੇ ਥਰੀਸਾ ਸਵਾਮੀ ਜੀ ਲਈ ਅੰਗੂਰਾਂ ਦੀ ਟੋਕਰੀ ਭਰ ਕੇ ਲੈ ਗਈ, ਨਾਲ ਇਕ ਪਤਲਾ ਕਪੜਾ ਤੇ ਛਾਨਣੀ ਕਿਉਂਕਿ ਮੇਰੀਆਂ ਕਲਾਸਾਂ ਨਹੀਂ ਸੀ, ਮੈਂ ਵੀ ਨਾਲ ਗਿਆ।

ਜਦੋਂ ਸਾਰਾ ਕੁਝ ਲੈ ਕੇ ਥਰੀਸਾ ਰਸੋਈ ਵਿਚ ਗਈ ਸਵਾਮੀ ਜੀ ਥੋੜ੍ਹੇ ਉਤਸੁਕ ਹੋਏ ਕਿ ਥਰੀਸਾ ਇਹ ਸਾਰਾ ਕੁਝ ਕੀ ਚੁੱਕੀਂ ਲਿਆ ਰਹੀ ਹੈ। ਸਵਾਮੀ ਜੀ ਨੂੰ ਜਦੋਂ ਪਤਾ ਲੱਗਾ ਕਿ ਥਰੀਸਾ ਸਵਾਮੀ ਜੀ ਨੂੰ ਇਕ ਸੋਹਣਾ ਅਚੰਭਾ ਦੇਣ ਵਾਲੀ ਹੈ ਤਾਂ ਸਵਾਮੀ ਜੀ ਬਾਹਰ ਚਲੇ ਗਏ। ਕੋਲ ਹੀ ਚਿੱਠੀਆਂ ਪਈਆਂ ਹੁੰਦੀਆਂ ਸੀ ਜਿਹੜੀਆਂ ਸਵਾਮੀ ਜੀ ਨੇ ਦੇਖਣੀਆਂ ਹੁੰਦੀਆਂ ਸੀ। ਉਹ ਉਨ੍ਹਾਂ ਨੂੰ ਦੇਖਦੇ। ਫੇਰ ਇਕ ਦੋ ਨੂੰ ਚੰਗੀ ਤਰ੍ਹਾਂ ਪੜ੍ਹਦੇ ਤੇ ਕੁਰਸੀ ਦੀ ਬਾਂਹ ਤੇ ਰੱਖ ਲੈਂਦੇ ਤੇ ਉਸ ਦਾ ਜਵਾਬ ਇਕ ਦਮ ਹੀ ਦੇ ਦਿੰਦੇ, ਬਾਕੀਆਂ ਦੀਆਂ ਚਿੱਠੀਆਂ ਦਾ ਜਵਾਬ ਦੂਸਰੇ ਦਿਨ ਦੇਣ ਲਈ ਰੱਖ ਲੈਂਦੇ। ਮੈਨੂੰ ਪਤਾ ਹੈ ਕਿ ਉਹ ਐਡਰੇਸ ਪੜ੍ਹ ਕੇ ਹੀ ਫੈਸਲਾ ਕਰਦੇ ਸੀ ਪਰ ਸਵਾਮੀ ਜੀ ਉਹ ਹੀ ਚਿੱਠੀਆਂ ਕੱਢਦੇ ਸੀ ਜਿਹੜੀਆਂ ਜ਼ਰੂਰੀ ਹੁੰਦੀਆਂ ਭਾਵੇਂ ਉਹ ਸਭ ਤੋਂ ਹੇਠਾਂ ਹੀ ਕਿਉਂ ਨਾ ਪਈਆਂ ਹੋਣ। ਫੇਰ ਉਹ ਜ਼ਰੂਰੀ ਚਿੱਠੀਆਂ ਦੇ ਜਵਾਬ ਲਿਖਾਉਂਦੇ। ਬਹੁਤ ਵਾਰੀ ਉਹ ਲਿਫਾਫਾ ਖੋਲ੍ਹੇ ਬਿਨਾਂ ਹੀ ਜਵਾਬ ਲਿਖਾ ਦਿੰਦੇ।

ਅੱਜ ਉਨ੍ਹਾਂ ਨੇ ਸਾਰਾ ਢੇਰ ਭੁੰਜੇ ਸੁੱਟ ਦਿਤਾ ਤੇ ਕਹਿਣ ਲੱਗੇ ਅੱਜ ਦਾ ਦਿਨ ਇਹ ਪਈਆਂ ਰਹਿਣ ਤੇ ਸਵਾਮੀ ਜੀ ਅੱਖਾਂ ਬੰਦ ਕਰਕੇ ਬੈਠ ਗਏ। ਮੈਂ ਚੁੱਪ ਕਰਕੇ ਸਾਮ੍ਹਣੇ ਦੇ ਸੋਫੇ ਤੇ ਬੈਠ ਗਿਆ। ਮੈਂ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਸੀ ਕਰਨਾ ਚਾਹੁੰਦਾ, ਮੈਂ ਸਵਾਮੀ ਜੀ ਦੀ ਹੋਂਦ ਦਾ ਅਨੰਦ ਮਾਣ ਰਿਹਾ ਸੀ।

ਥਰੀਸਾ ਰਸੋਈ ਵਿਚ ਕੰਮ ਕਰ ਰਹੀ ਸੀ। ਉਸ ਨੇ ਪਹਿਲਾਂ ਅੰਗੂਰ ਧੋਤੇ, ਫੇਰ ਵੱਖ ਵੱਖ ਕੀਤੇ, ਜੋ ਕੋਈ ਖਰਾਬ ਸੀ ਉਨ੍ਹਾਂ ਨੂੰ ਸੁੱਟਿਆ। ਠੀਕ ਅੰਗੂਰਾਂ ਨੂੰ ਧੋਤਾ। ਫੇਰ ਕਪੜੇ ਵਿਚ ਪਾ ਕੇ ਉਨ੍ਹਾਂ ਦਾ ਜੂਸ ਕੱਢਿਆ। ਫੇਰ ਪੌਣੀ ਨਾਲ ਪੁਣ ਕੇ ਗਿਲਾਸ ਵਿਚ ਪਾਇਆ ਇਸ ਸਾਰੀ ਕਿਰਿਆ ਨੂੰ ਸਮਾਂ ਲੱਗਾ ਕਿਉਂਕਿ ਸਭ ਕੁਝ ਹੱਥ ਨਾਲ ਕੀਤਾ ਸੀ। ਸੋਹਣੇ ਸਾਫ ਗਿਲਾਸ ਵਿਚ ਉਸ ਨੇ ਜੂਸ ਨੂੰ ਪਾਇਆ।

ਜਦੋਂ ਉਸ ਨੇ ਜੂਸ ਗਿਲਾਸ ਵਿਚ ਪਾਇਆ ਉਸ ਨੇ ਵੱਡਾ ਸਾਰਾ ਹੌਕਾ ਭਰਿਆ, ਇਸ ਤੋਂ ਪਹਿਲਾਂ ਕਿ ਮੈਂ ਉਠਦਾ ਮੈਂ ਦੇਖਿਆ ਥਰੀਸਾ ਗਿਲਾਸ ਲੈ ਕੇ ਅੰਦਰ ਆਈ। ਉਸ ਨੇ ਸਵਾਮੀ ਜੀ ਨੂੰ ਮੱਥਾ ਟੇਕਿਆ, ਮਨ ਹੀ ਮਨ ਮਾਫੀਆਂ ਮੰਗਦਿਆਂ, ਜੂਸ ਦਾ ਗਿਲਾਸ ਅੱਗੇ ਕੀਤਾ ਤੇ ਕਹਿ ਰਹੀ ਸੀ ਕਿ ਮੈਨੂੰ ਨਹੀਂ ਸੀ ਪਤਾ ਕਿ ਟੋਕਰੀ ਭਰੀ ਹੋਈ ਅੰਗੂਰਾਂ ਵਿਚੋਂ ਇਹ ਅੱਧਾ ਗਿਲਾਸ ਜੂਸ ਹੀ ਨਿਕਲੇਗਾ, ਉਹ ਤਾਂ ਸੋਚਦੀ ਸੀ ਕਿ ਪੂਰਾ ਗਿਲਾਸ ਜੂਸ ਦਾ ਹੋਵੇਗਾ ਪਰ ਇਹ ਤਾਂ ਅੱਧਾ ਹੀ ਹੋਇਆ।

ਸਵਾਮੀ ਜੀ ਨੇ ਥਰੀਸਾ ਵਲ ਦੇਖਿਆ ਤੇ ਆਪਣੇ ਬੁਲ੍ਹਾਂ ਤੇ ਉਂਗਲੀ ਰੱਖੀ ਭਾਵ ਉਹ ਕਹਿ ਰਹੇ ਸੀ, ਚੁੱਪ। ਉਨ੍ਹਾਂ ਨੇ ਆਪਣਾ ਸੱਜਾ ਹੱਥ ਗਿਲਾਸ ਤੇ ਰਖਿਆ ਜਿਹੜਾ ਥਰੀਸਾ ਨੇ ਪਕੜਿਆ ਹੋਇਆ ਸੀ। ਖੱਬੇ ਹੱਥ ਦੀ ਉਂਗਲੀ ਉਨ੍ਹਾਂ ਨੇ ਗਿਲਾਸ ਦੇ ਹੇਠਾਂ ਤੋਂ ਉਪਰ ਤਕ ਕੀਤੀ, ਗਿਲਾਸ ਇਕ ਦਮ ਜੂਸ ਨਾਲ ਭਰ ਗਿਆ।

ਥਰੀਸਾ ਹੈਰਾਨ ਰਹਿ ਗਈ ਤੇ ਕਹਿਣ ਲੱਗੀ, ਸਵਾਮੀ ਜੀ ਵਾਹ!।

ਕਿਉਂਕਿ ਤੂੰ ਐਨੇ ਪਿਆਰ ਨਾਲ ਬਣਾਇਆ ਸੀ ਤੇਰੀ ਇੱਛਾ ਪੂਰੀ ਹੋਣੀ ਹੀ ਚਾਹੀਦੀ ਸੀ।

ਅਸੀਂ ਸਭ ਨੇ ਜੂਸ ਪੀਤਾ, ਮੈਂ ਤੇ ਥਰੀਸਾ ਨੇ ਕੌਤਕ ਦਾ ਅਨੰਦ ਲਿਆ।

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ-15)*

## ੧੧.

***ਮਨ ਰੇ ਕਿਉ ਛੂਟਹਿ ਬਿਨੁ ਪਿਆਰ॥ ਪੰਨਾ - 60***

ਇਕ ਦਿਨ ਬਾਬਾ ਵਾਂਢਿਓਂ ਜੁ ਮੁੜਿਆ ਤੇ ਪਿੰਡ ਪਹੁੰਚਾ ਤਾਂ ਅਗੇ ਕੀ ਵੇਖੇ ਕਿ ਡਿਉਢੀ ਦੇ ਬਾਹਰ ਭੀੜ ਲਗੀ ਹੋਈ ਹੈ ਤੇ ਕੁਛ ਰੌਲਾ ਭੀ ਹੈ। ਬਾਬੇ ਦਾ ਮੱਥਾ ਠਣਕਿਆ ਕਿ ਹੋਵੇ ਨਾ ਤਾਂ ਅੱਜ ਪਿੰਡ ਵਿਚ ਸੁਖ ਨਹੀਂ। ਇਹ ਜੋ ਆਏ ਦਿਨ ਫੋਕੀ ਵਿਦਿਆ ਦੇ ਨਵੇਂ ਪੜ੍ਹਾਕੂਆਂ ਦਾ ਸਾਡੇ ਪਿੰਡ ਫੇਰਾ ਪੈ ਜਾਂਦਾ ਹੈ, ਕੋਈ ਨਾਂ ਕੋਈ ਬਖੇੜਾ ਖੜਾ ਹੋ ਜਾਂਦਾ ਹੈ। ਪਰ ਅਚਰਜ ਹੈ ਕਿ ਏਹ ਜੋ ਵਿਦਿਆਵਾਨ ਕਹਾਉਂਦੇ ਹਨ, ਏਹ ਪੜ੍ਹਕੇ ਮਨ ਦਾ ਸੁਖ ਤੇ ਆਤਮਾ ਦਾ ਸੁਖ ਤੇ ਮਨੁੱਖ ਜਾਤੀ ਦਾ ਪ੍ਰੇਮ ਕਿਉਂ ਨਹੀਂ ਸਮਝਦੇ। ਝਗੜਨਾ, ਲੜਨਾ, ਵਾਦ, ਈਰਖਾ ਤੇ ਬਖੀਲੀਆਂ ਨਾਲ ਇਹਨਾਂ ਦੇ ਦਿਲ ਘਾਬਰਦੇ ਕਿਉਂ ਨਹੀਂ? ਪ੍ਰੇਮ, ਮੈਤ੍ਰੀ, ਖਿਮਾਂ, ਦੇਖਕੇ ਅਣਡਿੱਠ ਕਰਨਾ, ਇਨ੍ਹਾਂ ਗੱਲਾਂ ਦੇ ਸੁਖਾਂ ਦਾ ਇਹਨਾਂ ਨੂੰ ਰਸ ਕਿਉਂ ਨਹੀਂ ਪੈਂਦਾ? ਇਹ ਕਿਸ ਆਸ ਉਮੈਦ ਵਿਚ ਜੀਉਂਦੇ ਹਨ? ਜੋ ਲੋਕ ਈਰਖਾ ਤੇ ਵੈਰ ਵਿਰੋਧ ਅੰਦਰ ਰੱਖਕੇ ਝਗੜੇ ਝਾਂਜੇ ਛੇੜਕੇ ਇਹ ਜੀਵਨ ਬਿਤਾ ਰਹੇ ਹਨ ਪਤਾ ਨਹੀਂ ਉਹ ਇਸਦਾ ਲਾਭ ਕੀਹ ਵੇਖਦੇ ਹਨ। ਵਿਦਿਆ ਪਾ ਕੇ ਮਾਨੋ ਦੀਵਾ ਤਲੀ ਤੇ ਰੱਖ ਕੇ ਫੇਰ ਜੀਉਣ ਪ੍ਰੇਮ ਦੀ ਧੁਰ ਉਤੇ ਨਹੀਂ ਆਉਂਦਾ! ਪਰ ਹੱਛਾ, ਜੋ ਗੁਰੂ ਕਰੇ। ਇਸ ਤਰ੍ਹਾਂ ਸੋਚਦਾ ਬਾਬਾ ਘਰ ਵੱਲ ਨਾਂ ਪਰਤਿਆ ਤੇ ਭੀੜ ਵੱਲ ਗਿਆ। ਅੱਗੇ ਵੇਖੇ ਤਾਂ ਪਿੰਡ ਦੇ ਮੁਸਲਮਾਨ ਜ਼ਿਮੀਂਦਾਰ 'ਰਾਂਝੇ' ਨੂੰ ਹਥਕੜੀ ਲੱਗੀ ਹੋਈ ਹੈ ਤੇ ਪੁਲੀਸ ਦੇ ਆਦਮੀ ਉਸ ਨੂੰ ਨਾਲ ਲਿਜਾਉਣਾ ਚਾਹੁੰਦੇ ਹਨ। ਪਿੰਡ ਦੇ ਲੋਕੀ, ਕੀ ਸਿਖ, ਕੀ ਹਿੰਦੂ ਤੇ ਕੀ ਮੁਸਲਮਾਨ ਪੁਲੀਸ ਵਾਲਿਆਂ ਨੂੰ ਸਮਝਾ ਰਹੇ ਹਨ ਕਿ ਇਹ ਦੋਸ਼ੀ ਨਹੀਂ ਹੈ ਇਸ ਨੂੰ ਨਾਂ ਲੈ ਜਾਓ ਪਰ ਉਹ ਇਕ ਨਹੀਂ ਸੁਣਦੇ। ਜਾਂ ਬਾਬਾ ਅਗੇ ਵਧਿਆ ਤਾਂ ਮਾਨੋਂ ਸਾਰੇ ਲੋਕਾਂ ਦੇ ਦਿਲ ਨੂੰ ਢੱਕਣ ਆ ਗਿਆ, ਰਾਂਝੇ ਦਾ ਚਿਹਰਾ ਵੀ ਟਹਿਕ ਪਿਆ, ਪੁਲੀਸ ਵਾਲੇ ਭੀ ਉਸ ਨੂਰਾਨੀ ਚਿਹਰੇ ਨੂੰ ਵੇਖਕੇ ਰਤਾ ਠਿਠਰ ਗਏ। ਬਾਬੇ ਨੇ ਅੱਗੇ ਵਧਕੇ ਰਾਂਝੇ ਦੇ ਸਿਰ ਪਿਆਰ ਦੇਕੇ ਆਖਿਆ, "ਬੀਬਾ ਜੀਓ! ਕਿਉਂ ਸੁੱਖ ਹੈ?" ਉਸ ਨੇ ਕਿਹਾ; "ਬਾਬਾ! ਤੇਰੀਆਂ ਨਹੀਂ ਮੰਨੀ ਦੀਆਂ ਤਾਂ ਦੁਖ ਪਾਈਦੇ ਹਨ। ਆਹ ਜੋ ਸਾਹਮਣੇ ਬਾਬੂ ਖੜਾ ਹੈ, ਇਸ ਨੇ ਮੇਰੇ ਸਿਰ ਠਾਣੇ ਜਾਕੇ ਝੂਠੀ ਰਪਟ ਲਿਖਾਈ ਹੈ ਤੇ ਇਹ ਮੈਨੂੰ ਫੜ ਲਿੱਚਲੇ ਹਨ। ਇਹ ਕਈ ਦਿਨਾਂ ਤੋਂ ਪਿੰਡ ਆਉਂਦਾ ਸੀ, ਵਾਜਾ ਵਜਾਉਂਦਾ ਸੀ, ਈਸਾ ਮਸੀ ਦੇ ਗੀਤ ਗਾਉਂਦਾ ਸੀ, ਪਰ ਨਾਲ ਵੱਧ ਘੱਟ ਗੱਲਾਂ ਬੀ ਆਖਦਾ ਸੀ। ਰਾਮ ਤੇ ਕ੍ਰਿਸ਼ਨ ਦੀਆਂ ਕੁਨਸਾਂ ਕੱਢਦਾ ਸੀ। ਇਕ ਦਿਨ ਏਸ ਨੇ ਸਾਡੇ ਰਸੂਲ ਨੂੰ ਗਾਲ੍ਹ ਦਿੱਤੀ, ਮੈਂ ਸੱਚੀ ਆਖਦਾ ਹਾਂ, ਮੈਥੋਂ ਜਰਿਆ ਨਾਂ ਗਿਆ, ਫੇਰ ਮੈਂ ਇਕ ਦੋ ਔਗਣ ਈਸਾ ਦੇ ਸੁਣਾ ਦਿੱਤੇ, ਬੱਸ ਫੇਰ ਕੀ ਸੀ, ਇਹ ਲੋਹਾ ਲਾਖਾ ਹੋ ਚਲਾ ਗਿਆ ਤੇ ਕਹਿੰਦਾ ਗਿਆ ਠਾਣਾ ਲੈਕੇ ਆਉਂਦਾ ਹਾਂ। ਦੇਖ ਬਾਬਾ! ਇਸ ਤਰ੍ਹਾਂ ਗੱਲੋਂ ਗੱਲੀਂ ਵੱਧ ਘੱਟ ਹੋ ਪਿਆਂ ਕਦੇ ਕੋਈ ਠਾਣੇਂ ਚੜ੍ਹਾ ਲਿਆਉਂਦਾ ਹੈ? ਇਸ ਭਲੇ ਲੋਕ ਨੇ ਸਾਡੇ ਨਾਲ ਕਰ ਵਿਖਾਈ"।

ਬਾਬੇ ਨੇ ਸਾਰਜੰਟ ਵਲ ਤੱਕ ਕੇ ਕਿਹਾ "ਸੱਜਣਾਂ! ਤੁਸੀਂ ਇਸ ਵੇਲੇ ਸਰਕਾਰੀ ਆਦਮੀ ਹੋ ਤੇ ਸਰਕਾਰੀ ਕੰਮ ਉਤੇ ਆਏ ਹੋ, ਪਰ ਹਓ ਤਾਂ ਸਾਡੇ ਭਰਾ ਵੀਰ ਨਾਂ। ਜੇ ਤੁਸੀਂ ਗੁੱਸੇ ਨਾਂ ਹੋਵੋ ਤਾਂ ਮੈਂ ਇਕ ਗੱਲ ਕਰਾਂ"।

ਸਾਰਜੰਟ ਮੁਸਲਮਾਨ ਸੀ, ਪੁਰਾਣਾ ਪੁਲਸੀਆ ਸੀ, ਬਾਬੇ ਦੇ ਚਿਹਰੇ ਤੇ ਉਸ ਦੇ ਨੂਰ ਵੱਲ ਤੱਕ ਬੋਲਿਆ; "ਕਾਹਲੀ ਹੈ, ਪਰ ਤੁਸੀਂ ਬਜ਼ੁਰਗ ਹੋ, ਕਰੋ ਗੱਲ"।

ਬਾਬਾ - ਭਾਈਆ▲ ਜੀ! ਅਸੀਂ ਪਿੰਡ ਦੇ ਗੁਆਰ ਪਸ਼ੂ ਲੋਕ ਹਾਂ, ਗੱਲ ਗੱਲ ਤੇ ਆਪੋ ਵਿਚ ਲੜ ਬੋਲ ਪੈਂਦੇ ਹਾਂ, ਕਦੇ ਠਾਨਿਆਂ ਨੂੰ ਖੇਚਲਾਂ ਨਹੀਂ ਪਾਉਂਦੇ, ਅਸੀਂ ਆਪੋ ਵਿਚ ਹੀ ਨਿੱਬੜ ਲੈਂਦੇ ਹਾਂ। ਹੁਣ ਇਸ ਬਾਬੂ ਨੇ ਪਹਿਲਾਂ ਮੁਸਲਮਾਨਾਂ ਦੇ ਰਸੂਲ ਨੂੰ ਮਾੜੇ ਵਾਕ ਆਖੇ ਤਾਂ ਅਗੋਂ ਰਾਂਝੇ ਨੇ ਭੀ ਲਹੂ ਨਾਲ ਲਹੂ ਧੋਤਾ, ਦੋਹਾਂ ਨੇ ਮਾੜੀ ਗੱਲ ਕੀਤੀ। ਪਰ ਹੈਰਾਨੀ ਇਹ ਹੈ ਕਿ ਇਹ ਦੀਨਦਾਰ ਉਪਦੇਸ਼ਕ ਹੈ ਤੇ ਇਸ ਦਾ ਧਰਮ ਖਿਮਾ ਲੋੜੀਏ, ਇਹ ਖਿਮਾਂ ਕਰਨ ਦੀ ਥਾਂ ਸਾਡੇ ਜੇਹੇ ਪਸ਼ੂਆਂ ਜਿੰਨਾਂ ਜੇਰਾ ਭੀ ਨਹੀਂ ਜਰ ਸਕਿਆ। ਦੱਸੋ ਹੁਣ ਬਣੇ ਕੀ? ਅਸੀਂ ਪਿੰਡਾਂ ਦੇ ਗੁਆਰ ਲੋਕ ਠਹਿਰੇ, ਇਹ ਕਾਨੂੰਨ ਪੜ੍ਹੇ ਹੋਏ ਠਹਿਰੇ, ਗੱਲ ਗੱਲ ਤੇ ਏਹਨਾਂ ਠਾਣੇ ਚਾੜ੍ਹ ਆਂਦੇ, ਅਸਾਂ ਗੁਆਰਪੁਣਾ ਕਰਨਾ ਤੇ ਏਹਨਾਂ ਤੁਹਾਨੂੰ ਖੇਚਲ ਜਾ ਪਾਨੀ, ਜੇ ਅਸੀਂ ਐਹੋ ਜੇਹਿਆਂ ਨੂੰ ਪਿੰਡ ਨਾਂ ਵੜਨ ਦੇਈਏ ਤਾਂ ਬੀ ਏਹ ਕੋਈ ਕਾਨੂੰਨ ਕੱਢ ਲੈਣਗੇ। ਜੇ ਅਸੀਂ ਉੱਤਰ ਨਾਲ ਉੱਤਰ ਦੇਈਏ ਤਾਂ ਇਨ੍ਹਾਂ ਕਾਨੂੰਨ ਛਾਂਟ ਕੇ ਸਾਨੂੰ ਦੋਸ਼ੀ ਬਣਾ ਲਿਆ, ਫਿਰ ਹੁਣ ਚੁੱਪ ਕਰਕੇ ਇਹਨਾਂ ਦੇ ਹੀਣੇ ਦਾਸ ਬਣਿਆਂ, ਹੀ ਛੁਟਕਾਰਾ ਹੋਇਆ ਨਾਂ। ਦੱਸੋ ਅਸੀਂ ਕੀ ਕਰੀਏ? ਪੜ੍ਹੇ ਅਸੀਂ ਨਾਂ ਜੋ ਕਾਨੂੰਨ ਛਾਂਟ ਲੈਂਦੇ, ਤੇ ਸੱਚੀ ਗੱਲ ਇਹ ਹੈ ਕਿ ਜੋ ਵਿਦਿਆ ਇਹ ਲੋਕ ਪੜ੍ਹੇ ਹਨ,

ਓਹ, ਸਾਈਂ ਤੇਰਾ ਭਲਾ ਕਰੇ, ਸਾਨੂੰ ਨਾ ਹੀ ਲੱਭੇ ਤਾਂ ਚੰਗੀ ਗੱਲ ਹੈ। ਸਾਡਾ ਪਿੰਡ ਰੇਲੋਂ ਦੂਰ ਹੈ, ਵੱਡੀ ਸੜਕੋਂ ਦੁਰਾਡਾ ਹੈ, ਕੇਹੇ ਸੁਖੀ ਵੱਸਦੇ ਸਾਂ, ਇਹ ਪੜ੍ਹੇ ਹੋਏ ਲੋਕ ਪਤਾ ਨਹੀਂ ਕਿਥੋਂ ਸਾਨੂੰ ਆ ਹੁੱਜਾਂ ਮਾਰਦੇ ਹਨ।

ਸਾਰਜੰਟ ਬੜਾ ਪੁਰਾਣਾ ਤੇ ਜ਼ਰਾ ਕਰੜੇ ਦਿਲ ਵਾਲਾ ਸੀ ਪਰ ਬਾਬੇ ਦੀ ਖਰੀ ਖਰੀ ਗੱਲ ਨਾਲ ਕੁਛ ਪੰਘਰ ਪਿਆ ਤੇ ਆਖਣ ਲੱਗਾ, "ਬਾਬਾ! ਗੱਲ ਤਾਂ ਤੂੰ ਚਾਲੀ ਸੇਰੀ ਆਖੀ ਹੈ, ਪਰ ਅਸੀਂ ਕੀ ਕਰੀਏ? ਇਸ ਈਸਾਈ ਉਪਦੇਸ਼ਕ ਸਾਹਿਬ ਨੂੰ ਜੋ ਤਕਲੀਫ ਪਹੁੰਚੀ, ਏਸ ਨੇ ਆਪਣੇ ਸਾਹਿਬ ਨੂੰ ਦੱਸੀ, ਸਾਹਿਬ ਨੇ ਸਾਡੇ ਸਾਹਿਬ ਨੂੰ ਚਿੱਠੀ ਲਿਖੀ, ਹੁਕਮੀ ਬੱਧੇ ਅਸੀਂ ਆਏ ਹਾਂ। ਤੁਸੀਂ ਸਿਆਣੇ ਹੋ, ਅਸਾਂ ਹੁਕਮ ਬਜਾਵਣਾ ਹੈ।"

ਇਹ ਸੁਣਕੇ ਬਾਬਾ ਕੁਝ ਚਿਰ ਸੋਚੀਂ ਪੈ ਗਿਆ ਤੇ ਫੇਰ ਕਹਿਣ ਲੱਗਾ, "ਹੱਛਾ ਬਈ ਜਾਮਨੀ ਲੈ ਕੇ ਤਾਂ ਛੱਡ ਦਿਓਗੇ?"

ਸਾਰਜੰਟ – ਠਾਣੇ ਆਓ, ਏਥੇ ਨਹੀਂ, ਪਰ ਮੈਨੂੰ ਆਸ ਘੱਟ ਹੈ ਕਿ ਜਾਮਨੀ ਤੇ ਬੀ ਛੁਟਕਾਰਾ ਹੋਵੇ।

ਬਾਬੇ ਨੇ ਤਿਊੜੀ ਜੇਹੀ ਵੱਟ ਕੇ ਕਿਹਾ, "ਰਾਂਝਿਆ ਮਿੱਤ੍ਰਾ ਹੁਣ! ਫੇਰ ਮੱਥੇ ਦੀ ਲਿਖੀ ਅੱਲਾ ਦਾ ਹੁਕਮ ਸਮਝ ਕੇ ਝੱਲ ਤੂੰ ਟੁਰ ਠਾਣੇ ਨੂੰ, ਤੇ ਅਸੀਂ ਕੁਛ ਹੀਲਾ ਕਰਦੇ ਹਾਂ। ਇਹ ਪੁਲਸ ਵਾਲੇ ਤੇਰੇ ਦੀਨ ਭਾਈ ਹਨ, ਜੇ ਹਥਕੜੀ ਤੋਂ ਬਿਨਾਂ ਲੈ ਜਾਣ ਤਾਂ ਇਹਨਾਂ ਦੀ ਮਿਹਰ, ਨਹੀਂ ਤਾਂ ਝੱਲ ਸਿਰੇ ਧਰ ਕੇ।"

ਹੁਣ ਰਾਂਝੇ ਹੁਰੀਂ ਤਾਂ ਠਾਣੇ ਨੂੰ ਗਏ, ਤੇ ਬਾਬੇ ਨੇ ਆਪਣਾ ਖੜੀਆ ਪੁਤ੍ਰ ਨੂੰ ਦਿਤਾ, ਜੋ ਇਸ ਭੀੜ ਵਿਚ ਆਇਆ ਖੜਾ ਸੀ ਤੇ ਆਪ ਓਸੇ ਥਾਂ ਤੋਂ ਹੀ ਇਕ ਜ਼ਿਮੀਂਦਾਰ ਦੀ ਘੋੜੀ ਤੇ ਚੜ੍ਹਕੇ ਵਾਗਾਂ ਮੋੜ ਲਈਆਂ ਤੇ ਇਧਰ ਪਿੰਡ ਵਿਚ ਸੋਗ ਵਰਤ ਗਿਆ। ਸਾਰਿਆਂ ਨੇ ਰਾਂਝੇ ਦੇ ਵਿਛੋੜੇ ਵਿਚ ਰੋਟੀ ਨਹੀਂ ਖਾਧੀ ਤੇ ਮੁਕੱਦਮੇਂ ਲਈ ਸਾਰਿਆਂ ਵੇਲ ਪਾਈ। ਕੋਈ ਪੰਜ ਕੁ ਸੌ ਰੁਪੱਯਾ ਤਾਂ ਕੱਠਾ ਓਸੇ ਵੇਲੇ ਕਰ ਲਿਆ ਤੇ ਬਾਬੇ ਦੀ ਉਡੀਕ ਵਿਚ ਲੱਗੇ।

ਬਾਬੇ ਹੁਰੀਂ ਘੋੜੀ ਨੂੰ ਸਰਪੱਟ ਦੁੜਾਉਂਦੇ ਵੀਹ ਮੀਲਾਂ ਤੇ ਗਏ, ਜਿਥੇ ਅੰਗਰੇਜ਼ ਪਾਦਰੀ ਸਾਹਿਬ ਦਾ ਬੰਗਲਾ ਸੀ। ਜਾ ਬਹਿਰੇ ਨੂੰ ਕਿਹਾ ਕਿ ਅੰਦਰ ਖਬਰ ਕਰੋ ਕਿ ਬਾਬਾ ਨੌਧ ਸਿੰਘ ਆਇਆ ਹੈ, ਕੁਛ ਵਕਤ ਦਿਓ। ਅੰਦਰੋਂ ਜਵਾਬ ਆਇਆ ਕਿ ਸਾਹਿਬ ਬੋਲਤੇ ਹੈਂ ਏਕ ਘੰਟਾ ਠਹਿਰੋ। ਸੋ ਬਾਬੇ ਹੁਰੀਂ ਪਰੇ ਘਾਹ ਤੇ ਜਾ ਬੈਠੇ ਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਰੁੱਝ ਗਏ। ਡੇਢ ਘੰਟੇ ਮਗਰੋਂ ਮੁਲਾਕਾਤ ਹੋਈ।

ਸਾਹਿਬ – ਵੈਲ! ਤੁਮਾਰਾ ਕਿਆ ਨਾਮ ਹੈ?

ਬਾਬਾ – ਨੌਧ ਸਿੰਘ।

ਸਾਹਿਬ – ਵੈਲ! ਤੁਮ ਕੈਸੇ ਆਇਆ ਹੈ?

ਬਾਬਾ – ਆਪ ਨਾਲ ਦਇਆ ਧਰਮ ਕੀ ਗੱਲ ਕਰਨ।

ਬਾਬਾ – ਬਹੁਤ ਅੱਛਾ।

ਹੁਣ ਸਾਹਿਬ ਨੇ ਬਾਬੇ ਨੂੰ ਇਕ ਬੈਂਚ ਤੇ ਬਹਾਲ ਲਿਆ ਤੇ ਆਪ ਕੁਰਸੀ ਤੇ ਬੈਠ ਗਿਆ। ਲੱਗਾ ਪੁੱਛਣ–

ਬਪਤਿਸਮਾਂ ਮਾਂਗਤਾ?

ਬਾਬਾ – ਮੈਂ ਕੁਛ ਸਮਝਣਾ ਹੈ ਕਿ ਧਰਮ ਕੀ ਵਸਤੂ ਹੈ ਤੇ ਉਸ ਦੀ ਵਰਤੋਂ ਵਰਤਾਰਾ ਕੀ ਹੈ?

ਸਾਹਿਬ – ਹਮਾਰਾ ਦੀਨ ਹੈ ਖੁਦਾ ਪਰ ਈਮਾਨ, ਉਸ ਕੇ ਬੇਟੇ ਪਰ ਈਮਾਨ।

ਬਾਬਾ – ਲੋਕਾਂ ਨਾਲ ਕੀਕੂੰ ਦਾ ਵਰਤਾਉ?

ਸਾਹਿਬ – ਸਭ ਕੋ ਅਪਨੇ ਮਾਫਕ ਪਿਆਰ, ਜੈਸਾ ਅਪਨੇ ਕੋ ਪਿਆਰ, ਵੈਸਾ ਹਮਸਾਏ ਕੋ ਪਿਆਰ।

ਬਾਬਾ – ਬਹੁਤ ਹੱਛਾ ਹੈ। ਭਲਾ ਸਾਹਿਬ ਜੀ! ਜੇ ਮੈਂ ਆਪ ਨਾਲ ਕੁਛ ਚਿਰ ਗੱਲਾਂ ਕਰਾਂ ਤਾਂ ਖਫਾ ਤਾਂ ਨਾਂ ਹੋਵੋਗੇ?

ਸਾਹਿਬ – ਨਹੀਂ।

ਬਾਬਾ – ਭਲਾ ਜੇ ਲਿੱਖਣ ਘੜਨ ਲੱਗਿਆਂ ਤੁਸਾਡੇ ਸੱਜੇ ਹੱਥ ਵਿਚ ਫੜੇ ਚਾਕੂ ਨਾਲ ਖੱਬੇ ਹੱਥ ਦੀ ਉਂਗਲੀ ਵੱਢੀ ਜਾਵੇ ਤਾਂ ਕੀ ਸੱਜੇ ਹੱਥ ਨੂੰ ਡੰਨ ਦਿਓਗੇ?

ਸਾਹਿਬ – (ਹੈਰਾਨ ਹੋ ਕੇ) ਐਸਾ ਕਿਉਂ ਬੋਲਤਾ ਹੈ?

ਬਾਬਾ – ਮੈਂ ਸਮਝਣਾ ਚਾਹੁੰਦਾ ਹਾਂ ਕਿ ਆਪਣੇ ਹਮਸਾਏ ਨੂੰ ਆਪਣੇ ਵਰਗਾ ਪਿਆਰ ਐਸ ਤਰ੍ਹਾਂ ਹੀ ਕਰਨਾ ਹੈ ਨਾਂ ਕਿ ਜਿਸ ਤਰ੍ਹਾਂ ਸੱਜੇ ਹੱਥ ਪਾਸੋਂ ਖੱਬੇ ਹੱਥ ਨੂੰ ਸੱਟ ਲੱਗ ਜਾਵੇ ਤਾਂ ਖੱਬਾ ਹੱਥ ਸੱਜੇ ਹੱਥ ਨਾਲ ਲੜਾਈ ਨਹੀਂ ਕਰਦਾ, ਉਸ ਨੂੰ ਆਪਣਾ ਅੰਗ ਤੇ ਆਪਣਾ ਆਪ ਸਮਝ ਕੇ ਬਦਲਾ ਨਹੀਂ ਚੇਤੇ ਕਰਦਾ।

ਸਾਹਿਬ – ਵੈਲ ਬੁੱਢੇ! ਤੁਮ ਬਹੁਤ ਦਾਨਾ ਹੈ, ਠੀਕ ਹੈ ਐਸਾ।

ਬਾਬਾ – ਸਾਹਿਬ ਜੀ! ਮੈਂ ਇਕ ਗੱਲ ਸੁਣਾਵਾਂ ਜੀ! ਸ਼ਾਹਪੁਰ ਦੇ ਜ਼ਿਲੇ ਵਿਚ ਇਕ 'ਬੁੱਧੂ' ਨਾਮ ਦਾ ਆਦਮੀ ਹੋਇਆ ਹੈ, ਥੋੜੇ ਹੀ ਬਰਸ ਹੋਏ ਹਨ ਕਿ ਉਹ ਮਰਿਆ ਹੈ, ਤੇ ਲੋਕ ਉਸ ਨੂੰ ਬਜ਼ੁਰਗ ਸਮਝਦੇ ਸਨ ਤੇ ਦੋ ਲੱਖ ਆਦਮੀ ਉਸ ਨੂੰ ਮਹਾਤਮਾਂ ਤੇ ਸੰਤ ਜਾਣਦੇ ਸਨ। ਉਹਨਾਂ ਨੂੰ ਇਕ ਦਸਾਂ ਰੁਪਯਾਂ ਦੇ ਸਿਪਾਹੀ ਨੇ ਆਕੇ ਕਿਹਾ, ਮੈਨੂੰ ਰੋਟੀ ਪਕਾ ਦੇਹ। ਸਿਪਾਹੀ ਦਾ ਗੁੱਧਾ ਆਟਾ ਲੈ ਕੇ ਭਾਈ 'ਬੁੱਧੂ' ਨੇ ਰੋਟੀਆਂ ਤੰਦੂਰੇ ਲਾਹ ਦਿੱਤੀਆਂ। ਦੁਪਹਿਰਾਂ ਦਾ ਵੇਲਾ ਸੀ, 'ਬੁੱਧੂ' ਦੇ ਸਾਰੇ ਸੇਵਕ ਸੌਂ ਚੁਕੇ ਸਨ, ਹੁਨਾਲੇ ਦੀ ਬਹਾਰ ਸੀ, 'ਬੁੱਧੂ' ਨੂੰ ਇਹ ਖਿਆਲ ਆਇਆ ਕਿ

ਇਕ ਮੇਰੇ ਵਰਗਾ ਬੰਦਾ ਭੁਖਾ ਹੈ ਤੇ ਰੋਟੀ ਤੰਦੂਰ ਲਾਣਾ ਨਹੀਂ ਜਾਣਦਾ, ਮੈਂ ਜ਼ਰੂਰ ਪਕਾ ਦਿਆਂ, ਇਹ ਐਉਂ ਹੀ ਭੁੱਖਾ ਹੈ ਨਾਂ ਜਿੱਦਾਂ ਮੈਂ ਭੁੱਖਾ ਹੁੰਦਾ ਹਾਂ, ਸੋ ਮੈਂ ਹੀ ਭੁੱਖਾ ਹਾਂ ਨਾਂ, ਮੈਂ ਆਪਣੇ ਲਈ ਰੋਟੀ ਪਕਾਉਂਦਾ ਹਾਂ। ਕਿਉਂ ਸਾਹਿਬ ਜੀ! ਇਸ ਨੂੰ ਤੁਸੀਂ ਆਖਦੇ ਹੋ ਨਾਂ ਆਪਣੇ ਵਰਗਾ ਪਿਆ ਕਰਨਾਂ।

ਸਾਹਿਬ – ਹਾਂ, ਜੈਸਾ ਹਮ ਚਾਹਤੇ ਹੈਂ ਲੋਕ ਹਮ ਲੋਕੋਂ ਸੇ ਪਿਆਰ ਕਰੇਂ।

ਬਾਬਾ – ਫੇਰ ਸਾਹਿਬ ਜੀ! ਓਸ ਆਦਮੀ ਬੁੱਧੂ ਪਾਸੋਂ ਰੋਟੀਆਂ ਵਧੇਰੇ ਪੱਕ ਕੇ ਕੁਛ ਸੜ ਗਈਆਂ, ਜਾਂ ਸਿਪਾਹੀ ਨੇ ਡਿੱਠਾ ਕਿ ਰੋਟੀਆਂ ਕੁਛ ਸੜ ਗਈਆਂ ਹਨ ਤਾਂ ਉਸ ਨੇ ਗੁੱਸੇ ਨਾਲ ਇਕ ਜ਼ੋਰ ਦੀ ਚਪੇੜ ਬੁੱਧੂ ਦੇ ਮੂੰਹ ਤੇ ਮਾਰੀ, ਤਾਂ ਸਾਹਿਬ ਜੀ! ਏਸ ਆਦਮੀ ਨੇ ਚਪੇੜ ਮਾਰੀ, ਏਸ ਬੁੱਧੂ ਨਾਲ ਪਿਆਰ ਨਹੀਂ ਨਾਂ ਕੀਤਾ, ਇਹੋ ਹੈ ਨਾਂ ਦੁਪਰਿਆਰ ਜੋ ਤੁਸੀਂ ਆਖਦੇ ਹੋ ਕਿ ਮਾੜਾ ਹੈ।

ਸਾਹਿਬ – ਵੈਲ! ਤੁਮ ਖੂਬ ਸਮਝਾ। ਠੀਕ ਹੈ।

ਬਾਬਾ – ਫੇਰ ਸਾਹਿਬ! ਮੈਂ ਅੱਗੇ ਗੱਲ ਸੁਣਾਵਾਂ?

ਸਾਹਿਬ – (ਘੜੀ ਵੇਖਕੇ) ਹਾਂ ਹਾਂ ਸੁਣਾਓ, ਪਰ ਜਲਦੀ ਜਲਦੀ।

ਬਾਬਾ – ਫੇਰ ਸਾਹਿਬ ਜੀ! ਬੁੱਧੂ ਨੇ ਕੀ ਕੀਤਾ, ਆਪਣੀ ਖੱਬੀ ਗੱਲ੍ਹ ਓਸ ਸਿਪਾਹੀ ਵਲ ਕਰਕੇ ਆਖਿਆ, ਭਾਰਾਵਾ! ਮੇਰਾ ਨਾਂ 'ਬੁੱਧੂ' (ਮੂਰਖ) ਤੇ ਮੇਰੇ ਕੰਮ ਭੀ ਬੁੱਧੂ, ਇਕ ਚਪੇੜ ਮੇਰੀ ਖੱਬੀ ਗੱਲ੍ਹ ਤੇ ਭੀ ਲਾ ਜੋ ਮੈਨੂੰ ਅਕਲ ਆ ਜਾਵੇ ਤੇ ਅੱਗੋਂ ਨੂੰ ਆਪਣੇ ਭਰਾਵਾਂ ਦੇ ਕੰਮ ਸੋਝੀ ਨਾਲ ਤੇ ਹੁਸ਼ਿਆਰੀ ਨਾਲ ਕਰਿਆ ਕਰਾਂ। ਤੂੰ ਵੱਡਾ ਭਰਾ ਜੋ ਹੋਇਆ, ਮੈਨੂੰ ਮੱਤ ਦੇਹ ਨਾਂ, ਮਾਰ ਹੋਰ ਇਕ ਚੰਡ ਮੇਰੀ ਖੱਬੀ ਗੱਲ੍ਹ ਉਤੇ। ਇਹ ਵੇਖਕੇ ਸਾਹਿਬ ਜੀ! ਉਸ ਸਿਪਾਹੀ ਨੂੰ ਹੋਸ਼ ਆ ਗਈ ਕਿ ਮੈਂ ਪਾਪ ਕੀਤਾ ਹੈ, ਤੇ ਓਧਰੋਂ ਕਈ ਸੇਵਕ ਆ ਗਏ, ਜਿਨ੍ਹਾਂ ਨੇ ਸਿਪਾਹੀ ਨੂੰ ਫੜ ਲਿਆ ਕਿ ਇਸਨੇ ਇੱਡੇ ਵੱਡੇ ਭਲੇ ਪੁਰਖ ਦੀ ਬੇਅਦਬੀ ਕੀਤੀ ਹੈ। ਤਦੋਂ ਸਾਹਿਬ ਜੀ! 'ਬੁੱਧੂ' ਨੇ ਸਿਪਾਹੀ ਨੂੰ ਛੁਡਵਾ ਦਿੱਤਾ ਤੇ ਆਖਿਆ, ਇਹ ਮੇਰਾ ਵੱਡਾ ਭਰਾ ਹੈ, ਇਸ ਨੂੰ ਨਾ ਮਾਰੋ। ਏਸ ਨੇ ਮੈਨੂੰ ਮੱਤ ਦਿੱਤੀ ਹੈ।

ਸਾਹਿਬ – ਵੈਲ! ਯੇਹ ਬੁੱਧੂ ਜ਼ਰੂਰ 'ਈਸਾਈ' ਥਾ।

ਬਾਬਾ – ਸਾਹਿਬ ਜੀ! ਕੀ ਤੁਸੀਂ ਇਸ ਨੂੰ ਜਾਣਦੇ ਹੋ, ਈਸਾਈ ਜੁ ਕਹਿੰਦੇ ਹੋ?

ਸਾਹਿਬ ਜੋ ਉਸ ਕਾ ਖੂਬੀ ਤੁਮ ਨੇ ਕਹਾ, ਵੁਹ ਖੂਬੀ ਈਸਾਈ ਕਾ ਹੈ।

ਬਾਬਾ – ਸਾਹਿਬ ਜੀ! ਧੰਨ ਹੈ ਉਹ ਖੂਬੀ ਜਿਸ ਕਰਕੇ ਆਪ ਉਸ ਨੂੰ ਅਪਣਾ ਦੀਨ ਭਾਈ ਸਮਝਦੇ ਹੋ ਤੇ ਸੱਚ ਭੀ ਇਹੋ ਹੈ ਕਿ 'ਗੁਣਾਂ' ਦਾ ਹੀ ਨਾਮ ਦੀਨ ਹੈ, ਪਰ ਉਂਞ ਸਾਹਿਬ ਜੀ! ਉਸ ਬੁੱਧੂ ਨੂੰ ਸ੍ਰੀ ਈਸਾ ਜੀ ਦੇ ਨਾਮ ਦਾ ਪਤਾ ਨਹੀਂ ਸੀ ਤੇ ਓਸ ਨੇ ਕਦੇ ਕਿਸੇ ਪਾਦਰੀ ਦੀ ਗੱਲ ਭੀ ਨਹੀਂ ਸੁਣੀ ਸੀ।

ਸਾਹਿਬ – ਫਿਰ ਵੁਹ ਕੈਸੇ ਐਸਾ ਕਰਤਾ ਥਾ? ਵੁਹ ਕੌਣ ਥਾ?

ਬਾਬਾ – ਉਹ ਗੁਰੂ ਨਾਨਕ ਦਾ 'ਸਿੱਖ' ਸੀ ਤੇ ਉਸ ਦੀ ਬੰਦਗੀ ਤੇ ਪਿਆਰ ਕਰਕੇ ਲੋਕ ਉਸ ਨੂੰ 'ਭਾਈ ਬੁੱਧੂ ਸਾਹਿਬ' ਆਖਦੇ ਸਨ ਤੇ 'ਬੰਦਗੀ ਤੇ ਪਿਆਰ' ਉਸਨੇ ਗੁਰੂ ਨਾਨਕ ਪਾਸੋਂ ਸਿੱਖਿਆ ਸੀ।

ਸਾਹਿਬ – ਵੈਲ! ਬਾਬਾ ਨਾਨਕ ਅੱਚਾ ਥਾ, ਬਹੁਤ ਅੱਚਾ ਥਾ, ਵੁਹ ਆਪ ਮੁਕਤੀ ਪਾ ਗਿਆ।

ਬਾਬਾ – ਸਾਹਿਬ ਜੀ! ਮੈਂ ਇਕ ਬੇਨਤੀ ਕਰਨੀ ਹੈ। ਤੁਸੀਂ ਗੁੱਸੇ ਤਾਂ ਨਾਂ ਹੋਵੋਗੇ?

ਸਾਹਿਬ – ਨਹੀਂ, ਬੋਲੋ।

ਬਾਬਾ – ਅਸੀਂ ਸਾਰੇ ਮਨੁੱਖ ਹਾਂ ਤੇ ਭੁੱਲਣਹਾਰ ਹਾਂ ਤੇ ਸਾਰੇ ਇਕ ਦੂਜੇ ਦੇ ਅੰਗ ਹਾਂ। ਮਨੁੱਖ ਦਾ ਮਨੁੱਖ ਦਾਰੂ ਤੇ ਬੰਦੇ ਦਾ ਬੰਦਾ ਸੰਦਾ ਹੈ। ਆਪੇ ਵਿਚ ਭੁੱਲਣਾ ਭੀ ਹੋਇਆ ਤੇ ਨਿਰਬਾਹ ਖਿਮਾਂ ਨਾਲ ਹੀ ਹੋ ਸਕਦਾ ਹੈ ਤੇ ਦੀਨ ਧਰਮ ਖਿਮਾਂ ਹੀ ਸਿਖਾਲਦਾ ਹੈ।

ਸਾਹਿਬ – ਵੈਲ! ਹਮਾਰਾ ਦੀਨ ਬੋਲਤਾ ਕਿ ਸਾਤ ਦਫਾ ਮਾਫ ਕਰੋ, ਸੱਤਰ ਦਫਾ ਮਾਫ ਕਰੋ।

ਬਾਬਾ – ਜੀ, ਬਹੁਤ ਹੀ ਚੰਗਾ ਹੈ, ਪਰ ਗੁਰੂ ਨਾਨਕ ਬੋਲਦਾ ਹੈ ਜਿੰਨੀ ਵੇਰ ਕੋਈ ਮਾਫੀ ਮੰਗੇ ਉਨੀ ਵੇਰ ਮਾਫ ਕਰੋ, ਭਰਾਵਾਂ ਨਾਲ ਲੇਖਾ ਭੀ ਛੋੜ ਦਿਓ।

ਸਾਹਿਬ – ਬਹੁਤ ਅੱਛਾ ਹੈ। ਵੁਹੀ ਬਾਤ ਹੈ।

ਬਾਬਾ – ਫੇਰ ਸਾਹਿਬ ਜੀ! ਤੁਸੀਂ ਰਾਂਝੇ ਨੂੰ ਮਾਫ ਕਰ ਦਿਓ।

ਸਾਹਿਬ – ਕੌਣ ਰਾਂਝਾ?

ਬਾਬੇ ਨੇ ਰਾਂਝੇ ਦੇ ਪਿੰਡ ਦਾ ਨਾਂ ਤੇ ਪਤਾ ਦੱਸਿਆ। ਇਹ ਸੁਣਕੇ ਸਾਹਿਬ ਤਮਕ ਉਠਿਆ – ਵੈਲ ਕਭੀ ਨਹੀਂ, ਰਾਂਝਾ ਬਹੁਤ ਖਰਾਬ, ਸਾਰਾ ਗਾਉਂ ਖਰਾਬ।

ਬਾਬਾ – ਨਹੀਂ ਸਾਹਿਬ ਜੀ, ਓਹ ਅਨਪੜ੍ਹ ਹਨ।

ਸਾਹਿਬ – ਨਹੀਂ! ਵੋ ਮਾਰਤਾ, ਔਰਤ ਲੋਕ ਕੋ ਪੀਟਤਾ, ਗਾਲੀ ਦੇਤਾ।

ਬਾਬਾ – ਨਹੀਂ ਜੀ; ਐਸਾ ਨਹੀਂ ਹੈ।

ਸਾਹਿਬ – ਤੁਮ ਝੂਠ ਬੋਲਤਾ।

ਬਾਬਾ – ਮੈਂ ਝੂਠ ਕਦੇ ਨਹੀਂ ਬੋਲਿਆ।

ਇਹ ਕਹਿੰਦਿਆਂ ਬਾਬੇ ਦੇ ਚਿਹਰੇ ਤੇ ਇਕ ਗੁੱਸੇ ਦੀ ਲਾਲੀ ਫਿਰ ਗਈ, ਜਿਸਨੂੰ ਤੱਕਕੇ ਪਾਦਰੀ ਕੁਛ ਸ਼ਰਮ ਜੇਹੀ ਖਾਕੇ ਝੱਕ ਗਿਆ।

ਸਾਹਿਬ – ਹੈਂ? ਪਰ ਉਸ ਨੇ ਗਾਲੀ ਬੋਲਾ, ਉਸ ਨੇ ਮਾਰਾ, ਉਸ ਨੇ ਮੇਮ ਸਾਹਿਬ ਕੋ ਪੀਟਾ।

ਬਾਬਾ – ਜੇ ਤੁਸੀਂ ਇਸ ਨੂੰ ਸੱਚ ਹੀ ਮੰਨ ਲਿਆ ਹੈ ਤਾਂ ਫੇਰ ਮਾਫ ਕਰ ਦਿਓ। ਮੈਂ ਉਸ ਵਲੋਂ ਮਾਫੀ ਮੰਗਦਾ ਹਾਂ।

ਸਾਹਿਬ – ਨਹੀਂ।

ਬਾਬਾ – ਆਪ ਅਪਨੇ ਦੀਨ ਦੇ ਸੰਤ ਹੋ, ਮਹਾਤਮਾਂ ਹੋ, ਖਿਮਾਂ ਵੱਡਾ ਧਰਮ ਹੈ, ਅਸੀਂ ਸਾਰੇ ਭੁੱਲਣਹਾਰ ਹਾਂ ਤੇ ਰੱਬ ਬਖਸ਼ਿੰਦ ਹੈ। ਉਸ ਰੱਬ ਦੇ ਨਾ ਤੇ ਬਖਸ਼ ਦਿਓ।

ਸਾਹਿਬ – (ਲਾਲ ਹੋ ਕੇ) ਕੈਸੇ ਮਾਫ ਕਰੇਗਾ? ਵੁਹ ਹਮਾਰੇ ਵਾਅਜ਼ ਕੋ ਮਾਰੇਗਾ, ਉਸਕੇ ਮੇਮ ਸਾਹਿਬ ਕੋ ਮਾਰੇਗਾ, ਆਜ ਮਾਰੇਗਾ ਹਮ ਮਾਫ ਕਰ ਦੇਗਾ। ਕਲ੍ਹ ਫਿਰ ਐਸਾ ਕਰੇਗਾ।

ਬਾਬਾ – ਸਾਹਿਬ! ਮਾਫ ਕਰਨਾ ਹੀ ਸਾਧੂ ਦਾ ਧਰਮ ਹੈ। ਤੁਸੀਂ ਸਾਧੂ ਜੁ ਹੋਏ।

ਸਾਹਿਬ – ਐਸੇ ਤੋ ਹਮ ਕੋ ਬੀ ਖਾ ਜਾਏਗਾ।

ਬਾਬਾ – ਨਹੀਂ ਸਾਹਿਬ! ਆਪ ਜਿਸ ਪਰਮੇਸ਼ੁਰ ਦੀ ਸੇਵਾ ਕਰੋਗੇ ਉਸ ਦੇ ਦੂਤ ਆਪ ਦੀ ਰਾਖੀ ਕਰਨਗੇ। ਸਾਧੂ ਦੀ ਟੇਕ ਅਕਾਲ ਪੁਰਖ ਪਰ ਹੁੰਦੀ ਹੈ, ਉਸਦਾ ਰਾਖਾ ਵਾਹਿਗੁਰੂ ਆਪ ਹੁੰਦਾ ਹੈ।

ਸਾਹਿਬ – (ਬੁੱਲ੍ਹ ਚਿੱਥ ਕੇ ਤੇ ਝਿਜਕ ਕੇ) ਤੁਮ ਹਮਾਰੇ ਸਾਥ ਲੜਨੇ ਆਇਆ ਹੈ?

ਬਾਬਾ – ਨਹੀਂ ਸਾਹਿਬ ਜੀ, ਤੁਸੀਂ ਇਸ ਵੇਲੇ ਬਲਵਾਨ ਹੋ, ਰਾਜਾ ਦੀ ਕੌਮ ਦੇ ਹੋ ਤੇ ਉਸ ਦੇ ਧਰਮ ਦੇ ਆਗੂ ਹੋ, ਤੁਸਾਂ ਪਾਸੋਂ ਰਾਂਝੇ ਵਾਸਤੇ ਖਿਮਾਂ ਲੈਣ ਆਇਆ ਹਾਂ।

ਸਾਹਿਬ – ਨਹੀਂ, ਹਮ ਇਨਸਾਫ ਮਾਂਗਤਾ ਹੈ।

ਬਾਬਾ – ਫੇਰ ਜੀ ਜੇ ਕੁਛ ਮੈਂ ਇਨਸਾਫ ਉਤੇ ਆਖਾਂ? ਆਪ ਸੁਣੋਂਗੇ, ਗੁੱਸੇ ਤਾਂ ਨਹੀਂ ਹੋਵੋਗੇ?

ਸਾਹਿਬ – ਨਹੀਂ ਬੋਲੋ।

ਬਾਬਾ – ਇਨਸਾਫ ਇਹ ਹੈ ਕਿ ਆਪ ਆਪਣੇ ਨਿਜ ਦੇ ਤੌਰ ਤੇ ਸਾਬਤ ਕਰਦੇ ਕਿ ਰਾਂਝੇ ਨੇ ਠੀਕ ਮਾਰਿਆ ਹੈ ਤੇ ਉਪਦੇਸ਼ਕ ਦੀ ਵਹੁਟੀ ਨੂੰ ਮਾਰਿਆ ਹੈ, ਫੇਰ ਆਪ ਰਾਂਝੇ ਨੂੰ ਆਖਦੇ ਕਿ ਦੱਸ ਬਈ ਰਾਂਝਿਆ! ਤੇਰੇ ਜ਼ਿੰਮੇ ਇਹ ਦੋਸ਼ ਲਗਦਾ ਹੈ, ਫੇਰ ਉਸ ਦਾ ਸਾਰਾ ਹਾਲ ਸੁਣਕੇ ਜੇ ਦੋਸ਼ ਨਿਤਰ ਆਉਂਦਾ ਤਾਂ ਤੁਸੀਂ ਅਮੰਨਾ ਕਰਦੇ ਕਿ ਠੀਕ ਰਾਂਝਾ ਦੋਸ਼ੀ ਹੈ ਪਰ ਸਾਹਿਬ ਜੀ ਹੋਇਆ ਇਹ ਹੈ ਕਿ

ਦੋਸ਼ੀ ਦਾ ਦੋਸ਼ ਹਰ ਤਰ੍ਹਾਂ ਸਾਬਤ ਨਹੀਂ ਕੀਤਾ ਗਿਆ

ਤੇ ਦੋਸ਼ੀ ਨੂੰ ਆਪਣੇ ਜ਼ਿੰਮੇ ਲੱਗੇ ਦੋਸ਼ ਦਾ ਉੱਤਰ ਦੇਣ ਦਾ ਸਮਾਂ ਨਹੀਂ ਦਿੱਤਾ ਗਿਆ ਤੇ ਤੁਸਾਂ ਓਸ ਨੂੰ ਦੋਸ਼ੀ ਮੰਨ ਲਿਆ ਹੈ।

ਸੋ ਇਹ ਦੋਵੇਂ ਕੰਮ ਆਪ ਨੇ ਨਹੀਂ ਕੀਤੇ, ਕੇਵਲ ਆਪਣੇ ਉਪਦੇਸ਼ਕ ਦੇ ਆਖੇ ਤੇ ਸੱਚ ਮੰਨ ਲਿਆ ਹੈ। ਇਸ ਤਰ੍ਹਾਂ ਜੇ ਕਿਸੇ ਇਕ ਦੇ ਆਖੇ ਨੂੰ ਮੰਨ ਕੇ ਦੂਜੇ ਦੇ ਉਲਟ ਖਿਆਲ ਬਣਾ ਲਈਏ ਤਾਂ ਇਹ ਖਿਆਲ ਨਿਆਂ ਵਾਲਾ ਨਹੀਂ ਤੇ ਨਿਆਂ ਦੇ ਖਿਆਲ ਨਾਲ ਹੀ ਅਸੀਂ ਆਦਮੀ ਹਾਂ। ਅਤੇ ਜਦੋਂ ਨਿਆਂ ਦੇ ਨਾਲ ਅਸੀਂ ਦਇਆ ਅਤੇ ਸੰਤੋਖ ਰਲਾ ਲਈਏ ਤਾਂ ਦੇਉਤੇ ਹੋ ਜਾਈਦਾ ਹੈ ਤੇ ਸੰਸਾਰ ਸੁਖੀ ਵੱਸਣ ਲੱਗ ਪੈਂਦਾ ਹੈ। ਸਾਰੇ ਸੂਤ ਕਾਇਮ ਹੋ ਜਾਂਦਾ ਹੈ।

ਸਾਹਿਬ – ਤੁਮ ਲੜਨੇ ਆਇਆ ਹੈ? ਬਹਿਰਾ!

ਬਾਬਾ – ਜੀ ਨਹੀਂ, ਮੈਂ ਤਾਂ ਇਹ ਸਮਝ ਕੇ ਆਇਆ ਹਾਂ ਕਿ ਜੀਕੂੰ ਸਾਡੇ ਦੇਸ਼ ਦੇ ਸਾਧੂ ਹੁੰਦੇ ਹਨ, ਜੋ ਸੰਸਾਰ ਨਾਲ ਮੋਹ ਮਾਇਆ ਤੋੜਕੇ ਰੱਬ ਅਰਥੀ ਦਿਨ ਕੱਟਦੇ ਹਨ, ਇਸ ਤਰ੍ਹਾਂ ਆਪ ਆਪਣੇ ਦੇਸ਼ ਦੇ ਸਾਧੂ ਹੋ। ਵੈਰਾਗ ਕਰਕੇ ਆਪ ਨੇ ਹਕੂਮਤ ਦਾ ਕੰਮ ਨਹੀਂ ਕੀਤਾ ਤੇ ਸੰਤ ਮਤਾ ਧਾਰਿਆ ਹੈ, ਨਹੀਂ ਤਾਂ ਤੁਹਾਡਾ ਰੰਗ ਰੂਪ ਤਾਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਵਰਗਾ ਹੀ ਹੈ, ਜਾਤ ਬਰਾਦਰੀ ਭੀ ਓਹੋ ਹੈ ਤੇ ਪੜ੍ਹੇ ਗੜ੍ਹੇ ਭੀ ਹੋ, ਆਪ ਨੇ ਭੀ ਕੋਈ ਡਿਪਟੀ ਕਮਿਸ਼ਨਰ ਹੀ ਬਣਨਾ ਸੀ, ਪਰ ਪਰਮੇਸ਼ਰ ਦੇ ਪਿਆਰ ਨੇ ਜਾਂ ਮਾਇਆ ਵਲੋਂ ਵਿਰਾਗ ਨੇ ਆਪ ਨੂੰ ਸਾਧੂ ਬਿਰਤੀ ਵਾਲਾ ਕੀਤਾ ਹੋਊ। ਸੋ ਇਹ ਸਮਝ ਕੇ ਜਦੋਂ ਮੈਂ ਸੁਣਿਆਂ ਕਿ ਰਾਂਝੇ ਦੀ ਜਾਨ ਬਖਸ਼ੀ ਤੁਹਾਡੀ ਕੋਮਲਤਾਈ ਨਾਲ ਹੋ ਸਕਦੀ ਹੈ ਤਾਂ ਮੈਂ ਹੰਮਾ ਬੰਨ੍ਹਕੇ ਭੱਜਾ ਆਇਆ, ਭਈ ਸਾਧੂ ਬ੍ਰਿਤੀ ਵਾਲੇ ਤਾਂ ਦਇਆਵਾਨ ਹੁੰਦੇ ਹਨ। ਹੋਰ ਸਾਹਿਬ ਜੀ! ਸਾਡੇ ਗਰੀਬ ਪੇਂਡੂਆਂ ਦਾ ਧੱਕਾ ਤੇ ਜ਼ੋਰ ਤਾਂ ਨਹੀਂ ਹੈ ਕੋਈ। ਅਸਾਂ

ਧਰਮ ਦੀ ਕਿਰਤ ਕਰਨੀ ਹੈ, ਵੰਡ ਛਕਣਾ ਹੈ, ਨਾਮ ਜਪਣਾ ਹੈ ਤੇ

ਨਾਮ ਦੇ ਆਸਰੇ ਨਿਰਭੈ ਰਹਿ ਕੇ ਦੁਖ ਸੁਖ, ਜੋ ਭਾਗਾਂ ਵਿਚ ਆਵੇ ਝੱਲਣੇ ਹਨ, ਪਰ ਦਿਲਗੀਰ ਨਹੀਂ ਹੋਣਾ। ਨਿਆਂ ਨਾਲ ਨਿਆਂ ਦੀ ਗੱਲ ਕਰਨੀ ਹੈ ਧਰਮ ਨਾਲ ਧਰਮ ਦੀ।

ਸਾਹਿਬ ਜੀ ਕੁਛ ਖੁਸ਼ ਜਿਹੇ ਹੋ ਗਏ। ਸਿੱਧੇ ਜਿਹੇ

ਪੇਂਡੂ ਵੱਲ ਤੱਕਦੇ ਸਨ, ਅਨਪੜ੍ਹ ਗਵਾਰ ਦੀਆਂ ਖਰੀਆਂ ਸਿੱਧੀਆਂ ਗੱਲਾਂ ਨੂੰ ਸੋਚਦੇ ਸਨ ਤੇ ਕਦੀ ਬਾਬੇ ਵਲ ਅਰ ਕਦੀ ਬਹਿਰੇ ਵੱਲ ਤੱਕਦੇ ਸਨ, ਜੋ ਹੁਕਮ ਦੀ ਉਡੀਕ ਵਿਚ ਖੜਾ ਸੀ। ਪਲ ਮਗਰੋਂ ਬਹਿਰੇ ਵੱਲ ਤੱਕ ਕੇ ਬੋਲੇ – ਵੈਲ! ਟਿਫਨ ਤਿਆਰ ਹੈ?

ਬਹਿਰਾ – ਜੀ ਹਜ਼ੂਰ!

ਸਾਹਿਬ – ਜਾਓ, ਆਧ ਘੰਟੇ ਕੋ।

ਬਹਿਰਾ ਸਿਰ ਝੁਕਾ ਕੇ 'ਅੱਛਾ ਹਜ਼ੂਰ' ਕਹਿ ਕੇ ਚਲਾ ਗਿਆ।

ਬਾਬਾ – ਫੇਰ ਸਾਹਿਬ ਜੀਉ!

ਸਾਹਿਬ – ਤੁਮ ਕੌਣ?

ਬਾਬਾ – ਮੈਂ ਇਕ ਜ਼ਿਮੀਂਦਾਰ ਹਾਂ। ਆਪਣੀ ਵਾਹੀ ਕਰਦਾ ਤੇ ਟੱਬਰ ਪਾਲਦਾ ਹਾਂ। ਪਰਮੇਸ਼ੁਰ ਤੋਂ ਡਰਦਾ ਹਾਂ ਤੇ ਭਰਾਵਾਂ ਨਾਲ ਬੁਰਾ ਕਰਨੋਂ ਸੰਕੋਚ ਕਰਦਾ ਹਾਂ।

ਸਾਹਿਬ – ਹਮਾਰੇ ਪਾਸ ਈਸਾਈ ਹੋਣੇ ਕੋ ਆਇਆ ਹੈ ਕਿ ਸਿਪਾਰਸ਼ ਕੋ?

ਬਾਬਾ – ਸਾਹਿਬ ਜੀ! ਦਇਆ ਧਰਮ ਦੀ ਬਾਤ ਕਰਨ ਨੂੰ। ਦੀਨ ਇਹੋ ਹੈ ਨਾ ਕਿ ਕਿਸੇ ਦਾ ਬੁਰਾ ਨਾ ਕਰਨਾ, ਹੋ ਸਕੇ ਤਾਂ ਭਲਾ ਕਰਨਾ, ਪਰਮੇਸ਼ੁਰ ਨੂੰ ਪਿਤਾ ਜਾਣਨਾ, ਸ੍ਰਿਸ਼ਟੀ ਨੂੰ ਭਰਾ ਜਾਣਨਾ।

ਸਾਹਿਬ – (ਬੁੱਲ੍ਹ ਟੁੱਕਕੇ) ਹਮ ਸਮਝੇ ਥੇ ਕਿ ਤੁਮ ਈਸਾਈ ਹੋਣਾ ਮਾਂਗਤਾ?

ਬਾਬਾ – ਸਾਹਿਬ ਜੀ, ਅਮਲਾਂ ਨਾਲ ਇਸਾਈ, ਅਮਲਾਂ ਨਾਲ ਮੂਸਾਈ, ਅਮਲਾਂ ਬਾਝ ਛਾਈ।

ਸਾਹਿਬ – ਨਹੀਂ ਨਹੀਂ, ਅਮਲ ਨਹੀਂ ਗ੍ਰੇਸ। ਗ੍ਰੇਸ–ਅ–ਅ–ਅ ਫ–ਫ। ਫਜ਼ਲ, ਫਜ਼ਲ।

ਬਾਬਾ – ਜੀ ਸਾਈਂ ਦਾ ਫਜ਼ਲ! ਫਜ਼ਲ ਸਾਈਂ ਦਾ ਕੰਮ, ਸ਼ੁਭ ਅਮਲ ਸਾਡਾ ਕੰਮ ਤੇ ਸਾਈਂ ਨਾਲ ਪਿਆਰ ਇਹ ਸਾਡਾ ਉਸ ਨਾਲ ਸਾਕ।

ਸਾਹਿਬ – (ਕਾਹਲਾ ਹੋਕੇ) ਛੋੜੋ, ਯਿਹ ਬੋਲੋ ਅਬ ਤੁਮ ਕਿਆ ਚਾਹਤਾ?

ਬਾਬਾ – ਰਾਂਝੇ ਪਰ ਆਪ ਦਾ ਫਜ਼ਲ।

ਸਾਹਿਬ – ਹਮ ਇਨਸਾਫ ਚਾਹਤਾ।

ਬਾਬਾ – ਆਪ ਧੱਕਾ ਤਾਂ ਨਹੀਂ ਚਾਹੁੰਦੇ?

ਜ਼ੁਲਮ ਤਾਂ ਨਹੀਂ ਚਾਹੁੰਦੇ?

ਸਾਹਿਬ – ਨਹੀਂ?

ਬਾਬਾ – ਫੇਰ ਜੇ ਨਿਆਂ ਚਾਹੁੰਦੇ ਹੋ ਤਾਂ ਖੇਚਲ ਕਰਕੇ ਉਪਦੇਸ਼ਕ ਤੇ ਓਹਦੀ ਮੇਮ ਸਾਹਿਬ ਨੂੰ ਨਾਲ ਲੈ ਕੇ ਸਾਡੇ ਪਿੰਡ ਚੱਲੋ, ਤੇ ਆਹਮੋ ਸਾਹਮਣੇ ਗੱਲਾਂ ਕਰ ਕਰਾ ਲਓ। ਜੇ ਰਾਂਝਾ ਦੋਸ਼ੀ ਹੋਇਆ ਤਾਂ ਅਸੀਂ ਆਪ ਦੇ ਨਾਲ ਟੋਰ ਦਿਆਂਗੇ, ਜੋ ਜੀ ਆਵੇ ਉਸ ਨਾਲ ਕਰਨੀ। ਜੇ ਰਾਂਝਾ ਦੋਸ਼ੀ ਨਾ ਹੋਇਆ ਤਾਂ ਮਾਫ ਕਰ ਦੇਣਾ। ਹੁਣ ਠਾਣੇ ਤੋਂ ਓਸਨੂੰ ਛੁਡਾ ਦਿਓ।

ਸਾਹਿਬ – ਵੈਲ! ਟੁਮ ਰਾਂਝੇ ਕਾ ਕਿਆ ਲਗਤਾ?

ਬਾਬਾ – ਸਾਹਿਬ 'ਹਮਸਾਇਆ, ਮਾਂ ਪਿਉ ਜਾਇਆ।'

ਸਾਹਿਬ – ਹਮ ਸਮਝੇ ਤੁਮਾਰਾ ਰਿਸ਼ਤੇਬੰਦ ਹੈ, ਉਸਕਾ ਕਿਆ ਜਾਤ, ਤੁਮਾਰਾ ਕਿਆ?

ਬਾਬਾ – ਸਾਰੇ ਬੰਦੇ ਰਿਸ਼ਤੇਬੰਦ ਹਨ ਪਰ ਉਂਞ ਉਹ ਮੁਸਲਮਾਨ ਹੈ, ਮੈਂ ਸਿਖ ਹਾਂ।

ਸਾਹਿਬ – ਹੈਂ! ਹੈਂ!! ਹੈਂ!!! ਤੁਮ ਸੀਕ (ਸਿੱਖ) ਹੋ ਕਰ ਮੁਸਲਮਾਨ ਕੀ ਸਿਪਾਰਸ਼ ਕਰਤਾ, ਤਾਜਬ ਕਾ ਬਾਤ?

ਬਾਬਾ – ਉਹ ਬੜਾ ਚੰਗਾ ਆਦਮੀ ਹੈ।

ਸਾਹਿਬ – ਹਮ ਹੈਰਾਨ ਹੈਂ, ਸੀਕ ਮੁਸਲਮਾਨ ਕੀ ਸਿਪਾਰਸ਼ ਕਰਤਾ ਹੈ ਕੁਛ ਬਾਤ ਜ਼ਰੂਰੀ ਹੈ। ਤੁਮ ਕੋ ਕੋਈ ਪੈਸਾ ਮਿਲਾ?

ਬਾਬਾ – ਸਾਹਿਬ! ਤੁਸਾਂ ਕਿਸੇ ਪੋਥੀ ਵਿਚ ਨਹੀਂ ਪੜ੍ਹਿਆ ਕਿ ਸਿੱਖ ਖਰੇ ਹੁੰਦੇ ਹਨ, ਖੋਟੇ ਨਹੀਂ ਹੁੰਦੇ।

ਸਾਹਿਬ – ਹਾਂ, ਸੀਕ ਬਹੁਤ ਅੱਛਾ ਲੋਕ ਹੈ, ਹਮ ਪਸੰਦ ਕਰਤਾ, ਸੀਕ ਖਰਾਬ ਨਹੀਂ। ਅੱਚਾ, ਤਬ ਕੁਛ ਬਾਤ ਹੈ ਕਿ ਸੀਕ ਲੋਕ ਮੁਸਲਮਾਨ ਕੇ ਲੀਏ ਬੋਲਤਾ, ਅਬ ਤੁਮ ਕਿਆ ਚਾਹਤਾ?

ਬਾਬਾ – ਰਾਂਝੇ ਦੀ ਜਾਨ ਬਖਸ਼ੀ।

ਸਾਹਿਬ – ਵੈਲ! ਹਮ ਤੁਮਾਰੇ ਗਾਉਂ ਆਤਾ, ਪਰ ਲੋਕ ਬੜਾ ਖਰਾਬ ਫਸਾਦ ਗਾਉਂ ਹੈ।

ਬਾਬਾ – ਨਹੀਂ ਸਾਹਿਬ, ਤੁਸੀਂ ਪੁਲਸ ਵਾਲੇ ਸਾਹਿਬ, ਜਾਂ ਡਿਪਟੀ ਕਮਿਸ਼ਨਰ ਤੋਂ ਪੁੱਛ ਲਓ, ਜੇ ਉਹਨਾਂ ਨੇ ਤੁਹਾਨੂੰ ਸਾਡੇ ਪਿੰਡ ਬਾਬਤ ਦੱਸਿਆ ਕਿ ਓਥੇ ਕਦੇ ਫੌਜਦਾਰੀ ਨਹੀਂ ਹੋਈ, ਦਾਰੂ ਦੀ ਹੱਟੀ ਚਾਈ ਗਈ ਹੈ, ਠਾਣਾ ਕਦੇ ਨਹੀਂ ਓਥੇ ਗਿਆ, ਤਸੀਲੇ ਕਦੇ ਕੋਈ ਮੁਕੱਦਮਾਂ ਲੈ ਕੇ ਨਹੀਂ ਆਇਆ, ਮਾਮਲਾ ਵੇਲੇ ਸਿਰ ਆਪੇ ਉੱਗਰਦਾ ਹੈ ਤਾਂ ਮੇਰੀਆਂ ਗੱਲਾਂ ਦਾ ਅਮੰਨਾਂ ਕਰ ਲੈਣਾ, ਨਹੀਂ ਤਾਂ ਨਾਂ। ਸਾਹਿਬ ਜੀ! ਆਪ ਦੇ ਕੰਨੀ ਝੂਠੀ ਗੱਲ ਬਾਤ ਪਈ ਹੈ, ਸਾਡਾ ਪਿੰਡ ਤਾਂ ਸਰਕਾਰੇ ਭਲਾਮਾਨਸ ਲਿਖਿਆ ਹੈ।

ਸਾਹਿਬ – ਅੱਛਾ! ਹਮ ਦਰਿਆਫਤ ਕਰੇਗਾ, ਚਾਰ ਰੋਜ਼ ਕੋ ਹਮ ਆਏਗਾ, ਤੁਮਾਰਾ ਨਾਮ? ਤੁਮ ਸੇ ਹਮ ਖੁਸ਼ ਹੈ।

ਬਾਬਾ – ਤੇ ਕੀ ਇਹ ਚਾਰ ਦਿਨ ਰਾਂਝਾ ਗਰੀਬ ਹਵਾਲਾਟੇ ਰਹੇਗਾ?

ਸਾਹਿਬ ਸੋਚੀਂ ਪੈ ਗਿਆ।

ਬਾਬਾ – ਦੋ ਉਂਗਲਾਂ ਦਾ ਕਾਗਤ ਥਾਣੇਦਾਰ ਵੱਲ ਲਿਖ ਦਿਓ ਜੋ ਕਿਸੇ ਦੀ ਜ਼ਾਮਨੀ ਲੈਕੇ ਰਾਂਝੇ ਨੂੰ ਛੱਡ ਦੇਵੇ। ਫੇਰ ਜਦੋਂ ਆਪ ਆਓਗੇ, ਤਦੋਂ ਆਪ ਨੇ ਦੇਖ ਲੈਣਾ।

ਸਾਹਿਬ – ਅੱਛੀ ਬਾਤ।

ਇਹ ਕਹਿਕੇ ਸਾਹਿਬ ਆਪਣੇ ਗੋਲ ਕਮਰੇ ਜਾ ਵੜਿਆ, ਬਾਬਾ ਵੀ ਮਗਰੇ ਗਿਆ। ਵਾਹ! ਵਾਹ!! ਅੰਦਰ ਜਾ ਕੇ ਬਾਬੇ ਦਾ ਥਕੇਵਾਂ ਲਹਿ ਗਿਆ। ਠੰਢਾ ਠਾਰ ਕਮਰਾ, ਕੰਧਾਂ ਪਰ ਨੀਲੀ ਕਲਈ ਦਾ ਸੀਤਲ ਰੰਗ, ਸੁਹਾਵੀਆਂ ਮੂਰਤਾਂ, ਬੂਹਿਆਂ ਨੂੰ ਅਜੈਬ ਪਰਦੇ, ਕੁਰਸੀਆਂ ਵਲੈਤੀ, ਫਰਸ਼ ਈਰਾਨੀ, ਸੁਰਗ ਦਾ ਝੂਟਾ ਆ ਗਿਆ। ਚਿੱਤ ਵਿਚ ਫੁਰਿਆ ਕਿ ਧਰਤੀ ਪਰ ਸੁਰਗ ਪੁਰੀ ਇਹੋ ਹੈ। ਕਿਨ੍ਹਾਂ ਪੁੰਨਾਂ ਕਰਕੇ ਇਨ੍ਹਾਂ ਨੂੰ ਇਹ ਕੁਛ ਪ੍ਰਾਪਤ ਹੋਇਆ ਹੈ। ਪਰ ਦੂਸਰੀ ਛਿਨ ਵਿਚ ਬਾਬੇ ਦੇ ਬੁੱਲ੍ਹ ਫਰਕ ਪਏ ਤੇ ਅੰਦਰ ਪੜ੍ਹਨ ਲੱਗ ਪਿਆ –

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਹਰਿ ਬਿਨੁ ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਪੰਨਾ – 14***

ਫਿਰ ਬਾਬੇ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਕਿ ਤੂੰ ਧੰਨ ਹੈ ਜਿਸ ਨੇ ਮੈਨੂੰ ਸੰਸਾਰ ਵਿਚ ਆਪਣਾ ਨਾਮ, ਸਿਰ ਦਾਤਾਂ ਦੇ ਦਾਤ ਬਖਸ਼ੀ ਹੈ, ਜਿਸ ਨਾਲ ਮੈਂ ਅੰਦਰੋਂ ਸੁਖੀ ਹਾਂ, ਮੇਰਾ ਦਿਲ ਸਾਬਤ ਹੈ, ਤੇ ਮੇਰੇ ਮਨ ਵਿਚ ਟੋਆ ਤੇ ਸੱਖਣਾਪਨ ਨਹੀਂ ਹੈ। ਸ਼ੁਕਰ ਹੈ। ਹੇ ਵਾਹਿਗੁਰੂ! ਤੂੰ ਧੰਨ ਹੈਂ ਜਿਸ ਨੇ ਮੈਨੂੰ ਰਿਜ਼ਕ ਰੋਟੀ ਸੰਸਾਰ ਵਿਚ ਬਖਸ਼ੀ ਹੈ, ਤੂੰ ਧੰਨ ਹੈਂ! ਤੂੰ ਧੰਨ ਹੈਂ!! ਜੋ ਰੋਟੀ ਸਾਨੂੰ ਮਿਲਦੀ ਹੈ ਉਹ ਸਾਡੀ ਆਪਣੀ ਕਮਾਈ ਹੈ, ਤੇ ਇਹ ਜੋ ਸਾਮਾਨ ਹਨ ਏਥੇ ਇਹ ਇਹਨਾਂ ਦੇ ਦੇਸ਼ ਦੇ ਦਾਨੀਆਂ ਦੀ ਕਮਾਈ ਹੈ। ਪਾਦਰੀ ਦੀ ਆਪਣੀ ਕਮਾਈ ਨਹੀਂ, ਆਪਣੀ ਕਮਾਈ ਚੰਗੀ, ਭਾਵੇਂ ਥੋੜ੍ਹੀ ਹੋਵੇ।

ਸਾਹਿਬ ਜੀ ਨੇ ਚਿੱਠੀ ਮੁਕਾ ਲਈ ਸੀ, ਪਰ ਬਾਬਾ ਅੱਖਾਂ ਮੀਟੀ 'ਤੂੰ ਧੰਨ! ਤੂੰ ਧੰਨ' ਵਿਚ ਲੱਗ ਰਿਹਾ ਸੀ, ਚਿਹਰੇ ਪਰ ਇਕ ਸੁਰਖੀ ਸੀ ਤੇ ਇਕ ਸਲੋਨਾਪਨ ਸੀ, ਸਾਹਿਬ ਭੀ ਤੱਕ ਰਿਹਾ ਸੀ ਕਿ ਇੰਨੇ ਨੂੰ ਬਾਬੇ ਦੇ ਮੂੰਹੋਂ 'ਤੂੰ ਧੰਨ ਹੈ' ਜ਼ਰਾ ਉੱਚੀ ਨਿਕਲ ਗਿਆ ਤੇ ਅੱਖ ਖੁੱਲ੍ਹ ਗਈ। ਤਦ ਸਾਹਿਬ ਨੇ ਕਿਹਾ 'ਵੈਲ, ਕਿਆ ਹੈ?' ਬਾਬੇ ਨੇ ਕਿਹਾ, 'ਸਾਹਿਬ! ਉਸ ਪਰਮੇਸ਼ਰ ਦਾ ਸ਼ੁਕਰ ਹੈ ਜਿਸ ਨੇ ਸਾਨੂੰ ਪੈਦਾ ਕੀਤਾ ਤੇ ਰਿਜ਼ਕ ਰੋਟੀ ਤੇ ਸੁਖ ਦਿੱਤਾ ਹੈ ਤੇ ਆਪਣਾ ਪਿਆਰ ਬਖਸ਼ਿਆ ਹੈ'। ਸਾਹਿਬ ਬੋਲਿਆ 'ਬਹੁਤ ਅੱਚਾ! ਯੇ ਲੋ ਚਿੱਟੀ, ਥਾਣੇਦਾਰ ਕੋ ਹਮਾਰਾ ਸਲਾਮ ਬੋਲੋ'। ਬਾਬੇ ਨੇ ਚਿੱਠੀ ਲੈ ਲਈ ਤੇ ਆਖਿਆ, 'ਸਾਹਿਬ ਜੀ! ਤੁਸੀਂ ਬੜੇ ਬੀਬੇ ਹੋ'। ਇਹ ਕਹਿ ਕੇ ਟੁਰ ਪਿਆ, ਬਾਹਰ ਆਕੇ ਘੋੜੀ ਖੋਲ੍ਹੀ, ਅਗੋਂ ਫੜਕੇ ਨਾਲ ਦੇ ਪਿੰਡ ਆਇਆ। ਘੋੜੀ ਨੂੰ ਨਿਹਾਰੀ ਖੁਲਾਈ ਤੇ ਆਪ ਪੈਸੇ ਦੇ ਛੋਲੇ ਲੈਕੇ ਚੱਬੇ, ਪਾਣੀ ਦੇ ਦੋ ਬੁਕ ਪੀਤੇ ਤੇ ਘੋੜੀ ਦੀ ਪਿੱਠ ਤੇ ਪਲਾਕੀ ਮਾਰ ਕੇ ਬੁੱਢਾ ਜੁਆਨ ਪਰ ਤਪਿਆ। ਠਾਣੇ ਦਾ ਪਿੰਡ ਰਸਤੇ ਵਿਚ ਸੀ; ਆਪ ਓਥੇ ਅੱਪੜੇ। ਸਾਹਿਬ ਦੀ ਚਿੱਠੀ ਦਿੱਤੀ। ਥਾਣੇਦਾਰ ਨੇ ਕਿਹਾ –

ਬਾਬਾ! ਤੂੰ ਬੜਾ ਮਰਦ ਹੈਂ। ਮੈਂ ਨਹੀਂ ਸਾਂ ਸਮਝ ਸਕਦਾ ਹੁੰਦਾ ਕਿ ਤੁਹਾਡੇ ਪਿੰਡ ਵਿਚ ਸ਼ਰਾਰਤ ਕਿਉਂ ਨਹੀਂ। ਇਹ ਤੇਰੇ ਦਮ ਦੀ ਬਰਕਤ ਹੈ ਜਿਸ ਨੂੰ ਹਿੰਦੂ ਮੁਸਲਮਾਨ ਐਨੇਂ ਪਿਆਰੇ ਹਨ, ਜਿੰਨੇ ਕਿ ਆਪਣੇ ਘਰ ਦੇ ਬੰਦੇ ਹੁੰਦੇ ਹਨ। ਸੱਚ ਕਹਿੰਦੇ ਹਨ ਕਿ ਬੇਲੇ ਵਿਚ ਇਕ ਸ਼ੇਰ ਤੇ ਜੂਹ ਵਿਚ ਇਕ ਮਰਦ ਰਾਜ ਕਰਦਾ ਹੈ। ਤੇਰਾ ਰਾਜ ਮਨੁੱਖਾਂ ਦੇ ਦਿਲਾਂ ਪਰ ਹੈ, ਤੇਰੇ ਵਰਗੇ ਪਿਆਰ ਵਾਲੇ ਬੰਦੇ ਜੇ ਪਿੰਡ ਪਿੰਡ ਹੋਣ ਤਾਂ ਸਾਡੀ ਲੋੜ ਕਾਈ ਨਾਂ ਰਹੇ। ਜਾਓ ਬਈ ਰਾਂਝੇ ਨੂੰ ਲੈ ਆਓ! ਗੱਲ ਕੀ ਰਾਂਝਾ ਆਂਦਾ ਗਿਆ, ਉਸ ਦੇ ਸਾਹਮਣੇ ਬਾਬੇ ਦੀ ਜ਼ਾਮਨੀ ਲਿਖੀ ਗਈ ਤੇ ਹਥਕੜੀ ਲਾਹੀ ਗਈ। ਰਾਂਝਾ ਫੇਰ ਖੁਲ੍ਹਾ ਹੋ ਗਿਆ, ਤੇ ਅੱਥਰੂ ਭਰ ਕੇ ਬਾਬੇ ਦੇ ਚਰਨੀਂ ਢੈ ਪਿਆ। 'ਬਾਬਾ! ਤੂੰ ਮੇਰਾ ਪਿਉ ਹੈਂ ਤੇ ਮੈਂ ਤੇਰਾ ਪੁਤ ਹਾਂ। ਤੂੰ ਬਿਨ ਦੰਮਾਂ ਸਾਨੂੰ ਮੁੱਲ ਲੈ ਲਿਆ ਹੈ, ਅੱਲਾ ਰਹਿੰਦੀ ਦੁਨੀਆਂ ਤਕ ਜੀਵੇਂ। ਪਰ ਬਾਬੇ ਨੇ ਰਾਂਝੇ ਨੂੰ ਗਲ ਲਾਇਆ ਤੇ ਆਖਿਆ, 'ਹੱਥ ਜਦੋਂ ਮੂੰਹ ਨੂੰ ਧੋਂਦੇ ਹਨ ਤਾਂ ਮੂੰਹ ਦੇ ਸਿਰ ਹਸਾਨ ਕਰਦੇ ਹਨ? ਕਿ ਅੱਖਾਂ ਜਦੋਂ ਰਸਤਾ ਦਸਦੀਆਂ ਹਨ ਤਾਂ ਪੈਰਾਂ ਦੇ ਸਿਰ ਹਸਾਨ ਕਰਦੀਆਂ ਹਨ?' ਇਹ ਕਹਿਕੇ ਬਾਬਾ ਰਾਂਝੇ ਨੂੰ ਨਾਲ ਲੈਕੇ ਟੁਰ ਪਿਆ। ਪਿੰਡ ਆ ਕੇ ਸਾਂਝ ਵਾਲੇ ਤੋਂ ਇਕ ਹੋਰ ਘੋੜੀ ਮੰਗਵੀਂ ਲਈ, ਕੁਝ ਆਪ ਖਾਧਾ ਪੀਤਾ ਤੇ ਰਾਂਝੇ ਨੂੰ ਖਲਾਇਆ ਪਿਲਾਇਆ ਤੇ ਦੁਇ ਜਣੇ ਪਲਾਕੀ ਮਾਰ ਆਪਣੇ ਪਿੰਡ ਨੂੰ ਟੁਰ ਪਏ। ਡੂੰਘੀਆਂ ਤ੍ਰਿਕਾਲਾਂ ਪਈਆਂ ਤੇ ਪਿੰਡ ਅੱਪੜੇ।

ਅੱਗੇ ਸਾਰੇ ਪਿੰਡ ਦੇ ਆਦਮੀ ਡੇਉਢੀ ਵਿਚ ਜੁੜੇ ਬੈਠੇ ਸਨ। ਸਾਰੇ ਬਾਬੇ ਦਾ ਰਾਹ ਤੱਕ ਰਹੇ ਸਨ, ਕਿਸੇ ਅੰਨ ਜਲ

ਨਹੀਂ ਖਾਧਾ ਪੀਤਾ ਸੀ। ਉਹ ਪਿਆਰ ਦੀ ਝਰਨਾਟ ਜੋ ਇਕ 'ਨਾਮੀ' ਪੁਰਖ ਦੇ ਦਮ ਨੇ ਪਿੰਡ ਵਿਚ ਭਰ ਰੱਖੀ ਸੀ, ਸਾਰੇ ਦਿਲਾਂ ਵਿਚ ਛਿੜ ਰਹੀ ਸੀ। ਹੁਣ ਦਸ ਪੰਜ ਗੱਭਰੂ ਤੁਰ ਪਏ ਸਨ ਕਿ ਠਾਣੇ ਚੱਲੀਏ ਤੇ ਪਤਾ ਕੱਢੀਏ ਮਤੇ ਬਾਬਾ, ਜੁ ਮੁੜਿਆ ਨਹੀਂ, ਉਹ ਬੀ ਕਿਸੇ ਬਲਾ ਵਿਚ ਨਾ ਫਸ ਗਿਆ ਹੋਵੇ, ਪਰ ਉਹਨਾਂ ਦੇ ਭਾਗਾਂ ਨੂੰ ਰਾਂਝਾ ਤੇ ਬਾਬਾ ਦੋਵੇਂ ਆਉਂਦੇ ਦਿੱਸ ਪਏ। ਜਦੋਂ ਦੋਵੇਂ ਡੇਉਢੀ ਵੜੇ ਉਹ ਖੁਸ਼ੀਆਂ ਹੋਈਆਂ ਕਿ ਜਿਸਦਾ ਪਾਰਾਵਾਰ ਨਹੀਂ। ਵਾਹ 'ਬਾਬਾ' ਨੌਧ ਸਿੰਘ! ਤੇਰੇ ਪ੍ਰਤਾਪ ਨੇ ਸਭ ਹਦ ਬੰਨੇ ਮੇਟਕੇ ਪਿਆਰ ਦੀ ਬੂਟੀ ਦੀ ਮੁਸ਼ਕ ਏਸ ਪਿੰਡ ਵਿਚ ਮਚਾ ਛੋੜੀ ਹੈ।

ਤਿੰਨ ਚਾਰ ਦਿਨ ਲੰਘ ਗਏ। ਇਕ ਦਿਨ ਪਾਦਰੀ ਸਾਹਿਬ, ਨਾਲ ਵਾਅਜ਼ ਸਾਹਿਬ, ਉਹਨਾਂ ਦੀ ਮੇਮ ਤੇ ਇਕ ਦੋ ਨੌਕਰ ਚਾਕਰ ਦੋ ਟਾਂਗਿਆਂ ਵਿਚ ਚੜ੍ਹੇ ਹੋਏ ਪਿੰਡ ਆ ਗਏ। ਬੋੜ੍ਹਾਂ ਦੀ ਛਾਵੇਂ ਇਹਨਾਂ ਨੇ ਡੇਰਾ ਪਾ ਲਿਆ ਤੇ ਬਾਬੇ ਨੌਧ ਸਿੰਘ ਨੂੰ ਸੱਦ ਭੇਜਿਆ। ਮਗਰੇ ਰਾਂਝਾ ਤੇ ਪਿੰਡ ਦੇ ਚੰਗੇ ਚੰਗੇ ਸੱਜਣ ਟੁਰ ਪਏ। ਸਾਹਿਬ ਜੀ ਅਜ ਬਾਬੇ ਨੂੰ ਬੜੇ ਖਿੜ ਕੇ ਮਿਲੇ, ਹੱਥ ਨਾਲ ਹੱਥ ਮਿਲਾਇਆ, ਤੇ ਆਖਣ ਲੱਗੇ, 'ਬਾਬਾ ਤੁਮ 'ਸੀਕ' ਹੈ, ਸੀਕ ਲੋਕ ਬਹੁਤ ਅੱਚਾ। ਹਮ ਨੇ ਡਿਪਟੀ ਕਮਿਸ਼ਟਰ ਸੇ ਪੂਛਾ ਵੋਹ ਬੋਲਾ ਤੁਮਾਰਾ ਗਾਉਂ ਭਲਾਮਾਨਸ, ਤੁਮ ਬਹੁਤ ਅੱਚਾ, ਸਾਹਿਬ ਬੋਲਤਾ ਤੁਮ ਬਹੁਤ ਨੇਕ, ਹਮ ਬਹੁਤ ਖੁਸ਼। ਲੇਕਨ ਰਾਂਝਾ, ਖਰਾਬ ਆਦਮੀ ਗਾਲੀ ਬੋਲਾ, ਮਾਰਾ, ਵਾਅਜ਼ ਕੀ ਮੇਮ ਸਾਹਿਬ ਕੋ ਪੀਟਾ। ਯਿਹ ਬੁਰਾ, ਬਹੁਤ ਬੁਰਾ।'

ਬਾਬਾ - ਸਾਹਿਬ ਜੀ! ਤੁਸੀਂ ਬੜੇ ਚੰਗੇ ਹੋ, ਰਾਂਝੇ ਨੂੰ ਮਾਫ ਕਰ ਦਿਓ, ਨਹੀਂ ਤਾਂ ਹੁਣ ਪੁੱਛ ਭਾਲ ਕਰ ਲਓ।

ਪਾਦਰੀ ਨੇ ਕਿਹਾ - ਬਹੁਤ ਅੱਚਾ।

ਹੁਣ ਪੁੱਛ ਭਾਲ ਸ਼ੁਰੂ ਹੋਈ। ਵਾਅਜ਼ ਦੇਸੀ ਹੀ ਸੀ, ਤੇ ਪਹਿਲਾਂ ਮੁਸਲਮਾਨ ਸੀ ਥੋੜੇ ਚਿਰ ਦਾ ਈਸਾਈ ਹੋਇਆ ਸੀ ਤੇ ਵਹੁਟੀ ਉਸ ਦੀ ਮਿਸ ਭਾਗਣ ਹੁਣੇ ਹੀ ਉਸ ਨਾਲ ਵਿਆਹੀ ਸੀ।

ਬਾਬੇ ਨੇ ਸਾਹਿਬ ਨੂੰ ਹੁਣ ਕੰਨ ਵਿਚ ਕਿਹਾ ਕਿ ਆਪ ਸੱਚ ਝੂਠ ਨਿਤਾਰਨਾ ਚਾਹੁੰਦੇ ਹੋ ਤਾਂ ਵਾਅਜ਼ ਸਾਹਿਬ ਨੂੰ ਜ਼ਰਾ ਦੁਰਾਡੇ ਟੋਰ ਦਿਓ ਤੇ ਫੇਰ ਸਦਵਾ ਲੈਣਾ। ਸਾਹਿਬ ਨੂੰ ਬਾਬੇ ਤੇ ਹੁਣ ਭਰੋਸਾ ਹੋ ਚੁਕਾ ਸੀ, ਮੰਨ ਗਿਆ, ਤੇ ਆਪਣੇ ਵਾਅਜ਼ ਨੂੰ ਦੁਰੇਡੇ ਘੱਲ ਦਿੱਤਾ। ਪਿਛੋਂ ਬਾਬੇ ਨੇ ਕਿਹਾ, ਸਾਹਿਬ ਜੀ! ਤੁਸੀਂ ਹੁਣ ਮੇਮ ਸਾਹਿਬ ਨੂੰ ਆਖੋ ਜੋ ਇਹਨਾਂ ਮਨੁਖਾਂ ਵਿਚੋਂ ਰਾਂਝੇ ਉਤੇ ਹੱਥ ਧਰੇ ਜਿਸ ਨੇ ਇਸ ਨੂੰ ਮਾਰਿਆ ਸੀ। ਸਾਹਿਬ ਦੇ ਕਹਿਣ ਤੇ ਭਾਗਣ ਨੇ ਖੜੋਤੇ ਮਨੁੱਖਾਂ ਵਿਚੋਂ ਤੱਕ-ਤੱਕ, ਜੱਕ-ਜੱਕ, ਰੁੱਕ-ਰੁਕ ਕੇ ਬਾਬੇ ਦੇ ਪੁਤ ਦੇ ਮੋਢੇ ਤੇ ਹੱਥ ਧਰ ਦਿੱਤਾ ਕਿ ਇਹ ਰਾਂਝਾ ਹੈ ਜਿਸ ਮੈਨੂੰ ਮਾਰਿਆ ਸੀ। ਬਾਬੇ ਨੇ ਪੁੱਤ ਨੂੰ ਬਾਹੋਂ ਫੜਕੇ ਸਾਹਿਬ ਦੇ ਕੋਲ ਖੜਾ ਕਰ ਦਿੱਤਾ ਤੇ ਕਿਹਾ ਇਹ ਵੱਖਰਾ ਖੜਾ ਰਹੇ, ਮਤਾਂ ਹੋਰਨਾਂ ਵਿਚ ਰਲ ਜਾਵੇ ਤੇ ਭੁਲੇਖਾ ਪੈ ਜਾਵੇ।

ਫਿਰ ਬਾਬੇ ਨੇ ਕਿਹਾ, ਮੇਮ ਸਾਹਿਬ! ਰਾਂਝੇ ਨੇ ਤੁਹਾਨੂੰ ਚਪੇੜਾਂ ਮਾਰੀਆਂ ਸਨ ਕਿ ਘਸੁੰਨ? ਤੇ ਕਿਥੇ ਮਾਰੀਆਂ ਸਨ?

ਭਾਗਣ - ਮੈਨੂੰ ਬਾਹੋਂ ਫੜਕੇ ਘਸੁੰਨਾਂ ਨਾਲ ਪਿੱਠ ਤੇ ਮਾਰਿਆ ਸੀ ਤੇ ਫੇਰ ਠੁਡਾ ਮਾਰ ਕੇ ਪਟਕਾ ਡੇਗਿਆ ਸੀ।

ਬਾਬਾ - ਸਾਹਿਬ ਜੀ! ਇਹ ਲਿਖ ਲਓ।

(ਫੇਰ ਭਾਗਣ ਵਲ) ਫੇਰ ਭਲਾ ਹੋਵੀ, ਦੱਸ, ਜਿਸ ਵੇਲੇ ਰਾਂਝੇ ਤੈਨੂੰ ਮਾਰਿਆ, ਦਿਨ ਦਾ ਕੇਹੜਾ ਕੁ ਵੇਲਾ ਸੀ?

ਭਾਗਣ - ਅਜੇ ਦੁਪੈਹਰ ਨਹੀਂ ਸੀ ਹੋਈ, ਮੇਰੀ ਘੜੀ ਵਿਚ ਯਾਰਾਂ ਵਜੇ ਸੀ।

ਬਾਬਾ - ਸਾਹਿਬ ਜੀ! ਲਿਖ ਲੈਣਾ।

(ਭਾਗਣ ਨੂੰ) ਫੇਰ ਸਾਈਂ ਤੇਰਾ ਭਲਾ ਕਰੇ, ਤੈਨੂੰ ਪਿੰਡ ਦਿਆਂ ਲੋਕਾਂ ਰਾਂਝੇ ਤੋਂ ਛੁਡਾਇਆ ਸੀ ਕਿ ਆਪੇ ਨੱਸ ਗਈ ਸੈਂ?

ਭਾਗਣ - ਨਹੀਂ, ਮੈਨੂੰ ਰਾਂਝੇ ਨੇ ਆਪੇ ਛੱਡ ਦਿੱਤਾ ਸੀ, ਕਿਸੇ ਨੇ ਛੁਡਾਇਆ ਨਹੀਂ ਸੀ।

ਹੁਣ ਬਾਬੇ ਨੇ ਕਿਹਾ ਸਾਹਿਬ ਜੀ! ਵਾਅਜ਼ ਜੀ ਨੂੰ ਸੱਦ ਲਓ। ਜਦ ਵਾਅਜ਼ ਜੀ ਆਏ। ਤਦ ਬਾਬੇ ਨੇ ਪੁਛਿਆ-

ਵਾਅਜ਼ ਜੀ! ਤੁਸੀਂ ਰਾਂਝੇ ਨੂੰ ਪਛਾਣਦੇ ਹੋ ਤਾਂ ਉਸ ਦੇ ਮੋਢੇ ਤੇ ਹੱਥ ਧਰ ਦਿਓ।

ਵਾਅਜ਼ ਨੇ ਅੱਗੇ ਹੋ ਕੇ ਰਾਂਝੇ ਦੇ ਮੋਢੇ ਤੇ ਹੱਥ ਧਰ ਦਿੱਤਾ। ਬਾਬੇ ਨੇ ਕਿਹਾ, ਹੱਛੀ ਤਰ੍ਹਾਂ ਵੇਖ ਲਓ, ਕਿਤੇ ਭੁਲੇਖਾ ਨਾ ਲੱਗਦਾ ਹੋਵੇ, ਪਰ ਵਾਅਜ਼ ਨੇ ਕਿਹਾ, ਇਹੋ ਰਾਂਝਾ ਹੈ ਠੀਕ। ਹੁਣ ਸਾਹਿਬ ਜੀ ਦਾ ਰੰਗ ਬਦਲਿਆ।

ਬਾਬਾ - ਵਾਅਜ਼ ਸਾਹਿਬ ਜੀ, ਮੇਮ ਸਾਹਿਬ ਨੂੰ ਰਾਂਝੇ ਨੇ ਕਿਥੇ ਕਿੱਦਾ ਮਾਰਿਆ ਸੀ?

ਵਾਅਜ਼ - ਚਪੇੜਾਂ ਨਾਲ ਮਾਰ ਮਾਰ ਕੇ ਦੋਵੇਂ ਗੱਲ੍ਹਾ ਉੱਡਾ ਦਿੱਤੀਆਂ ਸਨ।

ਬਾਬਾ - ਫੇਰ ਜੇ ਤੁਸੀਂ ਨਾ ਛੁਡਾਉਂਦੇ ਤਾਂ ਰਾਂਝਾ ਮਾਰੀ ਜਾਂਦਾ ਕਿ ਆਪੇ ਤੀਮੀਂ ਜ਼ਾਤ ਤੇ ਤਰਸ ਕਰ ਕੇ ਛੱਡ ਦੇਂਦਾ?

ਵਾਅਜ਼ - ਮੈਂ ਨਾ ਛਡਾਉਂਦਾ ਤਾਂ ਉਹ ਮੇਮ ਸਾਹਿਬ ਨੂੰ ਮਾਰ ਹੀ ਸੱਟਦਾ।

ਬਾਬਾ - ਉਸ ਵੇਲੇ ਜੋ ਲੋਕ ਖੜੇ ਸਨ ਉਹਨਾਂ ਵਿਚੋਂ

ਕਿਸੇ ਨੇ ਤ੍ਰੀਮਤ ਨੂੰ ਛੁਡਾਇਆ?

ਵਾਅਜ਼ - ਕਿਸੇ ਨੇ ਨਹੀਂ ਛੁਡਾਇਆ ਸਗੋਂ ਚਿੱਘੀਆਂ ਕਰਦੇ ਸਨ।

ਬਾਬਾ - ਕਿਸ ਕੁ ਵੇਲੇ ਦੀ ਇਹ ਮਾਰ ਪਿਟਾਈ ਦੀ ਗੱਲ ਹੈ?

ਵਾਅਜ਼ - ਲੌਢੇ ਪਹਿਰ ਕੋਈ ਤ੍ਰੈ ਕੁ ਵਜੇ ਦੀ।

ਬਾਬਾ - ਤੈਨੂੰ ਭੀ ਰਾਂਝੇ ਮਾਰਿਆ ਸੀ?

ਵਾਅਜ਼ - ਹਾਂ ਜੀ, ਜਦ ਮੈਂ ਮੇਮ ਸਾਹਿਬ ਨੂੰ ਛੁਡਾਉਣ ਲੱਗਾ ਤਾਂ ਮੈਨੂੰ ਭੀ ਹੂਰੇ ਮਾਰੇ ਸੀ।

ਬਾਬਾ - ਪਹਿਲਾਂ ਲੜਾਈ ਦੀ ਗੱਲ ਬਾਤ ਰਾਂਝੇ ਦੀ ਤੁਹਾਡੇ ਨਾਲ ਹੋਈ ਸੀ ਕਿ ਮੇਮ ਸਾਹਿਬ ਨਾਲ?

ਵਾਅਜ਼ - ਗੱਲ ਤਾਂ ਮੇਰੇ ਨਾਲ ਹੋਈ ਸੀ, ਪਰ ਰਾਂਝਾ ਭੂਏ ਹੋ ਕੇ ਮੇਮ ਸਾਹਿਬ ਦੇ ਗਲ ਜਾ ਪਿਆ।

ਬਾਬਾ - ਸਾਹਿਬ ਜੀ, ਹੁਣ ਆਪ ਵੇਖ ਲਓ। ਜਿਸ ਨੂੰ ਭਾਗਣ ਨੇ ਪਛਾਤਾ ਜੇ ਉਹ ਤਾਂ ਮੇਰਾ ਪੁੱਤ ਹੈ, ਸਿੱਖ ਹੈ ਤੇ ਜਿਸ ਨੂੰ ਵਾਅਜ਼ ਜੀ ਨੇ ਪਛਾਤਾ ਹੈ ਉਹ ਠੀਕ ਰਾਂਝਾ ਹੈ। ਸਾਰੇ ਪਿੰਡ ਤੋਂ ਪੁਛ ਲਓ, ਤੇ ਜਿਹੜਾ ਪੁਲਸ ਦਾ ਸਿਪਾਹੀ ਖੜਾ ਹੈ ਇਹ ਰਾਂਝੇ ਨੂੰ ਜਾਣਦਾ ਹੈ, ਇਸ ਨੂੰ ਪੁਛ ਲਓ ਤੇ ਸਿਖ ਮੁਸਲਮਾਨ ਦੀ ਸੂਰਤ ਦਾ ਫਰਕ ਤੁਸੀਂ ਆਪ ਵੀ ਤੱਕ ਲਓ। ਫੇਰ ਦੇਖ ਲਓ, ਭਾਗਣ ਕਹਿੰਦੀ ਹੈ ਮੈਨੂੰ ਪਿੱਠ ਤੇ ਮਾਰਿਆ, ਵਾਅਜ਼ ਕਹਿੰਦਾ ਹੈ ਚਪੇੜਾਂ ਮੂੰਹ ਤੇ। ਉਹ ਦੱਸਦੀ ਹੈ ਦੁਪਹਿਰਾਂ ਤੋਂ ਪਹਿਲੋਂ, ਉਹ ਕਹਿੰਦਾ ਹੈ ਲੌਢੇ ਪਹਿਰ। ਫੇਰ ਉਹ ਕਹਿੰਦੀ ਹੈ ਮੈਨੂੰ ਕਿਸੇ ਨਹੀਂ ਛੁਡਾਇਆ। ਇਹ ਕਹਿੰਦਾ ਹੈ ਮੈਂ ਛੁਡਾਇਆ, ਫੇਰ ਇਹ ਆਖਦਾ ਹੈ ਬੋਲ ਚਾਲ ਮੇਰੇ ਨਾਲ ਹੋਈ ਤੇ ਰਾਂਝਾ ਜਾ ਪਿਆ ਮੇਮ ਦੇ ਗਲ, ਹੁਣ ਸੱਚ ਨਿਆਂ ਤੁਸੀਂ ਆਪ ਸੋਚ ਲਓ।

ਸਾਹਿਬ - (ਲਾਲ ਅੰਗਾਰਾ ਹੋ ਕੇ) ਵਾਅਜ਼, ਤੁਮ ਨੇ ਹਮ ਕੋ ਬਹੁਤ ਦੋਕਾ (ਧੋਖਾ) ਦੀਆ। ਵੈਲ ਬਾਬਾ! ਤੁਮ ਬਤਾਓ! ਅਸਲ ਬਾਤ ਕਿਆ ਹੈ?

ਬਾਬਾ - ਗੱਲਾਂ ਕਰਦਿਆਂ ਵਾਅਜ਼ ਜੀ ਨੇ ਮੁਸਲਮਾਨਾਂ ਦੇ ਰਸੂਲ ਤੇ ਬੀਬੀ ਆਇਸ਼ਾਂ ਨਾਲ ਵਿਆਹ ਦੀ ਗਲ ਬਹੁਤ ਬੇਅਦਬੀ ਨਾਲ ਕੀਤੀ, ਤੇ ਰਾਂਝੇ ਨੇ ਤਮਕ ਖਾ ਕੇ ਈਸਾ ਜੀ ਦੇ ਜਨਮ ਬਾਬਤ ਬੇਅਦਬੀ ਦੇ ਵਾਕ ਆਖੇ, ਪਰ ਇਸ ਤੋਂ ਵੱਧ ਕੁਛ ਨਹੀਂ ਹੋਇਆ, ਸਾਰੇ ਪਿੰਡ ਨੂੰ ਪੁਛ ਲਓ। ਇਸ ਵੇਲੇ ਸਾਰੇ ਖੜੇ ਲੋਕ ਬੋਲ ਪਏ ਕਿ ਠੀਕ ਸਾਹਿਬ ਜੀ! ਏਤਨੀ ਬਾਤ ਹੀ ਹੋਈ ਹੈ।

ਸਾਹਿਬ - ਵੈਲ ਬਾਬਾ! ਰਾਂਝੇ ਨੇ ਹਮਾਰੇ ਖੁਦਾ ਕੇ ਬੇਟੇ ਕੋ ਗਾਲ ਦੀ, ਇਸ ਕੋ ਸਜ਼ਾ ਚਾਹੀਏ।

ਬਾਬਾ - ਇਸ ਨੇ ਮਾੜਾ ਕੀਤਾ। ਇਸ ਗੱਲ ਦਾ ਡੰਡ ਦਿਓ। ਤੁਸੀਂ ਨਾਂ ਦਿਓਗੇ ਤਾਂ ਅਸੀਂ ਬਿਰਾਦਰੀ ਵਿਚ ਦਿਆਂਗੇ। ਗਾਲ ਦੇਣੀ ਸਾਡੇ ਪਿੰਡ ਵਿਚ ਮਨ੍ਹੇਂ ਹੈ ਤੇ ਫੇਰ ਕਿਸੇ ਧਰਮ ਦੇ ਵਡੇ ਨੂੰ?

ਸਾਹਿਬ - ਤੁਮ ਬਹੁਤ ਅੱਛਾ ਹੈ।

ਰਾਂਝਾ - ਸਾਹਿਬ ਜੀ! ਈਸਾ ਜੀ ਨੂੰ ਅਸੀਂ ਮੁਸਲਮਾਨ ਪਿਕੰਬਰ ਮੰਨਦੇ ਹਾਂ, ਮੇਰੇ ਕੋਲੋਂ ਉਸ ਵੇਲੇ ਗੁੱਸੇ ਵਿਚ ਬੇਅਦਬੀ ਹੋ ਗਈ ਹੈ, ਮੈਂ ਹੁਣ ਸਮਝਦਾ ਹਾਂ, ਮੈਂ ਆਪਣੇ ਪਿਕੰਬਰ ਦੀ ਕਾਸ ਨੂੰ ਬੇਅਦਬੀ ਕੀਤੀ, ਪਰ ਗੁੱਸਾ ਬੁਰਾ ਹੈ, ਇਹ ਭੁੱਲਾਂ ਕਰਾ ਦੇਂਦਾ ਹੈ।

ਸਾਹਿਬ - ਫਿਰ ਤੁਮ ਕੋ ਕਿਆ ਸਜ਼ਾ?

ਰਾਂਝਾ - ਜੋ ਜੀ ਕਰੇ।

ਸਾਹਿਬ - ਬਾਬਾ! ਤੁਮ ਬੋਲੋ।

ਬਾਬਾ - ਇਹ ਆਪ ਤੋਂ ਮਾਫੀ ਮੰਗ ਲਵੇ ਤੇ ਆਪ ਮਾਫ ਕਰ ਦਿਓ।

ਗੱਲ ਕੀ ਰਾਂਝੇ ਮਾਫੀ ਮੰਗ ਲਈ, ਸਾਹਿਬ ਨੇ ਮਾਫ ਕਰ ਦਿੱਤਾ।

ਹੁਣ ਸਾਹਿਬ ਨੇ ਵਾਅਜ਼ ਨੂੰ ਕਿਹਾ, ਤੁਮ ਮੌਕੂਫ, ਚਲੇ ਜਾਓ, ਹਮ ਨਾਰਾਜ਼।

ਵਾਅਜ਼ ਤੇ ਭਾਗਣ ਦਾ ਰੰਗ ਪੀਲਾ ਹੋ ਗਿਆ। ਗਿੱਚੀ ਸੁਟ ਕੇ ਜ਼ਰਾ ਪਰੇ ਹੋ ਗਏ।

ਬਾਬਾ - ਸਾਹਿਬ ਜੀ! ਜੇ ਮੇਰੀ ਗੱਲ ਸੁਣੋ ਤਾਂ ਇੰਵ ਨਾ ਕਰੋ। ਇਸ ਨੂੰ ਭੀ ਮਾਫ ਕਰੋ।

ਸਾਹਿਬ - ਇਸਨੇ ਝੂਠ ਬੋਲਾ। ਝੂਠੇ ਕੋ ਕੈਸੇ ਮਾਫ ਕਰੇਗਾ।

ਬਾਬਾ - ਠੀਕ ਹੈ! ਪਰ ਬੰਦਾ ਭੁਲਣਹਾਰ ਹੈ। ਸਾਡੇ ਰਾਂਝੇ ਕਰਕੇ ਇਸ ਬੰਦੇ ਨੂੰ ਦੁੱਖ ਮਿਲਦਾ ਹੈ। ਤੁਸੀਂ ਸਾਡੀ ਖਾਤਰ ਮਾਫ ਕਰੋ ਤੇ ਮੱਤ ਦੇ ਕੇ ਸੱਚ ਦਾ ਪਿਆਰਾ ਬਨਾਓ। ਮੇਰੀ ਸਮਝੇ ਇਹ ਆਇਆ ਹੈ ਕਿ ਮਨੁੱਖ ਇਕ ਪਸ਼ੂ ਹੈ ਤੇ ਅਕਲ ਪਾ ਕੇ ਭੀ ਆਪਣੀ ਬਿਰਤੀ ਨੂੰ ਪਸ਼ੂ ਰੱਖਦਾ ਹੈ। ਨਾਂ ਤਾਂ ਧਰਮ ਤੇ ਟੁਰਦਾ ਹੈ ਨਾ ਸੰਤੋਖ ਅਤੇ ਦਇਆ ਤੇ ਟੁਰਦਾ ਹੈ, ਇਸ ਕਰਕੇ ਨਾਂ ਮਨੁੱਖ ਬਣਦਾ ਹੈ ਨਾਂ ਦੇਵਤਾ। ਕੀ ਹਿੰਦੂ ਕੀ ਮੁਸਲਮਾਨ, ਕੀ ਈਸਾਈ ਤੇ ਕੀ ਹੋਰ ਮਤਾਂ ਦੇ ਲੋਕੀ ਅਕਸਰ ਬਿਰਤੀਆਂ ਪਸ਼ੂਆਂ ਵਰਗੀਆਂ ਰਖਦੇ ਹਨ, ਢੂੰਡ ਮਾਰਕੇ ਦੂਸਰੇ ਦਾ ਹੱਕ ਖੋਹ ਲੈਂਦੇ ਹਨ, ਧੱਕਾ ਕਰਦੇ ਹਨ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਦੇ ਵੱਸ ਵਿਚ ਪਏ ਫਿਰਦੇ ਹਨ। ਕਿਤੇ ਕਿਤੇ ਕੋਈ ਹੈ ਜਿਸ ਨੂੰ ਧਰਮ, ਦਇਆ ਤੇ ਸੰਤੋਖ ਦੀ ਸੋਝੀ ਆਈ ਹੈ, ਸੋ ਉਹ ਸੁਖੀ ਹੈ ਤੇ ਸੱਚ ਨੂੰ ਪਿਆਰ ਕਰਦਾ

ਹੈ। ਸਾਹਿਬ ਜੀ! ਅਸੀਂ ਲੋਕ ਜੋ ਕਿਸੇ ਨੂੰ ਸਿਖ, ਕਿਸੇ ਨੂੰ ਈਸਾਈ, ਕਿਸੇ ਨੂੰ ਮੁਸਲਮਾਨ ਤੇ ਕਿਸੇ ਨੂੰ ਆਰਯਾ ਬਣਾ ਲੈਂਦੇ ਹਾਂ ਐਵੇਂ ਸੂਰਤਾਂ ਬਦਲਦੇ ਹਾਂ, ਸੁਭਾਉ ਨਹੀਂ ਕਿਸੇ ਦਾ ਬਦਲਦੇ। ਇਸੇ ਭੁੱਲ ਕਰਕੇ ਸਾਰੇ ਧਰਮਾਂ ਦੇ ਉਪਦੇਸ਼ਕ ਆਪੋ ਵਿਚ ਪਏ ਡਾਂਗੋ ਡਾਂਗੀ ਹੁੰਦੇ ਹਨ, ਵਿਦਯਾ ਭੀ ਪਾਉਂਦੇ ਹਨ, ਪਰ ਵਿਦਯਾ ਸੁਭਾਵ ਨਹੀਂ ਪਈ ਬਦਲਦੀ, ਉਹੋ ਜਿਹੀ ਬਿਰਤੀ ਰਹਿੰਦੀ ਹੈ, ਸਗੋਂ ਪਸ਼ੂ ਬਿਰਤੀ ਤ੍ਰਿੱਖੀ ਹੋ ਜਾਂਦੀ ਹੈ। ਸੰਸਾਰ ਵਿਚ ਕਾਲੀ ਰਾਤ ਪੈ ਰਹੀ ਹੈ। ਸੁਹਣੀਆਂ ਸੂਰਤਾਂ, ਸੁਹਣੇ ਕੱਪੜੇ, ਸੁਹਣੀਆਂ ਗੱਲਾਂ ਦਿੱਸਦੀਆਂ ਹਨ, ਸਮਝੀਦਾ ਹੈ ਇਹ ਬੜੇ ਚੰਗੇ ਹਨ, ਪਰ–

***"ਬਾਹਰਿ ਦਿਸੈ ਚਾਨਣਾ, ਦਿਲਿ ਅੰਧਿਆਰੀ ਰਾਤਿ॥"***

ਕਿਸੇ ਨੂੰ ਸ਼ੌਕ ਨਹੀਂ ਜੋ ਮੇਰਾ ਦਿਲ ਸਾਬਤ ਹੋ ਜਾਵੇ, ਤੇ ਸਾਬਤ ਦਿਲ ਬਿਨਾਂ ਨਾਂ ਖੁਦਾ ਨਾਂ ਸੁਖ। ਸੋ ਜਦ ਸਾਰੇ ਇਹੋ ਗੱਲ ਵਰਤ ਰਹੀ ਹੈ ਤਾਂ ਕੀ ਗੁੱਸਾ। ਮਾਫ ਕਰਨਾ ਤੇ ਸਮਝਾਉਣਾ ਤੇ ਸਿੱਧੇ ਰਸਤੇ ਟੋਰਨਾ, ਇਹੋ ਹੀ ਚੰਗੀ ਗੱਲ ਹੈ। ਵਾਅਜ਼ ਜੀ ਨੂੰ ਆਖੋ ਕਿ ਰਾਂਝੇ ਦੇ ਰਸੂਲ ਨੂੰ ਜੋ ਗਾਲੀ ਦਿਤੀ ਸੂ ਇਸ ਦੀ ਮਾਫੀ ਮੰਗੇ ਤੇ ਜੋ ਤੁਸਾਂ ਪਾਸ ਝੂਠ ਬੋਲਿਆ ਸੂ ਤੁਸਾਂ ਤੋਂ ਮਾਫੀ ਮੰਗੇ। ਅੱਗੇ ਨੂੰ ਜੇ ਇਸ ਵਿਚ ਵੈਰਾਗ ਤੇ ਪਰਮੇਸ਼ਰ ਦਾ ਪਿਆਰ ਆ ਜਾਵੇ ਤਾਂ ਧਰਮ ਦਾ ਕੰਮ ਲਓ, ਨਹੀਂ ਤਾਂ ਕੋਈ ਹੱਟੀ ਪੱਟੀ ਕਿਰਤ ਲਾ ਦਿਓ ਸੂ ਜੋ ਦਸਾਂ ਨਵ੍ਹਾਂ ਦੀ ਕਿਰਤ ਕਰਕੇ ਖਾਵੇ ਤੇ ਧਰਮ ਦੀ ਪਛਾਣ ਆਵੇ। ਅਸਲ ਵਿਚ ਮਾੜਿਆਂ ਕੰਮਾਂ ਵਲੋਂ ਵੈਰਾਗ ਬਿਰਤੀ ਹੋਏ ਤੋਂ ਬਿਨਾਂ ਤੇ "ਵਾਹਿਗੁਰੂ ਨਾਲ ਪਿਆਰ" ਲੱਗੇ ਤੋਂ ਬਿਨਾਂ ਤੇ ਅੱਠੇ ਪਹਿਰ ਪਰਮੇਸ਼ਰ ਦੀ ਹਜ਼ੂਰੀ ਵਿਚ ਵੱਸੇ ਤੋਂ ਬਿਨਾਂ ਜੋ ਉਪਦੇਸ਼ ਕਰੇਗਾ, ਚਾਹੇ ਕਿਸੇ ਮਤ ਦਾ ਹੋਵੇ, ਸੋ ਹੱਟੀ ਟੋਰੇਗਾ, ਧਰਮ ਦਾ ਪ੍ਰਚਾਰ ਨਹੀਂ ਕਰੇਗਾ, ਲੋਕਾਂ ਦੇ ਸੁਭਾਵ ਨਹੀਂ ਬਦਲਾਏਗਾ, ਪਸੂ ਬਿਰਤੀਆਂ ਨੂੰ ਦੇਵ ਬਿਰਤੀਆਂ ਨਹੀਂ ਬਨਾਏਗਾ। ਹੁਣ ਅੱਜ ਕੱਲ ਸਾਰੇ ਧਰਮਾਂ ਵਾਲੇ ਮਾੜੇ ਕਰਮਾਂ ਤੋਂ ਵੈਰਾਗ ਤੇ ਭਲਿਆਂ ਕਰਮਾਂ ਨਾਲ ਪ੍ਰੇਮ ਤੋਂ ਖਾਲੀ ਪੁਰਖਾਂ ਨੂੰ ਨਿਰੀਆਂ ਚਾਤੁਰੀਆਂ ਸਿਖਾ ਕੇ ਧਰਮ ਦੀ ਗਾਧੀ ਤੇ ਬਿਠਾ ਦੇਂਦੇ ਹਨ। ਓਹ ਬੈੜ ਬੀ ਤੋੜ ਘੱਤਦੇ ਹਨ, ਮਹਾਲ ਬੀ ਅੜਾ ਦੇਂਦੇ ਹਨ, ਢੋਲ ਝੁਹੱਕਲੀ ਵੀ ਭੰਨ ਘੱਤਦੇ ਹਨ, ਬੌਲਦ ਬੀ ਨਸਾ ਦੇਂਦੇ ਹਨ ਤੇ ਆਪ ਭੀ ਸੱਟਾਂ ਨਾਲ ਚੂਰ ਹੋ ਜਾਂਦੇ ਹਨ। ਅੱਗੋਂ ਆਪ ਸਿਆਣੇ ਹੋ, ਜਿਵੇਂ ਚਿਤ ਕਰੇ ਕਰੋ। ਮੈਂ ਤਾਂ ਇਹੋ ਗੱਲ ਜਾਂਣਦਾ ਹਾਂ ਕਿ –

ਕਿਰਤ ਕਰਨੀ,

ਵੰਡ ਛਕਣਾ ਤੇ

ਨਾਮ ਜਪਣਾ

ਇਹ ਸਿੱਧਾ ਰਸਤਾ ਹੈ, ਲੋਕ ਭੀ ਸੁਖੀ ਤੇ ਪਰਲੋਕ ਭੀ ਸੁਖੀ, ਹੁਣ ਆਪ ਇਸ ਨੂੰ ਮਾਫ ਕਰੋ, ਅਸਾਂ ਮਾਫ ਕੀਤਾ।

ਸਾਹਿਬ – ਬਾਬਾ! ਤੁਮ ਅੱਚਾ ਲੋਗ ਹੈ, ਵਾਅਜ਼! ਰਾਂਝੇ ਸੇ ਮਾਫੀ ਮਾਂਗੋ।

ਜਾਂ ਵਆਜ਼ ਨੇ ਮਾਫੀ ਮੰਗੀ ਤਾਂ ਰਾਂਝਾ ਬਾਬੇ ਦੀਆਂ ਸੋਹਬਤਾਂ ਵਿਚ ਪਿਆਰ ਦਾ ਜਾਣੂੰ ਸੀ, ਜੱਫੀ ਪਾ ਬੈਠਾ ਤੇ ਬੋਲਿਆ – ਤੂੰ ਮੈਨੂੰ ਬਖਸ਼ਿਆ ਮੈਂ ਤੈਨੂੰ। ਰੱਬ ਸਾਥੋਂ ਫੇਰ ਭੁੱਲ ਨਾ ਕਰਾਵੇ।

ਹੁਣ ਸਾਹਿਬ ਨੇ ਭੀ ਮਾਫੀ ਦਿੱਤੀ, ਪਰ ਆਖਿਆ ਕਿ "ਫਿਰ ਕਬੀ ਝੂਟ ਬੋਲਾ ਤੋ ਕੈਦ ਕਰਾਏਗਾ।"

ਇਸ ਤਰ੍ਹਾਂ ਇਹ ਗੱਲ ਮੁੱਕੀ। ਸਾਹਿਬ ਜੀ ਨੂੰ ਇਸ ਪਿੰਡ ਦਾ ਪਿਆਰ ਵੇਖਕੇ ਪੰਜਾਬੀ ਸਿੱਧੇ ਪੱਧਰੇ ਪੁਰਾਣੇ ਲੋਕਾਂ ਦਾ ਵਤੀਰਾ ਪਸੰਦ ਆਇਆ। ਉਹ ਜੋ ਸਮਝਦਾ ਸੀ ਕਿ ਪੁਰਾਣੇ ਪੰਜਾਬੀ ਵਹੂਸ਼ (ਵਹਿਸ਼ੀ) ਜੇਹੇ ਹਨ, ਅਜ ਸਮਝਿਓਸੁ ਕਿ ਇਹ ਲੋਕ ਸਾਫ ਦਿਲ ਹਨ ਤੇ ਪਿਆਰ ਵਾਲੇ ਹਨ। ਪਰ ਉਹ ਜੋ ਆਪਣੇ ਧਰਮ ਲਈ ਤਅੱਸਬ ਦਾ ਭਾਵ ਸੀ ਉਹ ਪਾਦਰੀ ਦੇ ਅੰਦਰ ਬੀ ਕਾਫੀ ਸੀ ਤੇ ਕਈ ਵੇਰ ਪਾਟ ਨਿਕਲਦਾ ਸੀ, ਏਸੇ ਕਰਕੇ ਉਸ ਦੇ ਮਾਤਹਿਤ ਭੂਏ ਹੋ ਜਾਂਦੇ ਤੇ ਵਧੀਕੀਆਂ ਕਰ ਬੈਠਦੇ ਸਨ। ਗੱਲ ਕੀ, ਪਾਦਰੀ ਜੀ ਖਾਤਰ ਨਾਲ ਵਿਦਾ ਹੋਏ, ਪਰ ਜਾਣ ਲੱਗੇ ਸਾਹਿਬ ਨੇ ਬਾਬੇ ਨੂੰ ਪੁਛਿਆ, ਤੁਮ ਨਹੀਂ ਚਾਹਤਾ ਕਿ ਸਭ ਲੋਕ ਸੀਕ (ਸਿੱਖ) ਹੋ ਜਾਏਂ, ਹਮ ਤੋ ਸਾਰੇ ਜਹਾਨ ਕੋ ਈਸਾਈ ਕਰੇਗਾ।

ਬਾਬਾ – ਮੈਂ ਚਾਹੁੰਦਾ ਹਾਂ ਸਭ ਕੋਈ ਸਿਖ ਹੋਵੇ, ਪਰ ਮੈਂ ਬੰਦੇ ਨੂੰ ਸਿੱਖ ਇਸ ਲਈ ਕਰਨਾ ਚਾਹੁੰਦਾ ਹਾਂ ਕਿ ਉਹ ਲੋਕ ਪ੍ਰਲੋਕ ਦੋਹੀ ਥਾਈਂ ਸੁਖੀ ਹੋਵੇ। ਬੰਦਾ ਸੁਖੀ ਪਿਆਰ ਨਾਲ ਹੁੰਦਾ ਹੈ, ਸੋ ਸਿੱਖੀ ਦਾ ਪ੍ਰਚਾਰ ਮੈਂ ਪਿਆਰ ਨਾਲ ਚਾਹੁੰਦਾ ਹਾਂ। ਕਿਉਂਕਿ ਸਿੱਖ ਉਹੋ ਹੈ ਜੋ ਪਿਆਰ ਤੇ ਸੱਚ ਸਿਖਦਾ ਹੈ। ਧਰਮ ਦੇ ਪ੍ਰਚਾਰ ਵਿਚ ਧੱਕਾ ਤੇ ਕੋਈ ਐਸਾ ਕੰਮ ਜੋ ਧਰਮ ਦਾ ਨਹੀਂ ਮੈਂ ਪਸੰਦ ਨਹੀਂ ਕਰਦਾ, ਕਿਉਂਕਿ ਫੇਰ ਬਿਰਤੀ ਤਾਂ ਧਰਮ ਵਾਲੀ ਨਾਂ ਬਣੀ। ਆਪੋ ਵਿਚ ਜੋ ਧਰਮ ਦੇ ਪ੍ਰਚਾਰਕਾਂ ਵਿਚ ਈਰਖਾ, ਵੈਰ, ਮਾੜੇ ਵਾਕ, ਨਿੰਦਯਾ ਤੇ ਸੂਗ ਹੈ, ਇਹ ਮੈਂ ਰੱਬ ਦੇ ਗੁਣ ਨਹੀਂ ਸਮਝਦਾ ਇਹ ਮਾੜੇ ਕਰਮ ਹਨ। ਰੱਬ ਦੇ ਸਿਪਾਹੀ ਮਾੜੇ ਕਰਮਾਂ ਦਾ ਦਾਰੂ ਸਿੱਕਾ ਨਹੀਂ ਵਰਤ ਸਕਦੇ, ਜੇ ਵਰਤਦੇ ਹਨ ਤਾਂ ਉਹ ਰੱਬ ਜੀ ਦੇ ਨਹੀਂ ਹਨ।

ਸਾਹਿਬ – ਬਹੁਤ ਠੀਕ ਹੈ। ਸੀਕ ਲੋਕ ਅੱਚਾ ਹੈ, ਸੱਚਾ ਹੈ, ਬਹਾਦਰ ਹੈ, ਹਮਾਰੀ ਫੌਜ ਮੇਂ ਖੂਬ ਲੜਤਾ ਹੈ। ਤੁਮ ਹਮ ਦੋਸਤ। ਹਮ ਮਿਲਾ ਕਰੇਂਗੇ।

ਐਉਂ ਬਾਬਾ ਜੀ ਤੇ ਸਾਹਿਬ ਜੀ ਮਿੱਤ੍ਰ ਬਣਕੇ ਵਿਦਾ ਹੋਏ, ਤੇ ਪਿੰਡ ਵਿਚ ਠੰਢ ਵਰਤੀ।

# ਜੇਲ੍ਹ ਚਿੱਠੀਆਂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

## ਸੋਨਾ ਬਣਾਉਣ ਦੀ ਅਜੀਬ ਕਥਾ

### ਭਾਈ ਹੀਰਾ ਸਿੰਘ ਚਰੜ ਨਾਲ ਨਾਮ ਸਬੰਧੀ ਗੱਲਬਾਤ

ਅਸੀਂ ਓਥੇ ਜਾ ਕੇ ਹੋਰ ਭੀ ਅਨੰਦਤ ਹੋਏ। ਕਈ ਬਿਘਿਆਂ ਦਾ ਖੁਲ੍ਹਾ ਹਾਤਾ। ਚਾਰਦੀਵਾਰੀ ਵਿਹੜੇ ਵਾਗਲੇ ਤੋਂ ਰਹਿਤ ਖੁਲ੍ਹੇ ਬਰਾਂਡੇ ਵਾਲੀਆਂ ਤੀਹ ਚਾਲੀ ਕੋਠੀਆਂ। ਪ੍ਰਸ਼ਾਦਾ ਸਜਾਉਣ ਲਈ ਬਾਹਰਵਾਰ ਲੰਗਰ ਅਸਥਾਨ ਬਰਾਮਦੇ ਵਿਚ ਹੀ। ਹੋਰ ਸਭ ਕੋਠੀਆਂ ਖਾਲੀ। ਏਵਡ ਗੁੰਜਾਨ ਗੁਫਾ ਉਦਿਆਨੀ ਹਾਤੇ ਵਿਚ ਅਸੀਂ ਦੋਨੋਂ ਹੀ ਗੂੰਜੀਏ ਗੱਜੀਏ। ਕੀਰਤਨ ਕਥਾ ਵਾਰਤਾਲਾਪ ਦੇ ਪ੍ਰਸਪਰ ਲਾਹੇ ਲਈਏ ਲਵਾਈਏ। ਭਾਈ ਹੀਰਾ ਸਿੰਘ ਜੀ ਬੜੇ ਪੁਰਤਾਨ ਪਰਉਪਕਾਰੀ ਸੱਜਣ ਸਨ, ਇਨ੍ਹਾਂ ਨੇ ਦੇਸ਼ ਭਗਤੀ ਨਮਿਤ ਪਰਉਪਕਾਰ ਕਰੇਂਦਿਆਂ ਬੜੀਆਂ ਬੜੀਆਂ ਬਿਕਰਾਲ ਮੁਸੀਬਤਾਂ ਝੱਲੀਆਂ ਸਨ। ਐਥੇ ਤਾਈਂ ਕਿ ਇਨ੍ਹਾਂ ਦਾ ਸਰੀਰ ਅਤਿਅੰਤ ਹੀ ਖੀਨ ਖੁਰੀਨ ਅਤੇ ਜਰੀਨ ਜਜਰੀਨ ਹੋ ਚੁੱਕਾ ਸੀ। ਕਈ ਲੱਖਾਂ ਦੀ ਜਾਇਦਾਦ ਇਨ੍ਹਾਂ ਦੀ ਖਸਤਾ ਖਰਾਬ ਹੋ ਚੁਕੀ ਸੀ। ਫੇਰ ਭੀ ਅੱਜ ਲੱਖਾਂ ਦੇ ਮਾਲਕ ਸਨ, ਪਰ ਇਨ੍ਹਾਂ ਦੀ ਸਿਹਤ ਬਿਲਕੁਲ ਰਹਿ ਚੁੱਕੀ ਹੋਈ ਸੀ। ਜਗਜੀਵਨ ਦੀ ਆਸ ਉਕੀ ਹੀ ਮਿਟ ਗਈ ਹੋਈ ਸੀ। ਇਨ੍ਹਾਂ ਦੀ ਬਹੁਤ ਚਿਰਾਂ ਦੀ ਤੀਬਰ ਲੋਚਾ ਸੀ ਕਿ ਕੋਈ ਇਕਾਂਤ ਸਮਾਂ ਮਿਲੇ ਤਾਂ ਜਿਗਰ ਦੀਆਂ ਘੁੰਡੀਆਂ ਮੇਰੇ ਕੋਲ ਖੋਹਲਣ। ਸੋ ਇਹ ਅਵਸਰ ਉਨ੍ਹਾਂ ਦੀ ਸੁਹਿਰਦ ਸ਼ਰਧਾ ਭਾਵਨੀ ਕਰਕੇ ਹੀ ਆਣ ਪ੍ਰਾਪਤ ਹੋਇਆ। ਕੋਲੋ ਕੋਲੀ ਹੀ ਅਸਾਡੀਆਂ ਕੋਠੀਆਂ ਸਨ। ਇਕ ਰਾਤ ਅਵਸਰ ਪਾ ਕੇ ਜਦ ਇਨ੍ਹਾਂ ਮੈਨੂੰ ਸ਼ਬਦ (ਨਾਮ ਅਭਿਆਸ) ਧੁਨੀ ਵਿਚ ਮਸਤ ਬੈਠੇ ਪ੍ਰਤੀਤ ਕੀਤਾ ਤਾਂ ਇਨ੍ਹਾਂ ਆਪਣੇ ਪ੍ਰਮਾਰਥ ਪੰਥ ਵੈਰਾਗ ਦੀ ਕਥਾ ਛੇੜੀ ਅਤੇ ਵੈਰਾਗ ਪੂਰਨ ਨੀਰ ਉਤਕੰਠ ਹੋ ਕੇ ਝੀਣੇ ਵੈਣ ਕਹਿਣ ਲੱਗੇ ਕਿ ਮੈਨੂੰ ਚਿਰਕਾਲ (ਵਰ੍ਹਿਆਂ ਬੱਧੀ) ਬਤੀਤ ਹੋ ਗਏ ਭਜਨ ਅਭਿਆਸ ਕਰਦਿਆਂ, ਪਰ ਮੈਂ ਕੋਰੇ ਦਾ ਕੋਰਾ ਹੀ ਰਿਹਾ ਹਾਂ। ਹੁਣ ਜੀਵਨ ਦਾ ਸਾਹਸ ਭੀ ਬਾਕੀ ਨਹੀਂ।

ਦਾਸ ਨੇ ਉਨ੍ਹਾਂ ਪ੍ਰਤੀ ਪ੍ਰੇਮ ਦ੍ਰਵੀ ਹੋ ਕੇ ਆਖਿਆ ਕਿ ਵੀਰ ਜੀ! ਤੁਸੀਂ ਭਜਨ ਅਭਿਆਸ ਆਖਦੇ ਹੋ ਉਹ ਤਾਂ ਭਜਨ ਹੀ ਨਹੀਂ ਅਤੇ ਗੁਰਮਤਿ ਨਾਮ ਅਭਿਆਸ ਭਗਤੀ ਤੋਂ ਕੋਸੋਂ ਦੂਰ ਬਲਕਿ ਐਨ ਉਲਟ ਹੈ। ਤੁਸੀਂ 'ਸੋਹੰ' ਦਾ ਅਭਿਆਸ ਕਰਦੇ ਹੋ ਸੋ ਇਸ ਨਾਲ ਤਾਂ ਹੰਗਤਾ ਹੀ ਵਧਣੀ ਸੀ। ਵੀਰ ਹੀਰਾ ਸਿੰਘ ਜੀ ਇਹ ਸੁਣ ਕੇ ਠਠੰਬਰ ਗਏ ਅਤੇ ਹੈਰਤ ਵਿਚ ਆ ਕੇ ਆਖਣ ਲੱਗੇ ਕਿ ਭਾਈ ਸਾਹਿਬ ਜੀ! ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਮੈਂ 'ਸੋਹੰ' ਦਾ ਅਭਿਆਸ ਕਰਦਾ ਹਾਂ। ਮੈਂ ਤਾਂ ਅੱਜ ਤਾਈਂ ਕਿਸੇ ਨੂੰ ਜਤਾਇਆ ਹੀ ਨਹੀਂ ਅਤੇ ਪਤਾ ਹੀ ਨਹੀਂ ਲਗਣ ਦਿਤਾ ਕਿ ਕਦੋਂ ਦਾ ਮੈਂ 'ਸੋਹੰ' ਦਾ ਅਭਿਆਸੀ ਹਾਂ। ਤੁਸੀਂ ਕਿਸ ਬਿਧ ਜਾਣਿਆ? ਤਾਂ ਮੈਂ ਆਖਿਆ, ਇਹ ਗੁਰਮਤਿ ਨਾਮ ਅਭਿਆਸ ਕਲਾ ਦੀ ਬਰਕਤ ਹੈ ਜਿਸ ਪ੍ਰਤਾਪ ਕਰ ਸੁਖੈਨ ਹੀ ਆਪ ਦੀ ਅੰਤਰ ਬਿਰਤੀ ਬੁਝੀ ਗਈ। ਗੁਰਮਤਿ ਨਾਮ ਅਭਿਆਸੀਆਂ ਨੂੰ ਆਪਣੇ ਨਿਕਟਵਰਤੀ ਜਗਿਆਸੂਆਂ ਦੀ ਅੰਤਰਗਤੀ ਦੇ ਬਿਰਤੰਤ ਸਹਿਜ ਸੁਭਾਵ ਹੀ ਪ੍ਰਗਟ ਪਹਾਰੇ ਜਾਪਣ ਲਗ ਪੈਂਦੇ ਹਨ। ਆਪ ਦੀ ਹਾਲਤ ਬੜੀ ਹੀ ਤਰਸਯੋਗ ਹੈ ਕਿ ਇਤਨਾ ਅਮੋਲਕ ਸਮਾਂ ਬਿਰਥੀ ਘਾਲਣਾ ਵਿਚ ਹੀ ਗਵਾਇਆ। ਫੇਰ ਵੀਰ ਹੀਰਾ ਸਿੰਘ ਜੀ ਘਿਗਿਆ ਉਠੇ ਕਿ ਕਿਵੇਂ ਗੁਰਮਤਿ ਨਾਮ ਦੀ ਪ੍ਰਾਪਤੀ ਹੋਵੇ। ਦਾਸ ਨੇ ਉਨ੍ਹਾਂ ਪ੍ਰਤੀ ਕੋਰੇ ਕਰਾਰੇ ਹੋ ਕੇ ਆਖ ਦਿਤਾ ਕਿ ਕੇਵਲ ਪੰਜਾਂ ਪਿਆਰਿਆਂ ਨੂੰ ਹੀ ਗੁਰਮਤਿ ਨਾਮ ਦ੍ਰਿੜ੍ਹਾਵਣ ਦਾ ਅਧਿਕਾਰ ਹੈ ਅਤੇ ਇਸ ਬਿਧ ਦ੍ਰਿੜ੍ਹਾਇਆ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ। ਬਿਰਧ ਹੀਰਾ ਸਿੰਘ ਜੀ ਫੇਰ ਡਡਿਆ ਉਠੇ ਕਿ ਮੇਰੀ ਜ਼ਿੰਦਗੀ ਤਾਂ ਜੇਲ੍ਹ ਅੰਦਰ ਹੀ ਖਤਮ ਹੋ ਜਾਣੀ ਹੈ। ਪੰਜਾਂ ਪਿਆਰਿਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਾਲਾ ਸਮਾਗਮ ਤਾਂ ਬਾਬਰ ਗਿਆਂ ਹੀ ਪ੍ਰਾਪਤ ਹੋ ਸਕਦਾ ਹੈ। ਮੇਰੀ ਬਾਹੁੜੀ ਕਿਵੇਂ ਹੋਵੇ? ਗੁਰੂ ਕੇ ਸਿੱਖਾਂ ਨੂੰ ਬੜੀਆਂ ਬੜੀਆਂ ਤੌਫੀਕਾਂ ਹਨ। ਖਾਸ ਮੁਸਤਸਨਾ ਹਾਲਤਾਂ ਭੀ ਹੁੰਦੀਆਂ ਹਨ। ਕੀ ਮੈਂ ਖਾਲੀ ਹੀ ਜਾਵਾਂ? ਇਸ ਪ੍ਰਕਾਰ ਉਹ ਅਤਿਅੰਤ ਹੀ ਵਿਆਕੁਲ ਹੋ ਹੋ ਹਾਵੇ ਭਰਨ।

### ਭਾਈ ਹੀਰਾ ਸਿੰਘ ਲਈ ਨਾਮ ਦੀ ਪ੍ਰਾਪਤੀ ਵਾਸਤੇ ਅਰਦਾਸ

ਦਾਸ ਨੂੰ ਅੰਦਰੋਂ ਉਕਸਾਹਟ ਹੋਈ ਕਿ ਗੁਰੂ ਅੱਗੇ ਇਸ ਨਮਿਤ ਗੁਪਤ ਅਰਦਾਸ ਅਰਪਨ ਹੋਵੇ। ਇਸ ਸਮੇਂ ਨੂੰ ਤਾਬੜ ਤੋੜ ਸੰਮ੍ਹਾਲਿਆ ਗਿਆ। ਤੁਰੰਤ ਵੀਰ ਹੀਰਾ ਸਿੰਘ ਜੀ ਨੂੰ ਆਪਣੀ ਕੋਠੀ ਵਿਖੇ ਅੰਤਰ ਧਿਆਨ ਹੋ ਕੇ ਬੇਨਤੀ ਪ੍ਰਾਇਣ ਹੋਣ ਲਈ ਬਿਨੈ ਕੀਤੀ ਗਈ। ਏਧਰ ਆਪਣੀ ਕੋਠੜੀ ਵਿਚ ਦਾਸ ਭੀ ਉਨ੍ਹਾਂ ਦੀ ਨਮਿਤ ਗੁਪਤ ਅਰਦਾਸ ਵਿਚ ਜੁਟ ਗਿਆ। ਸਾਨੂੰ ਪਤਾ ਨਹੀਂ ਅਰਦਾਸ ਕਦੋਂ ਸਮਾਪਤ ਹੋਈ ਅਤੇ ਕਿਸ ਬਿਧ ਹੋਈ ਅਤੇ ਕਦੋਂ ਅਰ ਕਿਸ ਬਿਧ ਸੁਖਾਸਣੀ ਹੋਏ, ਖਬਰੇ ਹੋਏ ਕਿ ਨਾ ਹੋਏ। ਉਦੋਂ ਹੀ ਪਤਾ ਲੱਗਾ ਕਿ ਦੋ ਵਜੇ ਸਾਧੂ ਰਾਧਾ ਸਿੰਘ ਪਹਿਰਾ ਦੇਣ ਲਈ ਆਪ ਮੇਰੀ ਕੋਠੀ ਅੱਗੇ ਆਣ ਖਲੋਤੇ ਅਤੇ ਅਭਿਆਸ ਕਰਦੇ ਕਰਦੇ ਆਣ ਖਲੋਤੇ। ਕੀ ਦੇਖਦਾ ਹਾਂ ਕਿ ਉਹ ਸੁਆਸਾਂ ਨਾਲ ਅਭਿਆਸ ਕਰਦੇ ਹਨ। ਮੈਂ ਹੈਰਾਨ ਹੋ ਕੇ ਉਨ੍ਹਾਂ ਤੋਂ ਪੁਛਿਆ ਕਿ ਤੁਸੀਂ ਇਹ ਅਭਿਆਸ ਕਿਥੋਂ ਸਿਖਿਆ? ਉਨ੍ਹਾਂ ਆਖਿਆ, ਲਾਗਦੀ ਕੋਠੀ ਵਿਚ ਸਾਧੂ

ਹੀਰਾ ਸਿੰਘ ਜੀ ਪਏ ਇਸ ਬਿਧ ਹੀ ਸੁਆਸਾਂ ਨਾਲ ਅਭਿਆਸ ਕਰ ਰਹੇ ਹਨ ਅਤੇ ਚੁਫਾਲ ਪਏ ਹਨ। ਉਨ੍ਹਾਂ ਨੂੰ ਸੁਰਤ ਸੰਭਾਲ ਕੁਛ ਨਹੀਂ, ਮੈਂ ਤਾਂ ਉਨ੍ਹਾਂ ਦੀ ਨਕਲ ਹੀ ਕਰਦਾ ਹਾਂ। ਅਸਲੋਂ ਪਤਾ ਅਭਿਆਸ ਦਾ ਮੈਨੂੰ ਭੀ ਨਹੀਂ। ਦਾਸ ਨੇ ਸਤਿਨਾਮ ਆਖ ਕੇ ਇਸ਼ਨਾਨ ਦੇ ਤਿਆਰੇ ਕੀਤੇ ਅਤੇ ਰਾਧਾ ਸਿੰਘ ਜੀ ਨੂੰ ਆਖਿਆ ਕਿ ਜਾਓ ਹੀਰਾ ਸਿੰਘ ਜੀ ਨੂੰ ਜਾ ਕੇ ਸਾਵਧਾਨ ਕਰ ਦਿਓ ਤਾਕਿ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ। ਉਸ ਨੇ ਐਸਾ ਹੀ ਕੀਤਾ। ਲੱਗੀ ਸ੍ਰੀ ਸੁਖਮਨੀ ਸਾਹਿਬ ਦੀ ਧੁਨੀ ਗੂੰਜਣ। ਵੀਰ ਹੀਰਾ ਸਿੰਘ ਜੀ ਨੇ ਬੜੇ ਹੀ ਰੰਗਣ ਵਿਚ ਪਾਠ ਕੀਤਾ। ਚਾਹੇ ਪਾਠ ਉਨ੍ਹਾਂ ਦਾ ਅਸ਼ੁਧ ਸੀ, ਪ੍ਰੰਤੂ ਪ੍ਰੇਮ ਕਣੀ ਪ੍ਰੋਤਾ ਪਾਠ ਸਰੋਤਿਆਂ ਦੇ ਚਿੱਤ ਚੀਰੀ ਜਾਵਣੇ। ਸਾਧੂ ਰਾਧਾ ਸਿੰਘ ਦੀ ਬੂਹੇ ਮੂਹਰੇ ਬੈਠੇ ਦੀ ਹੀ ਸਮਾਧੀ ਲਗ ਗਈ। ਪਹਿਲੇ ਵਾਲਾ ਪਹਿਰ ਸੋਹਣਾ ਸਫਲਾ ਹੋਇਆ। ਦਿਵਸ ਚੜ੍ਹੇ ਤਾਈਂ ਆਤਮ ਰੰਗ ਬੱਝੇ ਰਹੇ। ਫੇਰ ਆ ਗਏ ਕੋਠੀਆਂ ਖੜਕਾਉਣ ਖੋਲ੍ਹਣ ਵਾਲੇ। ਕੋਠੀਆਂ ਖੋਲ੍ਹਣ ਦੀ ਦੇਰ ਸੀ ਕਿ ਵੀਰ ਹੀਰਾ ਸਿੰਘ ਜੀ ਧੜੰਮ ਕਰਕੇ ਮੇਰੇ ਖੁਰੜਿਆਂ ਉਤੇ ਡਿਗ ਪਏ। ਦਾਸ ਨੇ ਡਿੱਗਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਸੀਸ ਆਪਣੇ ਹੱਥਾਂ ਉਪਰ ਬੋਚ ਲਿਆ। ਦੇਖਾਂ ਤਾਂ ਤਿਉਲੀ ਤਿਉਲੀ ਹੋਏ ਵੇ ਹਨ ਅਤੇ ਮੁਖੋਂ ਧੰਨ ਧੰਨ ਅਤੇ ਵਾਹ ਵਾਹ ਦੀ ਧੁਨੀ ਆ-ਮੁਹਾਰੀ ਗੂੰਜ ਰਹੀ ਹੈ। ਧੰਨ ਗੁਰੂ, ਧੰਨ ਗੁਰਸਿੱਖੀ ਅਤੇ ਧੰਨ ਗੁਰਸਿੱਖਾਂ ਦੀਆਂ ਅਰਦਾਸਾਂ। ਏਵੇਂ ਜਿਵੇਂ ਆਖੀ ਜਾਣ ਅਤੇ ਆਖਣੋ ਹਟਣ ਨਾ। ਦਾਸ ਨੇ ਸਮਝ ਲਿਆ ਕਿ ਗੁਰੂ ਦੀ ਅਪਾਰ ਮੇਹਰ ਇਨ੍ਹਾਂ ਉਤੇ ਹੋ ਗਈ ਹੈ ਅਤੇ ਇਨ੍ਹਾਂ ਦਾ ਘਰ ਪੂਰਾ ਹੋ ਗਿਆ ਹੈ। ਇਸ ਦਾਤ ਨੂੰ ਸੰਭਾਲ ਕੇ ਰੱਖਣ ਤਾਂ ਅਹੋ ਭਾਗ! ਅਜੇ ਕਈ ਹਵਾਵਾਂ ਵਗਣੀਆਂ ਹਨ। ਦੂਜੀ ਰਾਤੇ ਭਾਈ ਹੀਰਾ ਸਿੰਘ ਜੀ ਨੇ ਅਤਿਅੰਤ ਕ੍ਰਿਤੱਗਤਾ ਰਸ ਵਿਚ ਪੂਰਤ ਹੋ ਕੇ ਇਸ ਬਿਧ ਮੇਰੇ ਪ੍ਰਤੀ ਉਚਾਰਨ ਕੀਤਾ ਕਿ-

ਵੀਰ ਰਣਧੀਰ ਸਿੰਘ ਜੀ! ਆਪ ਦੀ ਤੁਫੈਲ ਮੇਰੀ ਆਤਮ ਭੁੱਖ ਲੱਥੀ ਹੈ ਅਤੇ ਮੇਰੇ ਪ੍ਰਮਾਰਥੀ ਘਾਟੇ ਪੂਰੇ ਹੋਏ ਹਨ ਅਤੇ ਗੁਰਮਤਿ ਨਾਮ ਦੀ ਸੂਝ ਬੂਝ ਆਈ ਹੈ। ਸੂਝ ਬੂਝ ਹੀ ਨਹੀਂ ਨਾਮ ਦੀ ਝਰਨਾਟ ਇਕ ਅਗੰਮੀ ਮੇਰੇ ਰੋਮ ਰੋਮ ਅੰਦਰ ਆ ਮੁਹਾਰੀ ਹੀ ਫਿਰ ਗਈ। ਮੈਂ ਇਸ ਦੇ ਵਟਾਂਦਰੇ ਆਪ ਨੂੰ ਕੁਛ ਨਹੀਂ ਦੇ ਸਕਦਾ। ਨਾ ਮੇਰੇ ਕੋਲ ਕੋਈ ਅਜਿਹਾ ਪਦਾਰਥ ਹੈ ਜਿਸ ਦਾ ਵਟਾਂਦਰਾ ਇਸ ਪ੍ਰਮਾਰਥੀ ਪਦਾਰਥ ਦੇ ਕਿੰਚਤ ਮਾਤਰ ਤੁਲ ਭੀ ਹੋ ਸਕੇ। ਪਰ ਫੇਰ ਭੀ ਤੁਛ ਮਾਤਰ ਭੇਟਾ ਮੈਂ ਆਪ ਦੇ ਅੱਗੇ ਸਮਰਪਣ ਕਰਦਾ ਹਾਂ। ਜੇ ਕਬੂਲ ਹੋਵੇ ਤਾਂ ਮੇਰੇ ਅਹੋ ਭਾਗ। ਦਾਸ ਨੇ ਬੇਨਤੀ ਕੀਤੀ ਕਿ ਦਾਸ ਕੌਣ ਕੀਟ ਹੈ ਕਿਸੇ ਦਾ ਕੁਛ ਸਵਾਰ ਸਕੇ। ਕਰਮਾਂ ਦਾ ਅੰਕੁਰ ਹੈ ਜੋ ਇਥੇ ਆ ਕੇ ਅਤੇ ਇਸ ਕਰਤੇ ਦੀ ਬਣਤ ਬਣਾਇ ਰੱਖੀ ਵਿਉਂਤ ਅਨੁਸਾਰ ਹੀ ਉਦੈ ਹੋਣਾ ਸੀ। ਇਸ ਵਿਚ ਮੇਰਾ ਅਹਿਸਾਨ ਆਪ ਉਤੇ ਕੀ ਹੋ ਸਕਦਾ ਹੈ? ਅਰਦਾਸ ਬੇਨਤੀ ਕਰਨਾ ਗੁਰਸਿੱਖਾਂ ਦਾ ਪਰਮ ਧਰਮ ਹੈ। ਦਾਸ ਨੇ ਬਥੇਰੀਆਂ ਬੇਨਤੀਆਂ ਕੀਤੀਆਂ ਪਰ ਉਹ ਖਹਿੜੇ ਪਏ ਹੀ ਰਹੇ। ਓੜਕ ਉਨ੍ਹਾਂ ਮੈਨੂੰ ਆਪਣੀ ਗੱਲ ਸੁਣਨ ਨੂੰ ਮਜਬੂਰ ਕਰ ਹੀ ਲਿਆ। ਗੱਲ ਮੰਨਣ ਦੀ ਮਨਜ਼ੂਰੀ ਪ੍ਰਾਪਤ ਹੋਣ ਪਸਚਾਤ ਉਨ੍ਹਾਂ ਇਸ ਬਿਧ ਤੋਰਾ ਤੋਰਿਆ।

**ਸੋਨਾ ਬਣਾਉਣ ਦਾ ਨੁਸਖਾ** - ਭਾਈ ਸਾਹਿਬ ਜੀ! ਅੱਜ ਮੈਂ ਆਪ ਨੂੰ ਉਹ ਗੋਝ ਗੱਲ ਦਸਦਾ ਹਾਂ ਅਤੇ ਉਹ ਗੋਝ ਪਦਾਰਥ ਦਿੰਦਾ ਹਾਂ ਜੋ ਅੱਜ ਤਾਈਂ ਦਾਸ ਨੇ ਕਿਸੇ ਨੂੰ ਨਾ ਦੱਸਿਆ ਤੇ ਨਾ ਦਿਤਾ ਹੈ। ਮੈਂ ਇਸਨੂੰ ਆਪਣੇ ਸੀਨੇ ਵਿਚ ਨਹੀਂ ਲੈ ਜਾਣਾ ਚਾਹੁੰਦਾ। ਮੈਂ ਲੋਚਦਾ ਸਾਂ ਕਿ ਕੋਈ ਅਧਿਕਾਰੀ ਅਤੇ ਪਰਉਪਕਾਰੀ ਜਨ ਮਿਲੇ ਜੋ ਇਸ ਪਦਾਰਥ ਨੂੰ ਪਾਇਕੇ ਪਰ-ਉਪਕਾਰ ਉਤੇ ਲਾਵੇ ਅਤੇ ਲਲਚਾਵੇ ਨਾ। ਸੋ ਅੱਜ ਮੈਂ ਪੂਰਨ ਪਰੀਖਸ਼ਾ ਪਸਚਾਤ ਆਪ ਨੂੰ ਹੀ ਪੂਰਨ ਅਧਿਕਾਰੀ ਪੁਰਸ਼ ਮਨ ਬਚ ਕਰਮ ਕਰਕੇ ਜਾਤਾ ਹੈ। ਮੇਰੇ ਪਾਸ ਇਕ ਰਸਾਇਣ ਹੈ ਜੋ ਮੈਨੂੰ ਚੀਨ ਦੇ ਇਕ ਕੀਮੀਆ ਗਰ ਰਸਾਇਣੀ ਤੋਂ ਪ੍ਰਾਪਤ ਹੋਇਆ ਸੀ। ਇਸ ਰਸਾਇਣ ਦਵਾਰਾ ਹੀ ਮੈਂ ਲਾਖਾਂ ਪਤੀ ਹੋਇਆ ਹਾਂ। ਅਰਥਾਤ ਮੈਨੂੰ ਖਾਲਸ ਸੋਨਾ ਬਣਾਉਣ ਦੀ ਰਸਾਇਣ (ਕੀਮੀਆ) ਆਉਂਦੀ ਹੈ। ਦੋ ਚਾਰ ਮੁਜੱਰਬ ਨੁਸਖੇ ਮੈਂ ਆਪ ਦੀ ਭੇਟਾ ਕਰਦਾ ਹਾਂ ਜੋ ਪੱਥਰ ਉਤੇ ਲਕੀਰ ਹਨ, ਜਿਨ੍ਹਾਂ ਦਵਾਰਾ ਬਣਿਆ ਹੋਇਆ ਸੋਨਾ ਕੁਠਾਲੀ ਵਿਚ ਢਾਲਿਆ ਭੀ ਕੁੰਦਨ ਦਾ ਕੁੰਦਨ ਹੀ ਰਹੇਗਾ।

ਉਨ੍ਹਾਂ ਇਕ ਦੋ ਦਿਨਾਂ ਦੇ ਅੰਦਰ ਅੰਦਰ ਹੀ ਇਕ ਤੋਲਾ ਤਾਂਬਾ ਮੰਗਾ ਕੇ ਅਤੇ ਮੈਨੂੰ ਦਸੀ ਰਸਾਇਣ ਦਵਾਰਾ ਕੀਮੀਆ ਕਰਕੇ ਪ੍ਰਤੱਖ ਸੋਨਾ ਬਣਾ ਕੇ ਭੀ ਦਿਖਾ ਦਿਤਾ ਅਤੇ ਇਕ ਗੁਪਤ ਮੁਅਤਬਰ ਸੱਜਣ ਦਵਾਰਾ ਬਾਹਰ ਕੁਠਾਲੀਏ ਦੀ ਕਸੌਟੀ ਚਾੜ੍ਹ ਕੇ ਪਰਖਵਾ ਕੇ ਭੀ ਭੇਜ ਦਿਤਾ। ਉਹ ਬਾਰ੍ਹਾਂ ਵੰਨੀ ਕੰਚਨ (ਸੋਨਾ) ਹੀ ਰਿਹਾ। ਇਹ ਪ੍ਰਤੱਖ ਪ੍ਰਤੀਤ ਕਰਾਇ ਕੇ ਉਨ੍ਹਾਂ ਨੇ ਮੈਨੂੰ ਉਹ ਰਸਾਇਣੀ ਨੁਸਖੇ ਕੰਠ ਕਰਨ ਲਈ ਤਾਕੀਦ ਕੀਤੀ ਕਿਉਂਕਿ ਜੇਲ੍ਹ ਅੰਦਰ ਸਦੀਵ ਕਾਲ ਅਜਿਹੇ ਗੋਝ ਲਿਖਤੀ ਕਾਗਜ਼ ਮਹਿਫੂਜ਼ ਨਹੀਂ ਰਹਿ ਸਕਦੇ। ਮੈਂ ਉਨ੍ਹਾਂ ਦੀ ਪ੍ਰੀਤੀ ਪ੍ਰੇਰਨਾ ਦਾ ਪ੍ਰੇਰਿਆ ਹੋਇਆ ਲੱਗਾ ਉਕਤ ਰਸਾਇਣੀ ਨੁਸਖਿਆਂ ਨੂੰ ਕੰਠ ਕਰਨ। ਕੰਠ ਕੀ ਕਰਨ ਲੱਗਾ? ਬਿਖ ਬਿਹਾਜਣ ਲਗ ਪਿਆ। ਜਿਉਂ ਜਿਉਂ ਕੰਠ ਕਰਾਂ ਤਿਉਂ ਤਿਉਂ ਵਿਹੁ ਚੜ੍ਹਦੀ ਜਾਵੇ। ਬਿਖ ਬਿਹਾਜਣ ਦੇ ਵਹਿਣਾਂ ਵਿਚ ਰੁੜ੍ਹ ਤੁਰਿਆ। ਸ਼ੇਖ ਚਿਲੀ ਵਾਂਙੂੰ ਲੱਗਾ ਕਰੋੜਾਂਪਤੀ ਬਣਨ ਦੀਆਂ ਬਿਉਂਤਾਂ ਬਣਾਉਣ। ਪਰਉਪਕਾਰੀ ਬਣਨ ਦੀਆਂ ਮਤਸਰਾਂ ਦੀ ਗਠੜੀ ਭੀ ਬੰਨ੍ਹਣੀ ਅਰੰਭ ਦਿਤੀ। ਜਿਥੇ ਮੇਰਾ ਮਨ ਖਿਨ ਖਿਨ ਤੇ ਸੁਆਸ ਸੁਆਸ ਨਾਮ ਦੇ ਪਾਰਸ

ਚੰਦਨੀ ਜੋਤ ਰੰਗ ਵਿਚ ਖਿੜਿਆ ਅਤੇ ਰੰਗਿਆ ਰਹਿੰਦਾ ਸੀ ਅਤੇ ਰੋਮ ਰੋਮ ਜੋਤ ਵਿਗਾਸੀ ਤਰੰਗਾਂ ਵਿਚ ਸਫੁਟ ਹੋ ਕੇ "ਇਕ ਦੂ ਜੀਭੌ ਲਖ ਹੋਹਿ" ਅਤੇ ਲਖਾਂ ਲਖਬੀਸ ਹੋ ਕੇ ਇਕੀਸ ਹੋਣ ਦੀਆਂ ਪਤ ਪਵੜੀਆਂ ਉਤੇ ਚੜ੍ਹਿਆ ਰਹਿੰਦਾ ਸੀ, ਹੁਣ ਉਥੇ ਖਿਨ ਖਿਨ ਮਾਇਆ ਦੀ ਬਿਖ ਬਿਆਪ ਗਈ। ਮੇਰੀ ਸੁਰਤੀ ਬਿਰਤੀ ਉਖੜ ਗਈ। ਮੇਰਾ ਪਰੇਮ ਕਾਫੂਰ ਹੋ ਗਿਆ। ਨਾ ਬਾਣੀ ਨਾ ਨਾਮ ਅਭਿਆਸ, ਕੁਛ ਨ ਚੱਲੇ। ਮੈਂ ਫੋਕਾ ਜਿਹਾ ਹੋ ਗਿਆ। ਮੈਨੂੰ ਇਉਂ ਪ੍ਰਤੀਤ ਹੋਵੇ ਜਿਵੇਂ ਮੈਨੂੰ ਕੋਈ ਕੁਸ਼ਟ ਹੁੰਦਾ ਹੈ, ਸਚਮੁਚ–

***"ਜੈ ਤਨਿ ਬਾਣੀ ਵਿਸਰਿ ਜਾਇ॥***
***ਜਿਉ ਪਕਾ ਰੋਗੀ ਵਿਲਲਾਇ॥"***

***(ਧਨਾਸਰੀ ਮਃ੧, 661)***

ਵਾਲੇ ਗੁਰਵਾਕ ਦੀ ਘਟਨਾ ਘਟ ਗਈ। ਅਜ ਪਹਿਲਾ ਦਿਨ ਸੀ ਕਿ ਮੇਰੇ ਨਾਮ ਅਭਿਆਸ ਰੰਗਾਂ ਵਿਚ ਇਹ ਖਲਲ ਪਿਆ। ਅਜ ਪਹਿਲਾ ਦਿਨ ਸੀ ਕਿ ਮੇਰੀ ਆਤਮ ਬਿਰਤੀ ਇਸ ਬਿਧ ਉਚਾਟ ਹੋਈ। ਜਦੋਂ ਦੇ ਨਾਮ ਪਰਮਾਰਥੀ ਰੰਗ ਲਗੇ ਸਨ ਅਜ ਪਹਿਲਾ ਦਿਨ ਸੀ ਕਿ ਇਨ੍ਹਾਂ ਰੰਗਾਂ ਵਿਚ ਅਜੇਹਾ ਭਾਰੂ ਭੰਗ ਪਿਆ। ਮੈਨੂੰ ਉਹ ਸਾਰੀ ਰੈਣ ਗਿੱਟੀਆਂ ਗਿਣਦਿਆਂ ਨੂੰ ਹੀ ਬਤੀਤ ਹੋਈ। ਦਿਨ ਚੜ੍ਹਿਆ ਤਾਂ ਮੈਂ ਰਸਾਇਣ ਨੁਸਖੇ ਦਾ ਸੜਿਆ ਹੋਇਆ ਕੰਚਨੋਂ ਮਨੂਰ ਹੋ ਕੇ ਬਾਹਰ ਨਿਕਲਿਆ। ਅਤੇ ਜੇਲ੍ਹ ਮੇਟ ਨੇ ਦਾਲ ਭਾਜਾ ਧਰਨ ਨਮਿਤ ਅੰਗੀਠੀ ਧੁਖਾ ਕੇ ਮੇਰੇ ਸਾਹਮਣੇ ਧਰ ਦਿਤੀ। ਓਧਰ ਭਾਈ ਹੀਰਾ ਸਿੰਘ ਜੀ ਭੀ ਆਹੁਲਕੇ ਆਏ ਅਤੇ ਪੁੱਛਣ ਲੱਗੇ ਕਿ ਨੁਸਖਾ ਕੰਠ ਕਰ ਲਿਆ? ਮੈਂ ਨੁਸਖਾ ਕੱਢ ਕੇ ਜਲਦੀ ਅੰਗੀਠੀ ਵਿਚ ਸਿਟ ਦਿਤਾ ਅਤੇ ਪ੍ਰਚੰਡਕਾ ਦੀ ਭੇਟਾ ਕਰ ਦਿਤਾ। ਅਤੇ ਉਥੇ ਹੀ ਖਲੋਕੇ ਅਰਦਾਸਾ ਸੋਧ ਦਿਤਾ ਕਿ ਹੇ ਸਚੇ ਪਾਤਸ਼ਾਹ! ਪਿਛਲਾ ਅਪ੍ਰਾਧ ਖਿਮਾ ਕਰੀਂ ਅਤੇ ਅਗੇ ਨੂੰ ਇਸ ਕੌੜੇ ਰੋਗ ਨੂੰ ਨੇੜੇ ਨਾ ਆਉਣ ਦੇਈਂ। ਜੋ ਕੁਛ ਰਸਾਇਣੀ ਨੁਸਖੇ ਦਾ ਅੰਗ ਅੰਗ ਚੇਤੇ ਹੋਇਆ ਹੈ ਸੋ ਮੇਰੇ ਮਗਜ਼ ਵਿਚੋਂ ਮਿਟ ਜਾਵੇ ਅਤੇ ਸੁਪਨ ਮਾਤਰ ਭੀ ਚੇਤੇ ਨ ਆਵੇ' ਭਾਈ ਹੀਰਾ ਸਿੰਘ ਚਿਚਿਆ ਉਠੇ ਅਤੇ ਕਹਿਣ ਲੱਗੇ ਕਿ 'ਭਾਈ ਸਾਹਿਬ ਜੀ! ਆਪ ਨੇ ਇਹ ਬੜਾ ਗਜ਼ਬ ਕੀਤਾ। ਜਿਸ ਕੀਮੀਆ ਨੂੰ ਲਖਾਂ ਦੰਮਾਂ ਦੇ ਬਦਲੇ ਮੈਥੋਂ ਮੰਗਦੇ ਰਹੇ ਪਰ ਮੈਂ ਦਵਾਲ ਨਾ ਹੋਇਆ, ਜਿਸ ਕੀਮੀਆ ਨੂੰ ਵਡੇ ਵਡੇ ਧਨ ਪਾਤਰ ਲੋਕ ਅਤੇ ਵਡੇ ਵਡੇ ਲਖ ਲਖਸਮੀਏ ਜੌਹਰੀ ਬਚੇ ਤਰਸਦੇ ਮਰ ਗਏ ਪਰ ਕਿਸੇ ਦੇ ਹੱਥ ਨਾ ਆਇਆ, ਉਸ ਕੀਮੀਆ ਨੂੰ ਆਪ ਨੇ ਇਕ ਛਿਨ ਵਿਚ ਭਸਮਾ ਭੂਤ ਕਰ ਦਿੱਤਾ, ਮਾਨੋਂ ਇਕ ਨਾਯਾਬ ਖਜ਼ਾਨੇ ਨੂੰ ਅਜਾਈਂ ਹਥੋਂ ਗੰਵਾ ਦਿੱਤਾ। ਕੀ ਪਤਾ? ਫੇਰ ਦੱਸਣ ਦਾ ਅਵਸਰ ਮਿਲੇ ਯਾ ਨਾ ਮਿਲੇ। ਇਸ ਸਰੀਰ ਦਾ ਕੁਛ ਵਸਾਹ ਨਹੀਂ। ਨਾਲੇ ਰੋਜ਼ ਰੋਜ਼ ਇਹ ਇਕਾਂਤ ਮੇਲੇ ਜੇਲ ਵਿਚ ਕਿਤੇ ਧਰੇ ਪਏ ਹਨ? ਮੈਨੂੰ ਉਮੈਦ ਨਹੀਂ ਕਿ ਇਹ ਰਸਾਇਣ ਨੁਸਖੇ ਆਪ ਨੇ ਕੰਠ ਕੀਤੇ ਹੋਣ। ਕੋਈ ਇਕ ਅੱਧਾ ਹੀ ਕੀਤਾ ਹੋਣਾ ਹੈ, ਉਹ ਭੀ ਆਸ ਨਹੀਂ ਕਿ ਆਪ ਨੇ ਚੇਤੇ ਰਖਣ ਦੀ ਪ੍ਰਵਾਹ ਕੀਤੀ ਹੋਵੇ, ਕਿਉਂਕਿ ਆਪ ਦੀ ਚਿਤ ਉਪ੍ਰਾਮਤਾ ਜਨਾਂ ਨੂੰ ਉਪ੍ਰਾਮਤਾ ਦਸਦੀ ਹੈ ਕਿ ਇਸ ਖਲਜਗਣ ਵਿਚ ਪੈਣੋਂ ਉਕਤਾਉਂਦੇ ਹੋ। ਪ੍ਰਉਪਕਾਰੀ ਜਨਾਂ ਨੂੰ ਉਪ੍ਰਾਮਤਾ ਕਾਹਦੀ? ਤੁਸੀਂ ਕੋਈ ਨਿਜ ਲਾਭ ਲਾਹੇ ਲਈ ਲਾਲਚ ਦੇ ਅਧੀਨ ਹੋ ਕੇ ਥੋੜੇ ਇਸ ਨੂੰ ਵਰਤਣਾ ਹੈ? ਉਪਕਾਰ ਨਮਿਤ ਲੇਖੇ ਲਾਉਣਾ ਹੈ, ਆਉ ਅਜੇ ਭੀ ਉਪ੍ਰਾਮਤਾ ਛੱਡੋ, ਮੈਂ ਆਪ ਨੂੰ ਫੇਰ ਲਿਖਾਵੰਦਾ ਹਾਂ। ਅਜ ਰਾਤ ਫਿਰ ਲਿਖ ਲੈਣਾ। ਇਕ ਹਫਤੇ ਵਿਚ ਸਭ ਕੰਠ ਹੋ ਜਾਣਗੇ। ਮੈਂ ਨਿਤ ਸੁਣ ਕੇ ਇਮਤਿਹਾਨ ਲੈ ਲਿਆ ਕਰੂੰ।' ਮੈਂ ਭਾਈ ਬੀਰਾ ਸਿੰਘ ਜੀ ਨੂੰ ਆਖਿਆ ਕਿ 'ਭਾਈ ਸਾਹਿਬ ਜੀ! ਖਿਮਾ ਕਰਨਾ ਮੈਂ ਬੜਾ ਅਕ੍ਰਿਤਘਣ ਹਾਂ। ਆਪ ਨੇ ਆਪਣੀ ਉਸ ਨਾਯਾਬ ਵਸਤੂ ਨੂੰ ਮੇਰੇ ਪ੍ਰਤੀ ਨਿਛਾਵਰ ਕੀਤਾ ਕਿ ਜੋ ਆਪ ਆਪਣੇ ਕਿਸੇ ਅਜ਼ੀਜ਼ ਨਿਜ ਜਿਗਰ ਦੇ ਟੁਕੜੇ ਨੂੰ ਭੀ ਦੇਣੋ ਦਸਣੋਂ ਬੇ-ਨਿਮਾਜ਼ ਸੇ, ਪ੍ਰੰਤੂ ਮੈਂ ਇਸ ਦਾ ਗਾਹਕ ਨਹੀਂ ਸੀ।

***"ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥***
***ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥"***

ਆਪ ਮੈਥੋਂ ਬਧੇ ਰੁਧੇ ਤੋਂ ਉਪਕਾਰ ਕਰਾਉਣਾ ਚਾਹੁੰਦੇ ਸੀ ਸੋ ਸਿਰੇ ਨਾ ਚੜ੍ਹਿਆ, ਨਾ ਚੜ੍ਹਨਾ ਹੈ ਕਿਉਂਕਿ –

***"ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥***
***ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥"***

ਮੇਰੇ ਭਾ ਦਾ ਤਾਂ ਇਹ ਘਾਟੇ ਦਾ ਸੌਦਾ ਮੈਨੂੰ ਪ੍ਰਤੀਤ ਹੋਇਆ। ਅਜੇ ਰਸਾਇਣੀ ਨੁਸਖਾ ਹੀ ਲਿਖ ਪੜ੍ਹਕੇ ਘੋਖਣ ਲਗਿਆ ਸੀ ਕਿ ਮੇਰੀ ਸੁਰਤੀ ਬਿਰਤੀ ਨਪੀੜੀ ਜਾਣ ਲਗ ਪਈ, ਅਜੇਹਾ ਵਟ ਚੜ੍ਹੇ ਕਿ ਚਉੜ ਚੁਪੱਟ ਹੀ ਹੋਣ ਲਗੀ ਸੀ। ਜੇ ਮੈਂ ਕਿਤੇ ਰਸਾਇਣਬਾਜ਼ੀ ਦੀ ਖਲਜਗਣ ਵਿਚ ਪੈ ਜਾਂਦਾ ਤਾਂ ਇਸ ਪੰਕਜ ਕਰਨੀ ਵਿਚ ਨਿਘਰ ਜਾਣ ਵਾਲੀਆਂ ਹੀ ਸਹੇੜ ਬਿਉਂਤਾਂ ਸਨ। ਸਤਿਗੁਰੂ ਦੀ ਅਪਾਰ ਕ੍ਰਿਪਾ, ਹੋਈ ਕਿ ਨੇੜੇ ਹੀ ਮੋੜੇ ਪੈ ਗਏ, ਨਹੀਂ ਤਾਂ ਰੁੜ੍ਹ ਜਾਣ ਵਾਲੀਆਂ ਗੱਲਾਂ ਸਨ –

***"ਭਲੀ ਸਰੀ ਜਿ ਉਬਰੀ"***

ਪਰ ਭਾਈ ਹੀਰਾ ਸਿੰਘ ਜੀ ਮੇਰੀ ਇਕ ਨਹੀਂ ਸੁਣਦੇ ਸਨ। ਅਤੇ ਰਾਤ ਨੂੰ ਫੇਰ ਵਟ ਚੜ੍ਹਾਉਣ ਦੇ ਪੂਰੇ ਮਨਸੂਬੇ ਮਥੀ ਬੈਠੇ ਸਨ। ਪਰ ਰਾਤ ਨੂੰ ਐਸਾ ਭਾਣਾ ਵਰਤਿਆ ਕਿ ਅਸਾਡੀਆਂ ਕੋਠੀਆਂ ਤਕੜੀ ਵਿਥ ਤੇ ਦੂਰ ਦੂਰ ਕਰਕੇ ਅਸਾਨੂੰ ਬੰਦ ਕਰ ਦਿਤਾ ਗਿਆ ਜਿਥੇ ਨਾ ਕੋਈ ਆਵਾਜ਼ ਸੁਣੇ ਨਾ ਗਲ ਬਾਤ ਹੋ ਸਕੇ। ਸਤਿਗੁਰੂ ਆਪ ਸਹਾਈ ਹੋਏ। ਗਡਣ ਵਿਚੋਂ ਕਢਕੇ ਫੇਰ ਗਡਣ ਵਿਚ ਪੈਣ ਦਾ ਦਾਉ ਮੌਕਾ ਹੀ ਨਾ ਆਉਣ ਦਿਤਾ। ਇਸ ਬਿਧ ਰਸਾਇਣੀ ਰੋੜ੍ਹਾਂ ਵਿਚ ਰਖ ਬਚਾਉਣ ਦੀ ਸਤਿਗੁਰ ਨੇ ਆਪ ਰਖਿਆ

ਕੀਤੀ। ਦੂਜੇ ਦਿਨ ਹੀ ਹੋਰ ਸੁਣਾਉਣੀ ਸੁਣ ਲਈ। ਅਸਾਡੇ ਐਧਰ ਵਖ ਕਢੇ ਜਾਣ ਕਰਕੇ ਪ੍ਰੋਟੈਸਟ ਵਜੋਂ ਅਸਾਡੇ ਸਾਥੀਆਂ ਨੇ ਫੇਰ ਮੋਰਚੇ ਲਾ ਦਿਤੇ। ਕਾਰ ਅਹਾਰ ਦੋਹਾਂ ਦੀ ਹੜਤਾਲ ਕਰ ਦਿਤੀ। ਜੇਲ੍ਹ ਵਾਲਿਆਂ ਨੂੰ ਪਏ ਪਿੱਸੂ ਅਤੇ ਲੱਗੇ ਅਸਾਡੀ ਹੱਥੀਂ ਪੈਰੀਂ ਪੈਣ। ਓੜਕ ਏਸੇ ਗਲ ਤੇ ਨਿਬੜੀ ਤੇ ਅਸਾਨੂੰ ਵਾਪਸ ਲੈ ਜਾਣਾ ਪਿਆ। ਅਸੀਂ ਫੇਰ ਇਹ ਗੱਲ ਉਹਨਾਂ ਤੋਂ ਮੰਨਵਾਈ ਕਿ ਸਾਡੇ ਨਵੇਂ ਆਏ ਸੱਜਣਾਂ ਤੋਂ ਧੀਂਗੋ ਜੋਰੀ ਕੋਈ ਕੰਮ ਨਾ ਕਰਵਾਉਣ ਅਤੇ ਸਾਡੇ ਵਰਗੀ ਹੀ ਖਾਧ ਖ਼ੁਰਾਕ ਦੇਣ ਅਤੇ ਅਗੇ ਵਾਂਗੂੰ ਠੱਗੀ ਨਾ ਕਰਨ।

---

(ਪੰਨਾ 36 ਦੀ ਬਾਕੀ)

ਖਾਇਆ ਜਾਵੇ। ਜਲਦੀ ਹਜ਼ਮ ਹੋਣ ਵਾਲੇ ਭੋਜਨ ਲੈਣੇ ਚਾਹੀਦੇ ਹਨ। ਤਲੇ ਹੋਏ ਤੇ ਦੇਰ ਨਾਲ ਹਜ਼ਮ ਹੋਣ ਵਾਲੇ ਭੋਜਨਾਂ ਤੋਂ ਦੂਰ ਹੀ ਰਿਹਾ ਜਾਵੇ। ਬਹੁਤ ਮਸਾਲੇਦਾਰ ਭੋਜਨ ਭੀ ਨੁਕਸਾਨ ਦੇਹ ਸਾਬਤ ਹੁੰਦੇ ਹਨ। ਇਨ੍ਹਾਂ ਗੱਲਾਂ ਤੇ ਧਿਆਨ ਨਾ ਦੇਣਾ ਰੋਗਾਂ ਨੂੰ ਸੱਦਾ ਪੱਤਰ ਭੇਜਣ ਬਰਾਬਰ ਹੈ।

2. ਸ਼ਾਮ ਦਾ ਭੋਜਨ ਸੂਰਜ ਰਹਿੰਦੇ ਹੀ ਖਾ ਲੈਣਾ ਚਾਹੀਦਾ ਹੈ। ਇਸ ਮੌਸਮ ਵਿਚ ਗੰਨੇ ਦਾ ਰਸ ਦੁਕਾਨਾਂ ਤੋਂ ਲੈ ਕੇ ਬਿਲਕੁਲ ਨਾ ਪੀਤਾ ਜਾਵੇ। ਦੁੱਧ ਦਾ ਇਸਤੇਮਾਲ ਭੀ ਬਿਨਾਂ ਉਬਾਲੇ ਨਾ ਕੀਤਾ ਜਾਵੇ। ਰਿਹੜੀਆਂ ਤੇ ਵਿਕਣ ਵਾਲੀਆਂ ਖਾਣ ਦੀਆਂ ਵਸਤਾਂ ਤੇ ਬਿਨਾਂ ਢਕੀਆਂ ਮਿਠਾਈਆਂ ਆਦਿ ਖਾਣੀਆਂ ਪੈਸੇ ਦੇ ਕੇ ਬਿਮਾਰੀ ਮੁੱਲ ਲੈਣੀ ਹੈ ਤੇ ਸਿਹਤ ਦੀ ਬਰਬਾਦੀ ਅਲੱਗ ਹੁੰਦੀ ਹੈ।

3. ਸਰੀਰਕ ਸਫਾਈ ਦਾ ਖਾਸ ਖਿਆਲ ਰੱਖੋ। ਟਾਇਲਿਟ ਜਾ ਕੇ ਹੱਥ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ ਬਾਲ ਬੱਚਿਆਂ ਤੇ ਇਸ ਬਾਰੇ ਖਾਸ ਧਿਆਨ ਰੱਖਿਆ ਜਾਵੇ।

4. ਘਰ ਦਾ ਆਲਾ ਦੁਆਲਾ ਸਾਫ ਰੱਖੋ। ਨਾਲੀਆਂ ਸਾਫ ਰੱਖੋ ਤੇ ਫਿਨਾਇਲ ਆਦਿ ਦਾ ਇਸਤੇਮਾਲ ਨਾਲੀਆਂ ਸਾਫ ਕਰਨ ਲਈ ਜ਼ਰੂਰੀ ਹੈ।

5. ਪੀਣ ਵਾਲੇ ਪਾਣੀ ਦਾ ਖਾਸ ਖਿਆਲ ਰੱਖੋ। ਕਦੇ ਭੀ ਦੂਸ਼ਿਤ ਜਲ ਦਾ ਇਸਤੇਮਾਲ ਨਾ ਕਰੋ। ਜੇਕਰ ਕੋਈ ਬਰਸਾਤੀ ਬਿਮਾਰੀ ਦੇ ਲਾਗੇ ਪਾਸੇ ਸ਼ਿਕਾਇਤ ਹੈ ਤਾਂ ਜ਼ਰੂਰੀ ਹੈ ਕਿ ਪਾਣੀ ਉਬਾਲ ਕੇ ਠੰਢਾ ਕਰਕੇ ਹੀ ਪੀਓ।

6. ਘਰ ਵਿਚ ਖਾਣ ਪੀਣ ਦੀਆਂ ਵਸਤਾਂ ਢੱਕ ਕੇ ਰੱਖੋ ਤੇ ਮੱਖੀਆਂ ਤੋਂ ਬਚਾਓ ਰੱਖੋ। ਜੇ ਉਪਰ ਲਿਖੀਆਂ ਗੱਲਾਂ ਤੇ ਧਿਆਨ ਦਿਓਗੇ ਤਾਂ ਬੀਮਾਰੀਆਂ ਤੋਂ ਬਚਾਓ ਰਹੇਗਾ ਤੇ ਵਰਖਾ ਰੁੱਤ ਸੁਹਾਵਣੀ ਲੱਗੇਗੀ।

(ਪੰਨਾ 18 ਦੀ ਬਾਕੀ)

ਉਪਨਿਸ਼ਦ ਸਭ ਤੋਂ ਪੁਰਾਣੇ ਉਹ ਗ੍ਰੰਥ ਹਨ ਜਿਨ੍ਹਾਂ ਵਿਚ ਪੂਰਨ ਗਿਆਨ ਹੈ। ਉਪਨਿਸ਼ਦਾਂ ਵਿਚ ਲਿਖਿਆ ਹੈ, ਹੇ ਮਨੁੱਖ ਜੇ ਤੂੰ ਆਪਣੇ ਅੰਦਰ ਦੀ ਤਾਕਤ ਨੂੰ ਜਾਣ ਲਵੇਂ ਤਾਂ ਤੂੰ ਆਪ ਰੱਬ ਹੈਂ। ਜੇ ਤੂੰ ਅਜੇ ਇਹ ਨਹੀਂ ਸਮਝਿਆ ਕਿ ਤੂੰ ਕੌਣ ਹੈਂ, ਤਾਂ ਤੂੰ ਅਜੇ ਪਸ਼ੂ ਹੈਂ ਜੇ ਤੈਨੂੰ ਥੋੜ੍ਹਾ ਬਹੁਤ ਗਿਆਨ ਹੋ ਜਾਵੇ ਤੂੰ ਕੌਣ ਹੈਂ, ਉਦੋਂ ਤੂੰ ਮਨੁੱਖ ਹੈਂ।

ਤੁਹਾਡੇ ਕੋਲ ਇਹ ਤਿੰਨੋ ਗੁਣ ਹਨ, ਦੈਵੀ, ਮਨੁੱਖੀ ਤੇ ਪਸ਼ੂ। ਜਦੋਂ ਤੁਹਾਡੇ ਅੰਦਰ ਪਸ਼ੂ ਬਿਰਤੀ ਹੁੰਦੀ ਹੈ ਤਾਂ ਤੁਸੀਂ ਬੱਚੇ ਭੁੱਲ ਜਾਂਦੇ ਹੋ, ਪਤੀ ਪਤਨੀ ਨੂੰ ਭੁੱਲ ਜਾਂਦੇ ਹੋ ਦੋਸਤਾਂ ਮਿਤਰਾਂ ਨੂੰ ਭੁੱਲ ਜਾਂਦੇ ਹੋ, ਤੁਸੀਂ ਬਿਲਕੁਲ ਜੰਗਲੀ ਬਣ ਜਾਂਦੇ ਹੋ, ਆਪਣੀਆਂ ਜ਼ਿੰਮੇਵਾਰੀਆਂ ਭੁੱਲ ਜਾਂਦੇ ਹੋ, ਰਿਸ਼ਤੇ ਭੁਲ ਜਾਂਦੇ ਹੋ। ਜਦੋਂ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਭੁੱਲ ਜਾਂਦੇ ਹੋ ਇਸ ਤੋਂ ਭਾਵ ਹੈ ਤੁਸੀਂ ਆਪਣੇ ਅੰਦਰ ਨਾਲੋਂ ਟੁੱਟ ਜਾਂਦੇ ਹੋ, ਤੁਹਾਡੇ ਅੰਦਰ ਦੀਆਂ ਬਹੁਤ ਸਾਰੀਆਂ ਪਰਤਾਂ ਹਨ, ਬਹੁਤ ਸਾਰੇ ਸਤਰ ਹਨ।

***'ਚਲਦਾ'***

---

(ਪੰਨਾ 43 ਦੀ ਬਾਕੀ)

ਮਹਾਰਾਜ ਜੀ ਕਹਿੰਦੇ, "ਨਿੰਗਰਾ! ਕੀ ਗੱਲ ਹੈ?"

ਕਹਿੰਦਾ, "ਮਹਾਰਾਜ! ਬਾਣੀ ਨੇ ਬਾਣ ਮਾਰਿਆ ਮੈਥੋਂ ਸਹਿ ਨਹੀਂ ਹੁੰਦਾ।"

ਮਹਾਰਾਜ ਜੀ ਕਹਿੰਦੇ, "ਕਿਸ ਤਰ੍ਹਾਂ?"

ਜਦੋਂ ਉਸ ਨੇ ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਕਹਿੰਦੇ ਇਹ ਤਾਂ ਉਤਮ ਜਗਿਆਸੂ ਹੈ, ਸਾਡੇ ਨਾਲ ਪਿਛਲੇ ਸਮੇਂ ਦੇ ਵਿਚ ਰਿਹਾ ਹੋਇਆ ਹੈ ਤੇ ਕਿਸੇ ਕਰਮ ਕਰਕੇ ਰਹਿ ਗਿਆ ਸੀ ਤੇ ਹੁਣ ਇਸ ਨੂੰ ਜਾਗ ਆ ਗਈ ਪਿਆਰਿਓ! ਹੁਣ ਤੁਸੀਂ ਜਾਓ ਘਰਾਂ ਨੂੰ, ਅਸੀਂ ਆਪੇ ਹੀ ਇਸ ਨੂੰ ਸਮਝਾ ਦਿਆਂਗੇ।

ਸੋ ਬਾਣੀ ਸੁਚੇਤ ਹੋ ਕੇ ਸੁਣੋ। ਬਹੁਤੀ ਸੁਣੋ ਚਾਹੇ ਥੋੜ੍ਹੀ ਸੁਣੋ, ਕੁਝ ਚੀਜ਼ ਹਿਰਦੇ ਦੇ ਅੰਦਰ ਵਸਾਓ। ਮਹਾਰਾਜ ਜੀ ਨੇ ਕਿਹਾ ਹੈ ਕਿ ਮਾਨਸ ਜਨਮ ਵੱਡੇ ਪੁੰਨਾਂ ਦੇ ਨਾਲ ਪ੍ਰਾਪਤ ਹੋਇਆ ਹੈ ਤੇ ਇਸ ਦੇ ਵਿਚ ਜਿਹੜੀ ਪ੍ਰਾਪਤੀ ਕਰਨੀ ਹੈ ਉਹ ਗੁਰਮੁਖ ਨੂੰ ਮਿਲ ਕੇ ਪ੍ਰਾਪਤ ਹੋਣੀ ਹੈ, ਸਤਿਸੰਗਤ ਵਿਚ ਆ ਕੇ ਪ੍ਰਾਪਤ ਹੋਣੀ ਹੈ, ਨਾਮ ਜਪਣ ਦੇ ਨਾਲ ਪ੍ਰਾਪਤ ਹੋਣੀ ਹੈ, ਫੇਰ ਸਾਡਾ ਜਨਮ ਸਫਲਾ ਹੋਣਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਜ਼ਰੂਰੀ ਸੂਚਨਾ

ਮਹਾਂਪੁਰਸ਼ਾਂ ਦੀ ਅਭੁੱਲ ਯਾਦ ਅਤੇ ਦੂਜੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2003 ਦਿਨ ਵੀਰਵਾਰ, ਸ਼ੁਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਨੂੰ ਚੇਅਰਪਰਸਨ ਸਤਿਕਾਰਤ ਬੀਜੀ (ਬੀਬੀ ਰਣਜੀਤ ਕੌਰ ਜੀ) ਦੀ ਸਰਪ੍ਰਸਤੀ ਹੇਠ ਹੋ ਰਹੇ ਹਨ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਹਾਜ਼ਰੀਆਂ ਭਰਨਗੇ। ਪੰਜਾਬ ਅਤੇ ਹੋਰ ਪ੍ਰਦੇਸਾਂ ਤੋਂ ਅਧਿਆਤਮਵਾਦੀ ਸੰਤ ਮਹਾਂਪੁਰਸ਼, ਸਾਧੂ ਜਨ, ਕੀਰਤਨੀ ਅਤੇ ਢਾਡੀ ਜੱਥੇ ਅਤੇ ਵਿਦਵਾਨ ਪੁਰਸ਼ ਗੁਰਬਾਣੀ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੇਮੀ ਜਨ ਸਮੇਂ ਸਿਰ ਪੁੱਜਣ ਦੀਆਂ ਤਿਆਰੀਆਂ ਕਰ ਲੈਣ ਜੀ।

# ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਇਥੋਂ ਕੱਟ ਕੇ ਭੇਜੋ ਜੀ)

## Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name.........................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.........................................................

.........................................................

.........................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 7, 14, 21, 28 ਸਤੰਬਰ।

**ਸੰਗਰਾਂਦ** – 17 ਸਤੰਬਰ, ਦਿਨ ਬੁੱਧਵਾਰ।

**ਪੂਰਨਮਾਸ਼ੀ** – 10 ਸਤੰਬਰ, ਦਿਨ ਬੁੱਧਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## For more information

**please visit us on internet at -**

http://www.atammarg.org

&

http://www.atammarg.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888-255002**

**01888-255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** – 01888-255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** – 01888-255005, 255006. 255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** – 98142-80259